PUNJABSTAR.COM

# ਪੰਜਾਬ ਸਟਾਰ

Phone: 905-673-7666 , Fax: 1-289-206-8611 | 06 ਨਵੰਬਰ ਤੋਂ 12 ਨਵੰਬਰ, 2025 | Email :- editor@punjabstar.com, Vo. 20. Issue:1210


# ਕੈਨੇਡਾ ਸਰਕਾਰ ਨੇ ਘਟਾਇਆ ਅਸਥਾਈ ਨਿਵਾਸੀਆਂ ਦਾ ਬਜਟ

## ਸਿਰਫ਼ 385,000 ਅਸਥਾਈ ਨਿਵਾਸੀਆਂ ਨੂੰ ਦਾਖ਼ਲ ਕਰਨ ਦਾ ਟੀਚਾ



(ਪੰਜਾਬ ਸਟਾਰ ਬਿਊਰੋ): ਫੈਡਰਲ ਸਰਕਾਰ ਅਗਲੇ ਕੁਝ ਸਾਲਾਂ ਵਿੱਚ ਕੈਨੇਡਾ ਵਿੱਚ ਆਉਣ ਵਾਲੇ ਅਸਥਾਈ ਨਿਵਾਸੀਆਂ ਦੀ ਗਿਣਤੀ ਨੂੰ ਕਾਫ਼ੀ ਘਟਾ ਰਹੀ ਹੈ। ਮੰਗਲਵਾਰ ਦੇ ਬਜਟ ਵਿੱਚ ਅੰਕੜਿਆਂ ਅਨੁਸਾਰ, ਕੈਨੇਡਾ ਅਗਲੇ ਸਾਲ ਸਿਰਫ਼ 385,000 ਅਸਥਾਈ ਨਿਵਾਸੀਆਂ ਨੂੰ ਦਾਖਲ ਕਰਨ ਦਾ ਟੀਚਾ ਰੱਖੇਗਾ – ਜੋ ਕਿ 2025 ਦੇ ਟੀਚੇ ਤੋਂ ਲਗਭਗ 43 ਪ੍ਰਤੀਸ਼ਤ ਘੱਟ ਹੈ ਅਤੇ ਅਗਲੇ ਦੋ ਸਾਲਾਂ ਵਿੱਚ 370,000 ਹੋ ਜਾਣਗੇ।

2026 ਦਾ ਟੀਚਾ ਪਿਛਲੇ ਸਾਲ ਜਾਰੀ ਕੀਤੀ ਗਈ ਇਮੀਗ੍ਰੇਸ਼ਨ ਯੋਜਨਾ ਦੇ ਮੁਕਾਬਲੇ ਲਗਭਗ ਇੱਕ ਚੌਥਾਈ ਘੱਟ ਹੈ, ਜਿਸ ਵਿੱਚ ਕਿਹਾ ਗਿਆ ਸੀ ਕਿ ਕੈਨੇਡਾ 516,000 ਤੋਂ *ਬਾਕੀ ਸਫ਼ਾ 2 'ਤੇ

# ਤੂਫ਼ਾਨ ਕਾਲਮਾਈਗੀ ਨੇ ਮਚਾਈ ਤਬਾਹੀ

## ਫਿਲੀਪੀਨਜ਼ 'ਚ 85 ਲੋਕਾਂ ਦੀ ਮੌਤ, 75 ਲਾਪਤਾ



(ਪੰਜਾਬ ਸਟਾਰ ਬਿਊਰੋ): ਮੱਧ ਫਿਲਪੀਨਜ਼ ਵਿੱਚ ਕਾਲਮੇਗੀ ਤੂਫ਼ਾਨ ਕਾਰਨ 85 ਲੋਕਾਂ ਦੀ ਮੌਤ ਹੋਈ ਹੈ ਜਦੋਂ ਕਿ 75 ਹੋਰ ਲਾਪਤਾ ਹਨ। ਅਧਿਕਾਰੀਆਂ ਨੇ ਦੱਸਿਆ ਕਿ ਜ਼ਿਆਦਾਤਰ ਲੋਕਾਂ ਦੀ ਮੌਤ ਭਿਆਨਕ ਹੜ੍ਹ ਵਿੱਚ ਫਸਣ ਅਤੇ ਤੇਜ਼ ਵਹਾਅ ਵਿੱਚ ਰੁੜ੍ਹਨ ਕਾਰਨ ਹੋਈ ਹੈ। ਫ਼ੌਜ ਨੇ ਦੱਸਿਆ ਕਿ ਮਰਨ ਵਾਲਿਆਂ ਵਿੱਚ ਛੇ ਰਾਹਤ ਕਰਮੀ ਵੀ ਸ਼ਾਮਲ ਹਨ। ਸਭ ਤੋਂ ਵੱਧ ਨੁਕਸਾਨ ਸੇਬੂ ਸੂਬੇ ਵਿੱਚ ਹੋਇਆ, ਜੋ ਕਿ ਹਾਲ ਹੀ ਵਿੱਚ ਆਏ ਭਿਆਨਕ ਭੂਚਾਲ ਤੋਂ ਅਜੇ ਵੀ ਉਭਰ ਰਿਹਾ ਸੀ। ਅਧਿਕਾਰੀਆਂ ਨੇ ਦੱਸਿਆ ਕਿ ਭਾਰੀ ਮੀਂਹ ਅਤੇ ਹੜ੍ਹ ਕਾਰਨ ਬਹੁਤ ਸਾਰੇ ਲੋਕ ਆਪਣੇ ਘਰਾਂ ਦੀਆਂ ਛੱਤਾਂ 'ਤੇ ਫਸ ਗਏ ਹਨ। ਰੈੱਡ ਕਰਾਸ ਨੂੰ ਮਦਦ ਮੰਗਣ ਵਾਲੇ ਲੋਕਾਂ ਦੇ ਸੈਂਕੜੇ ਫੋਨ ਆਏ ਹਨ।

ਸੇਬੂ ਦੀ ਗਵਰਨਰ ਪਾਮੇਲਾ ਬਾਰੀਕੁਆਟਰੋ ਨੇ ਕਿਹਾ, "ਅਸੀਂ ਬਚਾਅ ਲਈ ਸਾਰੀਆਂ ਜ਼ਰੂਰੀ ਤਿਆਰੀਆਂ ਕਰ ਲਈਆਂ ਸਨ, ਪਰ ਅਚਾਨਕ ਆਏ ਹੜ੍ਹਾਂ ਨੇ ਸਭ ਕੁਝ ਬਦਲ ਦਿੱਤਾ।" ਉਨ੍ਹਾਂ ਨੇ ਇਹ ਵੀ ਸਵੀਕਾਰ ਕੀਤਾ ਕਿ ਲੰਬੇ ਸਮੇਂ ਦੀ ਮਾਈਨਿੰਗ ਅਤੇ ਮਾੜੇ ਹੜ੍ਹ ਨਿਯੰਤਰਣ ਪ੍ਰੋਜੈਕਟਾਂ ਨੇ ਸਥਿਤੀ ਨੂੰ ਹੋਰ ਵਿਗਾੜ ਦਿੱਤਾ ਹੈ। *ਬਾਕੀ ਸਫ਼ਾ 2 'ਤੇ

## ਲੋਕਲ ਟ੍ਰੇਨ ਤੇ ਮਾਲਗੱਡੀ ਦੀ ਭਿਆਨਕ ਟੱਕਰ

### 11 ਮੌਤਾਂ ਤੇ ਡੱਬਿਆਂ 'ਚ ਫਸੇ ਕਈ ਯਾਤਰੀ



ਬਿਲਾਸਪੁਰ, (ਪੰਜਾਬ ਸਟਾਰ ਬਿਊਰੋ): ਛੱਤੀਸਗੜ੍ਹ ਦੇ ਬਿਲਾਸਪੁਰ ਰੇਲਵੇ ਸਟੇਸ਼ਨ ਨੇੜੇ ਮੰਗਲਵਾਰ (4 ਨਵੰਬਰ) ਨੂੰ ਇੱਕ ਲੋਕਲ ਯਾਤਰੀ ਰੇਲਗੱਡੀ ਅਤੇ ਮਾਲ ਗੱਡੀ 'ਚ ਹੋਈ ਭਿਆਨਕ ਟੱਕਰ ਵਿੱਚ 11 ਵਿਅਕਤੀਆਂ ਦੀ ਜਾਨ ਚਲੀ ਗਈ ਅਤੇ 14 ਹੋਰ ਜ਼ਖਮੀ ਹੋ ਗਏ। *ਬਾਕੀ ਸਫ਼ਾ 2 'ਤੇ

# ਅਮਰੀਕਾ ਦੇ ਕੇਂਟਕੀ 'ਚ UPS ਕਾਰਗੋ ਜਹਾਜ਼ ਹੋਇਆ ਹਾਦਸਾਗ੍ਰਸਤ

## ਕਰੀਬ 7 ਲੋਕਾਂ ਦੀ ਮੌਤ, ਕਈ ਜ਼ਖਮੀ



(ਪੰਜਾਬ ਸਟਾਰ ਬਿਊਰੋ): ਅਮਰੀਕਾ ਦੇ ਕੇਂਟਕੀ ਵਿੱਚ ਲੂਈਸਵਿਲ ਮੁਹੰਮਦ ਅਲੀ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਹੋਏ ਇੱਕ ਜਹਾਜ਼ ਹਾਦਸੇ ਦਾ ਇੱਕ ਭਿਆਨਕ ਦ੍ਰਿਸ਼ ਸਾਹਮਣੇ ਆਇਆ ਹੈ। ਮੰਗਲਵਾਰ ਸ਼ਾਮ ਨੂੰ ਲੁਈਸਵਿਲ ਮੁਹੰਮਦ ਅਲੀ ਅੰਤਰਰਾਸ਼ਟਰੀ ਹਵਾਈ ਅੱਡੇ ਤੋਂ ਉਡਾਣ ਭਰਨ ਤੋਂ ਕੁਝ ਸਕਿੰਟਾਂ ਬਾਅਦ ਹੀ ਇੱਕ ਯੂਪੀਐਸ ਕਾਰਗੋ ਜਹਾਜ਼ ਹਾਦਸਾਗ੍ਰਸਤ ਹੋ ਗਿਆ, ਜਿਸ ਵਿੱਚ ਕਰੀਬ 7 ਲੋਕ ਮਾਰੇ ਗਏ। ਹਾਦਸੇ ਤੋਂ ਬਾਅਦ, ਅੱਗ ਦੀਆਂ ਲਪਟਾਂ ਉੱਠੀਆਂ ਅਤੇ ਆਲੇ ਦੁਆਲੇ ਦੇ ਖੇਤਰਾਂ ਵਿੱਚ ਫੈਲ ਗਈਆਂ।

ਜਹਾਜ਼ ਵਿੱਚ ਲਗਭਗ 250,000 ਗੈਲਨ ਬਾਲਣ ਸੀ, ਜਿਸ ਕਾਰਨ ਅੱਗ ਤੇਜ਼ੀ ਨਾਲ ਫੈਲ ਗਈ। ਫੈਡਰਲ ਏਵੀਏਸ਼ਨ ਐਡਮਿਨਿਸਟ੍ਰੇਸ਼ਨ (ਐਫਏਏ) ਦੇ ਅਨੁਸਾਰ, ਯੂਪੀਐਸ ਐਮਡੀ-11 ਜਹਾਜ਼ ਕੈਂਟਕੀ ਦੇ *ਬਾਕੀ ਸਫ਼ਾ 2 'ਤੇ

# PU ਸੈਨੇਟ ਭੰਗ ਕਰਨ ਦਾ ਨੋਟੀਫਿਕੇਸ਼ਨ ਰੱਦ

## ਭਾਰੀ ਵਿਰੋਧੀ ਵਿਚਾਲੇ ਕੇਂਦਰ ਸਰਕਾਰ ਨੇ ਵਾਪਸ ਲਿਆ ਫ਼ੈਸਲਾ, 'ਵਿਦਿਆਰਥੀਆਂ ਦੇ ਸੰਘਰਸ਼ ਦੀ ਜਿੱਤ'





ਚੰਡੀਗੜ੍ਹ, (ਪੰਜਾਬ ਸਟਾਰ ਬਿਊਰੋ): ਪੰਜਾਬ ਯੂਨੀਵਰਸਿਟੀ ਚੰਡੀਗੜ੍ਹ 'ਚ ਸੈਨੇਟ ਅਤੇ ਸਿੰਡੀਕੇਟ ਨੂੰ ਕੇਂਦਰ ਸਰਕਾਰ ਨੇ 28 ਅਕਤੂਬਰ ਨੂੰ ਭੰਗ ਕਰ ਦਿੱਤਾ ਸੀ। ਜਿਸ 'ਤੇ ਹੁਣ ਕੇਂਦਰ ਸਰਕਾਰ ਬੈਕ ਫੁੱਟ 'ਤੇ ਆ ਗਈ ਹੈ। ਕੇਂਦਰ ਸਰਕਾਰ ਨੇ ਹੋ ਰਹੇ ਭਾਰੀ ਵਿਰੋਧ ਵਿਚਾਲੇ ਆਪਣਾ ਫੈਸਲਾ ਵਾਪਸ ਲੈ ਲਿਆ ਹੈ। ਕੇਂਦਰੀ ਸਿੱਖਿਆ ਮੰਤਰਾਲੇ ਨੇ ਇਸ ਸਬੰਧੀ ਇੱਕ ਹੋਰ ਨੋਟੀਫਿਕੇਸ਼ਨ ਜਾਰੀ ਕਰਕੇ ਕਿਹਾ ਸੀ ਕਿ ਅਸੀਂ ਪੰਜਾਬ ਯੂਨੀਵਰਸਿਟੀ ਦੀ ਸੈਨੇਟ ਅਤੇ ਸਿੰਡੀਕੇਟ ਨੂੰ ਭੰਗ ਕਰਨ ਦੇ ਆਪਣੇ ਫੈਸਲੇ ਨੂੰ ਵਾਪਸ ਲੈ ਰਹੇ ਹਾਂ। ਕੇਂਦਰ ਸਰਕਾਰ ਦੇ ਪੁਰਾਣੇ ਫੈਸਲਾ ਦਾ ਪੂਰੇ ਪੰਜਾਬ ਵਿੱਚ ਵਿਰੋਧ ਹੋ ਰਿਹਾ ਸੀ।

ਸੈਨੇਟ ਅਤੇ ਸਿੰਡੀਕੇਟ ਨੂੰ ਭੰਗ ਕਰਨ ਦੇ ਫੈਸਲਾ ਨੂੰ ਵਾਪਸ ਵਿਦਿਆਰਥੀ ਯੂਨੀਅਨਾਂ ਅਤੇ ਵੱਖ-ਵੱਖ ਰਾਜਨੀਤਿਕ ਨੇਤਾਵਾਂ ਦੇ ਕਈ ਵਿਰੋਧ ਪ੍ਰਦਰਸ਼ਨਾਂ ਤੋਂ ਬਾਅਦ ਲਿਆ ਗਿਆ। ਓਧਰ ਆਮ ਆਦਮੀ ਪਾਰਟੀ ਨੇ ਇਸ ਨੂੰ ਵਿਦਿਆਰਥੀਆਂ ਦੇ ਸੰਘਰਸ਼ ਦੀ ਵੱਡੀ ਜਿੱਤ ਕਰਾਰ ਦਿੱਤਾ ਹੈ।

**ਯੂਨੀਵਰਸਿਟੀ ਬਚਾਓ ਮੋਰਚੇ ਦਾ ਗਠਨ**

ਪੀਯੂ ਵਿੱਚ ਸੈਨੇਟ ਅਤੇ ਸਿੰਡੀਕੇਟ ਭੰਗ ਕਰਨ ਦੇ ਵਿਰੋਧ ਵਿੱਚ ਯੂਨੀਵਰਸਿਟੀ ਬਚਾਓ ਮੋਰਚੇ ਦਾ ਗਠਨ ਕੀਤਾ ਗਿਆ ਸੀ। ਇਸ ਮੋਰਚੇ ਵਿੱਚ ਵੱਖ-ਵੱਖ ਵਿਦਿਆਰਥੀ ਯੂਨੀਅਨਾਂ ਦੇ ਆਗੂ ਸ਼ਾਮਲ ਸਨ। *ਬਾਕੀ ਸਫ਼ਾ 2 'ਤੇ

# ਕੈਨੇਡਾ 'ਚ ਵਿਦੇਸ਼ੀਆਂ ਲਈ ਸਿਆਸੀ ਸ਼ਰਨ ਲੈਣੀ ਹੋਵੇਗੀ ਔਖੀ




ਟੋਰਾਂਟੋ, (ਪੰਜਾਬ ਸਟਾਰ ਬਿਊਰੋ): ਕੈਨੇਡਾ ਵਿਖੇ ਵਿਦੇਸ਼ੀਆਂ ਲਈ ਆਪਣੇ ਦੇਸ਼ਾਂ ਵਿਚ ਜਾਨ ਨੂੰ ਖਤਰਾ ਦੱਸ ਕੇ ਸ਼ਰਨ ਅਪਲਾਈ ਕਰਨਾ ਔਖਾ ਕੀਤਾ ਜਾ ਰਿਹਾ ਹੈ। ਦੇਸ਼ ਦੀ ਇੰਮੀਗੇਸ਼ਨ ਮੰਤਰੀ ਲੀਨਾ *ਬਾਕੀ ਸਫ਼ਾ 2 'ਤੇ

# ਸਿੱਖ ਫ਼ੌਜੀਆਂ ਦੀ ਕੁਰਬਾਨੀ ਨੂੰ ਸਮਰਪਿਤ ਕੈਨੇਡਾ ਸਰਕਾਰ ਵੱਲੋਂ ਡਾਕ ਟਿਕਟ ਜਾਰੀ




ਓਟਾਵਾ, (ਪੰਜਾਬ ਸਟਾਰ ਬਿਊਰੋ): ਓਂਟਾਰੀਓ ਵਿਚ ਇਕ ਸਮਾਰੋਹ ਦੌਰਾਨ ਕੈਨੇਡਾ ਸਰਕਾਰ ਵਲੋਂ ਸਿੱਖ ਫ਼ੌਜੀਆਂ ਦਾ ਸਨਮਾਨ ਕਰਦੇ ਹੋਏ ਇਕ ਨਵੀਂ ਕੈਨੇਡਾ ਪੋਸਟ ਯਾਦਗਾਰੀ ਦਿਵਸ ਡਾਕ ਟਿਕਟ ਜਾਰੀ ਕੀਤੀ ਗਈ ਹੈ। 18ਵੇਂ ਸਾਲਾਨਾ ਸਿੱਖ ਯਾਦਗਾਰੀ ਦਿਵਸ ਸਮਾਰੋਹ ਦੌਰਾਨ ਪਹਿਲੀ ਵਾਰ ਸਿੱਖ-ਕੈਨੇਡੀਅਨ ਫ਼ੌਜੀਆਂ ਦੇ ਯੋਗਦਾਨ ਦਾ *ਬਾਕੀ ਸਫ਼ਾ 2 'ਤੇ

# ਟਰੰਪ ਨੂੰ ਜ਼ਬਰਦਸਤ ਝਟਕਾ–

## ਭਾਰਤੀ ਮੂਲ ਦੇ ਤਿੰਨ ਆਗੂਆਂ ਨੇ ਰਚਿਆ ਇਤਿਹਾਸ

### ਜ਼ੋਹਰਾਨ ਮਮਦਾਨੀ ਨਿਊਯਾਰਕ ਦੇ ਮੇਅਰ ਬਣੇ, ਗਜ਼ਾਲਾ ਹਾਸ਼ਮੀ ਨੇ ਜਿੱਤੀ ਵਰਜੀਨੀਆ ਦੇ ਲੈਫ਼ਟੀਨੈਂਟ ਗਵਰਨਰ ਦੀ ਚੋਣ



ਨਿਊਯਾਰਕ, (ਪੰਜਾਬ ਸਟਾਰ ਬਿਊਰੋ): ਅਮਰੀਕਾ ਵਿਚ ਵੋਟਰਾਂ ਨੇ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਵੱਡਾ ਝਟਕਾ ਦਿਤਾ ਹੈ, ਭਾਵੇਂ ਟਰੰਪ ਖ਼ੁਦ ਚੋਣ ਨਹੀਂ ਲੜ ਰਹੇ ਸਨ। ਦੇਸ਼ ਭਰ ਦੇ ਵੱਡੇ ਅਹੁਦਿਆਂ ਦੀਆਂ ਚੋਣਾਂ 'ਚ, ਡੈਮੋਕਰੇਟਸ ਨੇ ਰਾਸ਼ਟਰਪਤੀ ਦੀ ਪਾਰਟੀ ਰਿਪਬਲਿਕਨ ਨੂੰ ਹਰਾਇਆ ਹੈ। ਡੈਮੋਕਰੇਟਸ ਨੇ ਗੈਰ-ਮਕਬੂਲ ਰਾਸ਼ਟਰਪਤੀ ਨੂੰ ਅਪਣੀ ਮੁਹਿੰਮ ਦਾ ਕੇਂਦਰ ਬਿੰਦੂ ਬਣਾਇਆ, ਅਤੇ ਇਸ ਦਾ ਫਾਇਦਾ ਉਨ੍ਹਾਂ ਨੂੰ ਮਿਲਿਆ। ਉਨ੍ਹਾਂ ਦੇ ਜ਼ੋਰਦਾਰ ਵਿਰੋਧ ਦੇ ਬਾਵਜੂਦ ਭਾਰਤੀ ਮੂਲ ਦੇ ਤਿੰਨ ਆਗੂਆਂ ਨੇ ਚੋਣਾਂ ਜਿੱਤ ਕੇ ਇਤਿਹਾਸ ਰਚ ਦਿਤਾ ਹੈ। ਭਾਰਤੀ ਮੂਲ ਦੇ ਡੈਮੋਕਰੇਟ ਪਾਰਟੀ ਦੇ ਉਮੀਦਵਾਰ ਜ਼ੋਹਰਾਨ ਮਮਦਾਨੀ ਨੇ ਅਮਰੀਕੀ ਸ਼ਹਿਰ ਨਿਊ ਯਾਰਕ ਦੇ ਮੇਅਰ ਦੀ ਚੋਣ ਜਿੱਤ ਲਈ ਹੈ। *ਬਾਕੀ ਸਫ਼ਾ 2 'ਤੇ

### ਮਮਦਾਨੀ ਨੂੰ ਮੇਰੇ ਨਾਲ ਚੰਗਾ ਬਣ ਕੇ ਰਹਿਣਾ ਚਾਹੀਦੈ: ਟਰੰਪ



(ਪੰਜਾਬ ਸਟਾਰ ਬਿਊਰੋ): ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਨਿਊਯਾਰਕ ਸਿਟੀ ਦੇ ਨਵੇਂ ਚੁਣੇ ਗਏ ਮੇਅਰ ਜ਼ੋਹਰਾਨ ਮਮਦਾਨੀ ਦੇ ਜਿੱਤ ਦੇ ਭਾਸ਼ਣ ਨੂੰ 'ਬਹੁਤ ਗੁੱਸੇ ਨਾਲ ਭਰਿਆ' ਭਾਸ਼ਣ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਉਸ ਦੀ ਸ਼ੁਰੂਆਤ ਮਾੜੀ ਹੈ ਅਤੇ ਜੇ ਉਹ ਵਾਸ਼ਿੰਗਟਨ ਦਾ ਸਤਿਕਾਰ ਨਹੀਂ ਕਰਦਾ ਤਾਂ ਉਸ ਦੇ ਸਫਲ ਹੋਣ ਦਾ ਕੋਈ ਮੌਕਾ ਨਹੀਂ। ਬੁੱਧਵਾਰ ਨੂੰ ਮਿਆਮੀ ਵਿੱਚ ਫੌਕਸ ਨਿਊਜ਼ ਨੂੰ ਦਿੱਤੇ ਇੱਕ ਇੰਟਰਵਿਊ ਦੌਰਾਨ ਜਦੋਂ ਮਮਦਾਨੀ ਦੇ ਜਿੱਤ ਦੇ ਭਾਸ਼ਣ ਬਾਰੇ ਪੁੱਛਿਆ ਗਿਆ, ਤਾਂ ਟਰੰਪ ਨੇ ਕਿਹਾ, "ਹਾਂ, ਮੈਂ ਸੋਚਿਆ ਕਿ ਇਹ ਬਹੁਤ ਗੁੱਸੇ ਭਰਿਆ ਭਾਸ਼ਣ ਸੀ, *ਬਾਕੀ ਸਫ਼ਾ 2 'ਤੇ


ਟੈਲੀਵਿਜ਼ਨ ਚੈਨਲ ਲਈ ਐਂਕਰ/ਮਾਰਕੀਟਿੰਗ ਸਟਾਫ਼ ਦੀ ਲੋੜ ਹੈ
ਮਿਸੀਸਾਗਾ ਸਥਿਤ ਟੈਲੀਵਿਜ਼ਨ ਚੈਨਲ ਨੂੰ ਐਂਕਰ (ਹੋਸਟ) ਅਤੇ ਮਾਰਕੀਟਿੰਗ ਲਈ ਲੜਕੇ/ਲੜਕੀਆਂ ਦੀ ਲੋੜ ਹੈ, ਵਧੇਰੇ ਜਾਣਕਾਰੀ ਲਈ
905-673-7666 'ਤੇ ਸੰਪਰਕ ਕਰ ਸਕਦੇ ਹਨ। ਤੁਸੀਂ ਚੰਗੇ ਪੈਸੇ ਬਣਾ ਸਕਦੇ ਹੋ।

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਸਿੰਘ ਹੁੰਦਲ ਨੂੰ ਕਾਲ ਕਰੋ
Late Evening and Weekends Appointments Available
1888-864-3131
Jasbir Singh Hundal
Registered Credit Counsellor
www.MakeMeDebtFree.ca
416-502-3100
Unit #20 - 7015 Tranmere Drive, Mississauga, ON, L5S 1T7

BRAR TAMBER RIGBY
PERSONAL INJURY LAWYERS
We Help Get You the Compensation You Deserve
Book a free consultation:
1-833-BRAR-LAW
PERSONAL INJURY
◆ Auto Accident
◆ Family Member Claims
◆ Pedestrian Hit Accident
◆ Short & Long-Term Disability
◆ Slip & Fall
◆ CPP Disability
◆ Bicycle Accident
◆ Wrongful Death & Fata accidents

FOR ALL YOUR REAL ESTATE NEEDS
ਕਿਸੇ ਤਰ੍ਹਾਂ ਦੀ ਵੀ ਪ੍ਰੌਪਰਟੀ ਖਰੀਦਣ ਜਾਂ ਵੇਚਣ ਲਈ ਜ਼ਰੂਰ ਸੰਪਰਕ ਕਰੋ
Harjit Brar
Sales Representative
416-417-6010
HOMELIFE
HIGHER STANDARDS
HOMELIFE MAPLE LEAF REALTY LTD., BROKERAGE
Independently Owned and Operated
Ph: 905-456-9090
Vik Mehmi
Broker
416-500-6262

# ਪੇਜ ਇੱਕ ਦੀ ਬਾਕੀ

## ਕੈਨੇਡਾ ਸਰਕਾਰ ਨੇ...

ਵੱਧ ਅਸਥਾਈ ਨਿਵਾਸੀਆਂ ਦਾ ਸਵਾਗਤ ਕਰੇਗਾ। ਨਵੇਂ ਟੀਚੇ ਦਰਸਾਉਂਦੇ ਹਨ ਕਿ ਸਰਕਾਰ ਆਪਣਾ ਧਿਆਨ ਅਸਥਾਈ ਨਿਵਾਸੀਆਂ ਵੱਲ ਕੇਂਦਰਿਤ ਕਰ ਰਹੀ ਹੈ ਅਤੇ ਪ੍ਰਵਾਸੀਆਂ ਦੀ ਗਿਣਤੀ ਘਟਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਵਿੱਤ ਮੰਤਰੀ ਫ੍ਰਾਂਸੋਆ-ਫਿਲਿਪ ਸ਼ੈਂਪੇਨ ਨੇ ਕਿਹਾ ਕਿ ਸਰਕਾਰ ਇਮੀਗ੍ਰੇਸ਼ਨ ਨੂੰ "ਵਧੇਰੇ ਟਿਕਾਊ ਪੱਧਰਾਂ" 'ਤੇ ਲਿਆਉਣ ਦਾ ਟੀਚਾ ਰੱਖ ਰਹੀ ਹੈ। ਵਿੱਤ ਮੰਤਰੀ ਨੇ ਬਜਟ ਪੇਸ਼ ਕਰਨ ਤੋਂ ਪਹਿਲਾਂ ਇੱਕ ਪ੍ਰੈਸ ਕਾਨਫਰੰਸ ਵਿੱਚ ਕਿਹਾ ਕਿ ਮੈਨੂੰ ਲੱਗਦਾ ਹੈ ਕਿ ਕੈਨੇਡੀਅਨ ਸਮਝਦੇ ਹਨ ਕਿ ਅਸੀਂ ਹੁਣ ਨਵੇਂ ਆਉਣ ਵਾਲੇ ਲੋਕਾਂ ਦਾ ਸਵਾਗਤ ਕਰਨ ਦੀ ਆਪਣੀ ਸਮਰੱਥਾ ਤੱਕ ਪਹੁੰਚ ਚੁਕੇ ਹਾਂ ਜਾਂ ਕਈ ਵਾਰ ਆਪਣੀ ਸਮਰੱਥਾ ਤੋਂ ਵੀ ਅੱਗੇ ਵੱਧ ਗਏ ਹਾਂ। ਉਨ੍ਹਾਂ ਨੇ ਦੱਸਿਆ ਕਿ ਇਹ ਬਜਟ ਲੋਕਾਂ ਦੀ ਤਰੱਕੀ ਲਈ ਬਣਾਇਆ ਗਿਆ ਹੈ। ਦੱਸ ਦੇਈਏ ਕਿ ਸਾਬਕਾ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਅਗਵਾਈ ਵਾਲੀ ਸਰਕਾਰ ਨੇ ਕੋਵਿਡ ਤੋਂ ਬਾਅਦ ਮਜਦੂਰਾਂ ਦੀ ਘਾਟ ਦੌਰਾਨ ਇਮੀਗ੍ਰੇਸ਼ਨ ਵਿੱਚ ਤੇਜ਼ੀ ਨਾਲ ਵਾਧਾ ਹੋਣ ਤੋਂ ਬਾਅਦ ਕਟੌਤੀ ਕਰਨਾ ਸ਼ੁਰੂ ਕਰ ਦਿੱਤਾ ਸੀ। ਜਿਵੇਂ ਕਿ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਅਹੁਦਾ ਸੰਭਾਲਦਿਆਂ ਹੀ ਉਨ੍ਹਾਂ ਨੇ ਸੰਕੇਤ ਦੇ ਦਿੱਤੇ ਸੀ ਕਿ ਉਨ੍ਹਾਂ ਦਾ ਟੀਚਾ ਕੈਨੇਡਾ ਦੀ ਅਬਾਦੀ ਵਿੱਚ ਅਸਥਾਈ ਨਿਵਾਸੀਆਂ ਦੇ ਹਿੱਸੇ ਨੂੰ ਘਟਾਉਣਾ ਹੈ।

## ਤੂਫ਼ਾਨ ਕਾਲਮਾਈਗੀ...

ਤੂਫਾਨ ਪ੍ਰਭਾਵਿਤ ਇਲਾਕਿਆਂ ਵਿੱਚ ਰਾਹਤ ਸਮੱਗਰੀ ਲੈ ਕੇ ਜਾ ਰਿਹਾ ਫਿਲੀਪੀਨ ਹਵਾਈ ਸੈਨਾ ਦਾ ਹੈਲੀਕਾਪਟਰ ਆਗੁਸਾਨ ਡੇਲ ਸੁਰ ਸੂਬੇ ਵਿੱਚ ਹਾਦਸਾਗ੍ਰਸਤ ਹੋ ਗਿਆ, ਜਿਸ ਕਾਰਨ ਛੇ ਸੈਨਿਕਾਂ ਦੀ ਮੌਤ ਹੋ ਗਈ। ਸੁਪਰ ਹੂਏ ਹੈਲੀਕਾਪਟਰ ਦੱਖਣੀ ਆਗੁਸਾਨ ਡੇਲ ਸੁਰ ਸੂਬੇ ਦੇ ਲੋਰੇਟੋ ਸ਼ਹਿਰ ਦੇ ਨੇੜੇ ਹਾਦਸਾਗ੍ਰਸਤ ਹੋ ਗਿਆ। ਪੂਰਬੀ ਮਿੰਡਾਨਾਓ ਮਿਲਟਰੀ ਕਮਾਂਡ ਨੇ ਇੱਕ ਸ਼ੁਰੂਆਤੀ ਬਿਆਨ ਵਿੱਚ ਕਿਹਾ ਕਿ ਹੈਲੀਕਾਪਟਰ ਵਿੱਚ ਸਵਾਰ ਹਵਾਈ ਸੈਨਾ ਦੇ ਕਰਮਚਾਰੀਆਂ ਨੂੰ ਲੱਭਣ ਦੀਆਂ ਕੋਸ਼ਿਸ਼ਾਂ ਜਾਰੀ ਹਨ, ਜੋ ਕਿ ਤੂਫਾਨ ਪ੍ਰਭਾਵਿਤ ਸੂਬਿਆਂ ਵਿੱਚ ਮਨੁੱਖੀ ਸਹਾਇਤਾ ਪਹੁੰਚਾਉਣ ਲਈ ਤਾਇਨਾਤ ਸੀ। ਏਬੀਐਸ-ਸੀਬੀਐਨ ਦੀ ਰਿਪੋਰਟ ਦੇ ਅਨੁਸਾਰ, ਹਾਦਸੇ ਵਿੱਚ ਹੈਲੀਕਾਪਟਰ ਵਿੱਚ ਸਵਾਰ ਛੇ ਕਰਮਚਾਰੀਆਂ ਦੀ ਮੌਤ ਹੋ ਗਈ ਹੈ। ਸੇਬੂ ਵਿੱਚ ਨਦੀਆਂ ਅਤੇ ਨਾਲੇ ਭਰ ਗਏ ਹਨ। ਕਈ ਇਲਾਕਿਆਂ ਵਿੱਚ ਘਰ ਵਹਿ ਗਏ ਹਨ। ਅਧਿਕਾਰੀਆਂ ਨੇ ਰਾਹਤ ਫੰਡਾਂ ਦੀ ਵਰਤੋਂ ਵਿੱਚ ਤੇਜ਼ੀ ਲਿਆਉਣ ਲਈ ਸੂਬੇ ਨੂੰ "ਰਾਜ ਆਫ਼ਤ ਖੇਤਰ" ਘੋਸ਼ਿਤ ਕੀਤਾ ਹੈ। ਭੂਚਾਲ ਕਾਰਨ ਬੇਘਰ ਹੋਏ ਹਜ਼ਾਰਾਂ ਲੋਕਾਂ ਨੂੰ ਪਹਿਲਾਂ ਹੀ ਮਜ਼ਬੂਤ ਆਸਰਾ ਸਥਾਨਾਂ 'ਤੇ ਭੇਜ ਦਿੱਤਾ ਗਿਆ ਸੀ, ਜਿਸ ਨਾਲ ਵੱਡੀ ਗਿਣਤੀ ਵਿੱਚ ਜਾਨਾਂ ਬਚ ਗਈਆਂ ਹਨ। ਸੇਬੂ ਦੇ ਗਵਰਨਰ ਨੇ ਘਟੀਆ ਉਸਾਰੀ 'ਤੇ ਸਵਾਲ ਉਠਾਉਂਦੇ ਹੋਏ ਕਿਹਾ ਕਿ ਹੜ੍ਹ ਕੰਟਰੋਲ ਪ੍ਰੋਜੈਕਟਾਂ ਦੀ ਜਾਂਚ ਹੋਣੀ ਚਾਹੀਦੀ ਹੈ ਅਤੇ ਜਾਨਾਂ ਦੇ ਨੁਕਸਾਨ ਲਈ ਜ਼ਿੰਮੇਵਾਰ ਲੋਕਾਂ ਨੂੰ ਜਵਾਬਦੇਹ ਠਹਿਰਾਇਆ ਜਾਣਾ ਚਾਹੀਦਾ ਹੈ।

## ਲੋਕਲ ਟ੍ਰੇਨ ਤੇ ਮਾਲਗੱਡੀ...

ਇੱਕ ਯਾਤਰੀ ਦੀ ਹਾਲਤ ਹਾਲੇ ਵੀ ਨਾਜ਼ੁਕ ਬਣੀ ਹੋਈ ਹੈ। ਇਸ ਹਾਦਸੇ ਕਾਰਨ ਦੋਵਾਂ ਰੇਲਗੱਡੀਆਂ ਦੇ ਕਈ ਡੱਬੇ ਪਟੜੀ ਤੋਂ ਉਤਰ ਗਏ, ਜਿਸ ਨਾਲ ਘਟਨਾ ਵਾਲੀ ਥਾਂ 'ਤੇ ਭਾਰੀ ਅਫਰਾ-ਤਫਰੀ ਮੱਚ ਗਈ। ਚਸ਼ਮਦੀਦਾਂ ਨੇ ਦੱਸਿਆ ਕਿ ਟੱਕਰ ਤੋਂ ਤੁਰੰਤ ਬਾਅਦ ਯਾਤਰੀਆਂ ਵਿੱਚ ਡਰ ਅਤੇ ਘਬਰਾਹਟ ਫੈਲ ਗਈ। ਤੇਜ਼ ਰਫ਼ਤਾਰ ਨਾਲ ਆ ਰਹੀ ਯਾਤਰੀ ਰੇਲਗੱਡੀ ਨੂੰ ਵੇਖ ਕੇ ਮਾਲ ਗੱਡੀ ਦੇ ਗਾਰਡ ਨੇ ਆਪਣੇ ਡੱਬੇ ਤੋਂ ਛਾਲ ਮਾਰ ਕੇ ਜਾਨ ਬਚਾਈ, ਜਿਸ ਵਿੱਚ ਉਸ ਨੂੰ ਹਲਕੀਆਂ ਸੱਟਾਂ ਲੱਗੀਆਂ। ਰੇਲਵੇ ਅਧਿਕਾਰੀਆਂ ਨੇ ਜਾਣਕਾਰੀ ਦਿੱਤੀ ਕਿ ਮ੍ਰਿਤਕਾਂ ਦੇ ਪਰਿਵਾਰਾਂ ਨੂੰ 10 ਲੱਖ ਰੁਪਏ, ਗੰਭੀਰ ਜ਼ਖਮੀਆਂ ਨੂੰ 5 ਲੱਖ ਰੁਪਏ ਅਤੇ ਮਾਮੂਲੀ ਸੱਟਾਂ ਵਾਲਿਆਂ ਨੂੰ 1 ਲੱਖ ਰੁਪਏ ਦੀ ਆਰਥਿਕ ਸਹਾਇਤਾ ਮੁਹੱਈਆ ਕਰਵਾਈ ਜਾਵੇਗੀ। ਰਾਹਤ ਅਤੇ ਬਚਾਅ ਕਾਰਜ ਤੇਜ਼ੀ ਨਾਲ ਚੱਲ ਰਹੇ ਹਨ। ਹਾਦਸੇ ਤੋਂ ਬਾਅਦ ਦੱਖਣ ਪੂਰਬੀ ਮੱਧ ਰੇਲਵੇ ਨੇ ਯਾਤਰੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਲਈ ਇੱਕ ਹੈਲਪਲਾਈਨ ਨੰਬਰ ਜਾਰੀ ਕੀਤਾ ਹੈ। ਛੱਤੀਸਗੜ੍ਹ ਦੇ ਮੁੱਖ ਮੰਤਰੀ ਵਿਸ਼ਨੂੰ ਦੇਵ ਸਾਈ ਨੇ ਇਸ ਘਟਨਾ 'ਤੇ ਡੂੰਘਾ ਦੁੱਖ ਪ੍ਰਗਟ ਕੀਤਾ ਅਤੇ ਮ੍ਰਿਤਕਾਂ ਦੇ ਪਰਿਵਾਰਾਂ ਨੂੰ 5 ਲੱਖ ਰੁਪਏ ਤੇ ਜ਼ਖਮੀਆਂ ਨੂੰ 50,000 ਰੁਪਏ ਦਾ ਮੁਆਵਜ਼ਾ ਦੇਣ ਦਾ ਵਾਅਦਾ ਕੀਤਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਅਤੇ ਰੇਲਵੇ ਟੀਮਾਂ ਰਾਹਤ ਕਾਰਜਾਂ ਵਿੱਚ ਪੂਰੀ ਤਰ੍ਹਾਂ ਜੁਟੀਆਂ ਹੋਈਆਂ ਹਨ। ਇੱਕ ਜ਼ਖਮੀ ਮਹਿਲਾ ਯਾਤਰੀ ਨੇ ਵੇਰਵਾ ਦਿੱਤਾ ਕਿ ਰੇਲਗੱਡੀ ਤੇਜ਼ ਗਤੀ ਨਾਲ ਚੱਲ ਰਹੀ ਸੀ ਜਦੋਂ ਅਚਾਨਕ ਮਾਲ ਗੱਡੀ ਨਾਲ ਟਕਰਾ ਗਈ। ਕੁਝ ਸਥਾਨਕ ਵਾਸੀਆਂ ਨੇ ਕਿਹਾ ਕਿ ਟੱਕਰ ਦੀ ਭਿਆਨਕ ਆਵਾਜ਼ ਸੁਣ ਕੇ ਨੇੜਲੇ ਪਿੰਡਾਂ ਦੇ ਲੋਕ ਤੁਰੰਤ ਮੌਕੇ 'ਤੇ ਪਹੁੰਚੇ ਅਤੇ ਬਚਾਅ ਕੰਮ ਸ਼ੁਰੂ ਕਰ ਦਿੱਤਾ। ਰੇਲਵੇ ਅਧਿਕਾਰੀਆਂ ਨੇ ਜਾਣਕਾਰੀ ਦਿੱਤੀ ਕਿ ਇਸ ਹਾਦਸੇ ਨਾਲ ਲਗਭਗ 12 ਰੇਲਗੱਡੀਆਂ ਦੀ ਆਵਾਜਾਈ ਪ੍ਰਭਾਵਿਤ ਹੋਈ ਹੈ।

## ਅਮਰੀਕਾ ਦੇ...

ਲੁਈਸਵਿਲ ਹਵਾਈ ਅੱਡੇ ਤੋਂ ਉਡਾਣ ਭਰਨ ਤੋਂ ਥੋੜ੍ਹੀ ਦੇਰ ਬਾਅਦ ਹੀ ਹਾਦਸਾਗ੍ਰਸਤ ਹੋ ਗਿਆ। ਐਫਏਏ ਦੇ ਇੱਕ ਬਿਆਨ ਅਨੁਸਾਰ, ਯੂਪੀਐਸ ਫਲਾਈਟ 2976 ਸਥਾਨਕ ਸਮੇਂ ਅਨੁਸਾਰ ਸ਼ਾਮ 5 ਵਜੇ ਤੋਂ ਥੋੜ੍ਹੀ ਦੇਰ ਬਾਅਦ ਹਾਦਸਾਗ੍ਰਸਤ ਹੋ ਗਈ। ਜਹਾਜ਼ ਹੋਨੋਲੂਲੂ ਦੇ ਡੈਨੀਅਲ ਕੇ. ਇਨੂਏ ਅੰਤਰਰਾਸ਼ਟਰੀ ਹਵਾਈ ਅੱਡੇ ਵੱਲ ਜਾ ਰਿਹਾ ਸੀ। ਐਫਏਏ ਨੈਸ਼ਨਲ ਟ੍ਰਾਂਸਪੋਰਟੇਸ਼ਨ ਸੇਫਟੀ ਬੋਰਡ (ਐਨਟੀਐਸਬੀ) ਦੇ ਸਹਿਯੋਗ ਨਾਲ ਹਾਦਸੇ ਦੀ ਜਾਂਚ ਕਰ ਰਿਹਾ ਹੈ। ਐਫਏਏ ਨੇ ਮੰਗਲਵਾਰ ਨੂੰ ਕਿਹਾ ਕਿ ਐਨਟੀਐਸਬੀ ਜਾਂਚ ਦੀ ਜ਼ਿੰਮੇਵਾਰੀ ਲਵੇਗਾ। ਲੁਈਸਵਿਲ ਹਵਾਈ ਅੱਡੇ ਦੇ ਜਨਤਕ ਸੂਚਨਾ ਅਧਿਕਾਰੀ ਜੋਨਾਥਨ ਬਿਵੇਨ ਨੇ ਕਿਹਾ ਕਿ ਮੰਗਲਵਾਰ ਨੂੰ ਹੋਏ ਹਾਦਸੇ ਵਿੱਚ ਹੁਣ ਤੱਕ ਚਾਰ ਲੋਕਾਂ ਦੀ ਮੌਤ ਹੋ ਗਈ ਹੈ। ਬਿਵੇਨ ਨੇ ਕਿਹਾ- "ਮੈਂ ਕੁੱਲ ਚਾਰ ਮੌਤਾਂ ਦੀ ਪੁਸ਼ਟੀ ਕਰ ਸਕਦਾ ਹਾਂ। ਘੱਟੋ-ਘੱਟ 11 ਲੋਕ ਜ਼ਖਮੀ ਹੋਏ ਹਨ ਅਤੇ ਉਨ੍ਹਾਂ ਨੂੰ ਸਥਾਨਕ ਹਸਪਤਾਲਾਂ ਵਿੱਚ ਲਿਜਾਇਆ ਗਿਆ ਹੈ,"। ਹਵਾਈ ਅੱਡੇ ਦੇ ਅਧਿਕਾਰੀਆਂ ਦੇ ਅਨੁਸਾਰ, ਹਵਾਈ ਅੱਡੇ ਦੇ ਨੇੜੇ ਯੂਪੀਐਸ ਜਹਾਜ਼ ਦੇ ਹਾਦਸਾਗ੍ਰਸਤ ਹੋਣ ਤੋਂ ਬਾਅਦ ਮੰਗਲਵਾਰ ਰਾਤ ਨੂੰ ਲੁਈਸਵਿਲ ਮੁਹੰਮਦ ਅਲੀ ਅੰਤਰਰਾਸ਼ਟਰੀ ਹਵਾਈ ਅੱਡੇ ਤੋਂ ਰਵਾਨਾ ਹੋਣ ਵਾਲੀਆਂ ਸਾਰੀਆਂ ਉਡਾਣਾਂ ਰੱਦ ਕਰ ਦਿੱਤੀਆਂ ਗਈਆਂ। ਲੁਈਸਵਿਲ ਹਵਾਈ ਅੱਡੇ ਦੇ ਜਨਤਕ ਸੂਚਨਾ ਅਧਿਕਾਰੀ ਜੋਨਾਥਨ ਬਿਵੇਨ ਨੇ ਕਿਹਾ, "ਅਸੀਂ ਅੱਜ ਰਾਤ ਅਤੇ ਕੱਲ੍ਹ ਐਸਡੀਐਫ ਹਵਾਈ ਅੱਡੇ ਤੋਂ ਯਾਤਰਾ ਕਰਨ ਵਾਲੇ ਕਿਸੇ ਵੀ ਵਿਅਕਤੀ ਨੂੰ ਉਡਾਣ ਦੇ ਅਪਡੇਟਸ ਲਈ ਆਪਣੀ ਏਅਰਲਾਈਨ ਨਾਲ ਸੰਪਰਕ ਕਰਨ ਦੀ ਅਪੀਲ ਕਰ ਰਹੇ ਹਾਂ।"

## PU ਸੈਨੇਟ ਭੰਗ...

ਪੰਜਾਬ ਯੂਨੀਵਰਸਿਟੀ ਵਿੱਚ ਵੀ ਵਾਈਸ ਚਾਂਸਲਰ ਦੇ ਦਫ਼ਤਰ ਦੇ ਸਾਹਮਣੇ ਲਗਾਤਾਰ ਵਿਰੋਧ ਪ੍ਰਦਰਸ਼ਨ ਚੱਲ ਰਹੇ ਸਨ। ਯੂਨੀਵਰਸਿਟੀ ਬਚਾਓ ਮੋਰਚੇ ਨੇ 10 ਨਵੰਬਰ ਨੂੰ ਯੂਨੀਵਰਸਿਟੀ ਬੰਦ ਕਰਨ ਦਾ ਐਲਾਨ ਕੀਤਾ ਸੀ।

**ਪੰਜਾਬ ਸਰਕਾਰ ਦਾ ਸਟੈਂਡ**

ਇਸ ਤੋਂ ਪਹਿਲਾਂ ਮੁੱਖ ਮੰਤਰੀ ਭਗਵੰਤ ਮਾਨ ਨੇ ਵੀ ਐਲਾਨ ਕੀਤਾ ਸੀ ਕਿ ਪੰਜਾਬ ਸਰਕਾਰ ਕੇਂਦਰ ਸਰਕਾਰ ਦੇ ਸੈਨੇਟ ਅਤੇ ਸਿੰਡੀਕੇਟ ਭੰਗ ਕਰਨ ਦੇ ਫੈਸਲੇ ਖਿਲਾਫ਼ ਹਾਈਕੋਰਟ ਵਿੱਚ ਪਟੀਸ਼ਨ ਦਾਇਰ ਕਰਨ ਜਾ ਰਹੇ ਹਾਂ। ਜਿਸ ਦੇ ਲਈ ਸਪੈਸ਼ਲਿਸਟ ਵਕੀਲਾਂ ਦਾ ਇੱਕ ਪੈਨਲ ਤਿਆਰ ਕੀਤਾ ਜਾ ਰਿਹਾ ਹੈ। ਹਲਾਂਕਿ ਪੰਜਾਬ ਸਰਕਾਰ ਦੇ ਹਾਈਕੋਰਟ ਜਾਣ ਤੋਂ ਪਹਿਲਾਂ ਹੀ ਕੇਂਦਰ ਸਰਕਾਰ ਨੇ ਆਪਣਾ ਫੈਸਲਾ ਵਾਪਸ ਲਿਆ ਹੈ।

**ਐਂਟੀ ਪ੍ਰੋਟੈਸਟ ਹਲਫ਼ਨਾਮੇ ਦੀ ਸ਼ਰਤ ਵੀ ਵਾਪਸ ਲਈ**

ਬੀਤੇ ਦਿਨ ਵੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਪ੍ਰਸ਼ਾਸਨ ਨੇ ਐਂਟੀ ਪ੍ਰੋਟੈਸਟ ਹਲਫ਼ਨਾਮੇ ਦੀ ਸ਼ਰਤ ਵਾਪਸ ਲੈ ਲਈ ਸੀ। ਇਸ ਨੂੰ ਵੀ ਵਿਦਿਆਰਥੀਆਂ ਦੇ ਸੰਘਰਸ਼ ਦੀ ਜਿੱਤ ਕਰਾਰ ਦਿੱਤਾ ਗਿਆ। ਦਰਅਸਲ ਪ੍ਰਸ਼ਾਸਨ ਨੇ ਇੱਕ "ਨੋ-ਪ੍ਰੋਟੈਸਟ ਐਫਿਡੇਵਿਟ" ਲਿਆਉਣ ਦੀ ਕੋਸ਼ਿਸ਼ ਕੀਤੀ ਸੀ ਜਿਸ ਦੀ ਮੁੱਖ ਸ਼ਰਤ ਇਹ ਸੀ ਕਿ ਨਵੇਂ ਵਿਦਿਆਰਥੀਆਂ ਨੂੰ ਦਾਖਲ ਹੋਣ ਸਮੇਂ ਇਹ ਐਫਿਡੇਵਿਟ ਦੇਣਾ ਲਾਜ਼ਮੀ ਕੀਤਾ ਗਈ ਸੀ ਜਿਸ 'ਚ ਉਹ ਬਿਨਾਂ ਅਨੁਮਤੀ ਦੇ ਧਰਨਾ ਰੈਲੀ ਨਹੀਂ ਕਰਣਗੇ। ਇਸ ਦੇ ਅਨੁਸਾਰ, ਵਿਦਿਆਰਥੀ ਕਿਸੇ ਪ੍ਰਦਰਸ਼ਨ ਜਾਂ ਧਰਨੇ ਵਿੱਚ ਸ਼ਾਮਲ ਹੋਣ ਤੋਂ ਪਹਿਲਾਂ ਯੂਨੀਵਰਸਿਟੀ ਜਾਂ ਪ੍ਰਸ਼ਾਸਨਿਕ ਅਧਿਕਾਰੀ ਦੀ ਆਗਿਆ ਲੈਣਗੇ।

## ਕੈਨੇਡਾ 'ਚ ਵਿਦੇਸ਼ੀਆਂ...

ਮੈਟਲਿਜ ਡੀਏਬ ਨੇ ਕਿਹਾ ਹੈ ਕਿ ਕੈਨੇਡਾ ਵਿਚ ਸ਼ਰਨਾਰਥੀ ਸਿਸਟਮ ਪੱਕੀ ਇੰਮੀਗੇਸ਼ਨ ਲੈਣ ਦਾ ਸੌਖਾ ਤਰੀਕਾ ਨਾ ਸਮਝਿਆ ਜਾਵੇ। ਉਨ੍ਹਾਂ ਆਖਿਆ ਕਿ ਸੰਸਦ 'ਚ ਬੀਤੇ ਮਹੀਨੇ ਪੇਸ਼ ਕੀਤੇ ਗਏ ਬਿੱਲ 12 ਰਾਹੀਂ ਦੋ ਨਿਯਮ ਸ਼ਾਮਿਲ ਕੀਤੇ ਗਏ ਹਨ, ਜਿਸ ਵਿਚ ਕੈਨੇਡਾ ਅੰਦਰ ਦਾਖਲ ਹੋਣ ਤੋਂ 1 ਸਾਲ ਮਗਰੋਂ (ਖਤਰੇ ਦੀ ਕੋਈ ਕਹਾਣੀ ਘੜ ਕੇ) ਸ਼ਰਨ ਲਈ ਅਪਲਾਈ ਕਰਨਾ ਸੰਭਵ ਨਹੀਂ ਰਹੇਗਾ ਤੇ ਅਜਿਹੇ ਕੇਸ ਇੰਮੀਗ੍ਰੇਸ਼ਨ ਐਂਡ ਰਫਿਊਜ਼ੀ ਬੋਰਡ ਨੂੰ ਨਹੀਂ ਭੇਜੇ ਜਾਇਆ ਕਰਨਗੇ। ਬਿੱਲ 12 ਪਾਸ ਹੋ ਜਾਣ ਮਗਰੋਂ ਨਵਾਂ ਨਿਯਮ 24 ਜੂਨ 2020 ਤੋਂ ਲਾਗੂ ਕੀਤਾ ਜਾਵੇਗਾ, ਜਿਸ ਨਾਲ ਵੱਡੀ ਗਿਣਤੀ ਵਿਚ ਵਿਦੇਸ਼ੀ (ਭਾਰਤੀ, ਪੰਜਾਬੀ) ਲੋਕਾਂ ਦੇ ਵਿਚਾਰ ਅਧੀਨ ਪਏ ਸ਼ਰਨਾਰਥੀ ਕੇਸ ਖਤਮ ਕਰ ਦਿੱਤੇ ਜਾਣ ਦੀ ਸੰਭਾਵਨਾ ਬਣ ਜਾਵੇਗੀ ਤੇ ਉਨ੍ਹਾਂ ਲਈ ਕੈਨੇਡਾ ਵਿਚ ਟਿਕ ਸਕਣਾ ਔਖਾ ਹੋ ਜਾਵੇਗਾ। ਅਜਿਹੇ ਹਾਲਾਤਾਂ ਤੋਂ ਬੀਤੇ 5 ਕੁ ਸਾਲਾਂ ਦੌਰਾਨ ਵਰਕ ਪਰਮਿਟ, ਸਟੱਡੀ ਪਰਮਿਟ ਜਾਂ ਵਿਜ਼ਟਰ ਵਜੋਂ ਕੈਨੇਡਾ ਵਿਚ ਦਾਖਲ ਹੋ ਕੇ ਪੱਕੀ ਇਮੀਗ੍ਰੇਸ਼ਨ ਲਈ ਸ਼ਰਨ ਅਪਲਾਈ ਕਰਨ ਵਾਲੇ ਵਿਦੇਸ਼ੀ ਇਸ ਕਾਨੂੰਨ ਤੋਂ ਸਿੱਧੇ ਤੌਰ 'ਤੇ ਪ੍ਰਭਾਵਿਤ ਹੋ ਸਕਦੇ ਹਨ। ਦੂਸਰਾ ਨਿਯਮ ਅਮਰੀਕਾ ਤੋਂ ਕੈਨੇਡਾ ਵੜ ਕੇ ਦੋ ਹਫਤਿਆਂ ਤੋਂ ਬਾਅਦ ਸ਼ਰਨ ਲਈ ਅਪਲਾਈ ਕਰਨਾ ਸੰਭਵ ਨਹੀਂ ਰਹੇਗਾ। ਮੰਤਰੀ ਡਿਆਬ ਨੇ ਕਿਹਾ ਕਿ ਬਿੱਲ 12 ਕੈਨੇਡਾ 'ਚ ਇੰਮੀਗ੍ਰੇਸ਼ਨ ਸਿਸਟਮ ਤੇ ਸਰਹੱਦੀ ਸੁਰੱਖਿਆ ਨੂੰ ਮਜ਼ਬੂਤ ਕਰਨ ਲਈ ਲਿਆਂਦਾ ਜਾ ਰਿਹਾ ਹੈ।

## ਸਿੱਖ ਫ਼ੌਜੀਆਂ ਦੀ...

ਸਨਮਾਨ ਕਰਦੇ ਹੋਏ ਇਕ ਨਵੀਂ ਡਾਕ ਟਿਕਟ ਨੂੰ ਜਾਰੀ ਕੀਤਾ ਗਿਆ ਹੈ। ਇਹ ਯਾਦਗਾਰੀ ਡਾਕ ਟਿਕਟ ਕੈਨੇਡੀਅਨ ਫ਼ੌਜ ਵਿਚ ਸਿੱਖਾਂ ਦੁਆਰਾ ਇਕ ਸਦੀ ਤੋਂ ਵੱਧ ਸਮੇਂ ਦੀ ਸੇਵਾ ਨੂੰ ਮਾਨਤਾ ਦਿੰਦੀ ਹੈ, ਜਿਸ ਦੀ ਸ਼ੁਰੂਆਤ ਪਹਿਲੇ ਵਿਸ਼ਵ ਯੁੱਧ ਦੌਰਾਨ ਹਥਿਆਰਬੰਦ ਫ਼ੌਜ ਵਿਚ ਭਰਤੀ ਹੋਏ 10 ਸਿੱਖ ਫ਼ੌਜੀਆਂ ਨਾਲ ਹੋਈ ਸੀ। ਸਿੱਖ ਭਾਈਚਾਰੇ ਵਲੋਂ ਹਰ ਸਾਲ ਵਾਂਗ ਇਸ ਸਾਲ ਵੀ ਇਹ ਸਮਾਰੋਹ ਓਂਟਾਰੀਓ ਦੇ ਕਿਚਨਰ ਵਿਚ ਪ੍ਰਾਈਵੇਟ ਬਕਮ ਸਿੰਘ ਦੀ ਯਾਦਗਾਰ 'ਤੇ ਆਯੋਜਿਤ ਕੀਤਾ ਗਿਆ ਸੀ। ਇਹ ਕੈਨੇਡਾ ਵਿਚ ਵਿਸ਼ਵ ਯੁੱਧਾਂ ਦੇ ਇਕ ਸਿੱਖ ਸਿਪਾਹੀ ਨੂੰ ਸਮਰਪਤ ਇਕੋ-ਇਕ ਯਾਦਗਾਰ ਹੈ। ਪਿਛਲੇ 18 ਸਾਲਾਂ ਤੋਂ ਸਿੱਖ ਭਾਈਚਾਰੇ ਦੇ ਮੈਂਬਰ ਕਿਚਨਰ ਵਿਚ ਪ੍ਰਾਈਵੇਟ ਬਕਮ ਸਿੰਘ ਦੀ ਯਾਦਗਾਰ 'ਤੇ ਇਕੱਠੇ ਹੁੰਦੇ ਰਹੇ ਹਨ।

## ਟਰੰਪ ਨੂੰ ਜ਼ਬਰਦਸਤ...

ਉਨ੍ਹਾਂ ਨੂੰ 50.4 ਫੀਸਦ ਵੋਟਾਂ ਮਿਲੀਆਂ ਹਨ। ਮਮਦਾਨੀ ਨੂੰ 10 ਲੱਖ ਤੋਂ ਜ਼ਿਆਦਾ ਵੋਟ ਮਿਲੇ, ਜੋ 1969 ਤੋਂ ਬਾਅਦ ਕਿਸੇ ਵੀ ਨਿਊਯਾਰਕ ਮੇਅਰ ਉਮੀਦਵਾਰ ਨੂੰ ਨਹੀਂ ਮਿਲੇ ਸਨ। ਇਸ ਚੋਣ ਵਿਚ 20 ਲੱਖ ਤੋਂ ਜ਼ਿਆਦਾ ਲੋਕਾਂ ਨੇ ਵੋਟ ਪਾਈ ਜੋ ਪਿਛਲੀਆਂ ਚੋਣਾਂ ਦੇ ਮੁਕਾਬਲੇ ਦੁਗਣੇ ਹਨ। ਦੂਜੇ ਨੰਬਰ 'ਤੇ ਨਿਊਯਾਰਕ ਦੇ ਸਾਬਕਾ ਗਵਰਨਰ ਅਤੇ ਆਜ਼ਾਦ ਉਮੀਦਵਾਰ ਐਂਡਰਿਊ ਕੁਓਮੋ ਰਹੇ। ਉਨ੍ਹਾਂ ਨੂੰ ਕਰੀਬ 8.5 ਲੱਖ ਵੋਟਾਂ ਮਿਲੀਆਂ। ਰਿਪਬਲੀਕਨ ਪਾਰਟੀ ਦੇ ਕਰਟਿਸ ਸਿਲਵਾ ਨੂੰ 1.45 ਲੱਖ ਵੋਟਾਂ ਮਿਲੀਆਂ। ਮਮਦਾਨੀ ਦਾ ਜਨਮ ਅਤੇ ਪਾਲਣ-ਪੋਸ਼ਣ ਕੰਪਾਲਾ, ਯੂਗਾਂਡਾ ਵਿਚ ਹੋਇਆ ਸੀ ਅਤੇ ਜਦੋਂ ਉਹ 7 ਸਾਲਾਂ ਦਾ ਸੀ ਤਾਂ ਅਪਣੇ ਪਰਵਾਰ ਨਾਲ ਨਿਊਯਾਰਕ ਸਿਟੀ ਚਲੇ ਗਏ ਸਨ। ਉਹ ਹਾਲ ਹੀ 'ਚ, 2018 ਵਿਚ ਇਕ ਅਮਰੀਕੀ ਨਾਗਰਿਕ ਬਣੇ ਸਨ। ਮਮਦਾਨੀ ਮਸ਼ਹੂਰ ਫਿਲਮ ਨਿਰਮਾਤਾ ਮੀਰਾ ਨਾਇਰ ਅਤੇ ਕੋਲੰਬੀਆ ਯੂਨੀਵਰਸਿਟੀ ਦੇ ਪ੍ਰੋਫੈਸਰ ਮਹਿਮੂਦ ਮਮਦਾਨੀ ਦਾ ਪੁੱਤਰ ਹੈ। ਉਹ ਪਿਛਲੇ 100 ਵਰ੍ਹਿਆਂ ਵਿਚ ਨਿਊਯਾਰਕ ਦੇ ਸਭ ਤੋਂ ਨੌਜਵਾਨ, ਪਹਿਲੇ ਭਾਰਤੀ ਅਤੇ ਪਹਿਲੇ ਮੁਸਲਿਮ ਮੇਅਰ ਹੋਣਗੇ। ਜਿੱਤ ਤੋਂ ਬਾਅਦ ਮਮਦਾਨੀ ਨੇ ਨਿਊਯਾਰਕ ਦੀ ਜਨਤਾ ਨੂੰ ਸੰਬੋਧਨ ਕੀਤਾ। ਉਨ੍ਹਾਂ ਟਰੰਪ ਨੂੰ ਚਿਤਾਵਨੀ ਦਿਤੀ, "ਜਿਸ ਸ਼ਹਿਰ (ਨਿਊਯਾਰਕ) ਨੇ ਟਰੰਪ ਨੂੰ ਪੈਦਾ ਕੀਤਾ, ਉਹ ਹੁਣ ਦੇਸ਼ ਨੂੰ ਦਿਖਾਏਗਾ ਕਿ ਉਨ੍ਹਾਂ ਨੂੰ ਕਿਵੇਂ ਹਰਾਇਆ ਜਾਂਦਾ ਹੈ। ਵਰਜੀਨੀਆ 'ਚ, ਡੈਮੋਕਰੇਟ ਅਬੀਗੇਲ ਸਪੈਨਬਰਗਰ ਨੇ ਰਿਪਬਲਿਕਨ ਵਿਨਸਮ ਅਰਲ-ਸੀਅਰਜ਼ ਉੱਤੇ ਆਰਾਮ ਨਾਲ ਜਿੱਤ ਪ੍ਰਾਪਤ ਕੀਤੀ। ਉਹ ਸੂਬੇ ਦੀ ਪਹਿਲੀ ਮਹਿਲਾ ਗਵਰਨਰ ਬਣੇ। ਇਸ ਦੌਰਾਨ, ਨਿਊਜਰਸੀ 'ਚ, ਡੈਮੋਕਰੇਟ ਮਿਕੀ ਸ਼ੈਰਿਲ ਨੇ ਗਵਰਨਰ ਦੀ ਦੌੜ ਵਿਚ ਰਿਪਬਲਿਕਨ ਜੈਕ ਸਿਆਟਾਰੇਲੀ ਨੂੰ ਹਰਾਇਆ।

**ਗਜ਼ਾਲਾ ਹਾਸ਼ਮੀ ਨੇ ਜਿੱਤੀ ਵਰਜੀਨੀਆ ਦੇ ਲੈਫ਼ਟੀਨੈਂਟ ਗਵਰਨਰ ਦੀ ਚੋਣ**

ਨਿਊਯਾਰਕ, : ਭਾਰਤੀ ਮੂਲ ਦੀ ਅਮਰੀਕੀ ਸਿਆਸਤਦਾਨ ਗਜ਼ਾਲਾ ਹਾਸ਼ਮੀ ਨੂੰ ਵਰਜੀਨੀਆ ਦੀ ਲੈਫ਼ਟੀਨੈਂਟ ਗਵਰਨਰ ਚੁਣਿਆ ਗਿਆ ਹੈ। ਉਹ ਰਾਜ ਵਿਚ ਇਸ ਉੱਚ ਰਾਜਨੀਤਕ ਅਹੁਦੇ ਲਈ ਚੁਣੇ ਜਾਣ ਵਾਲੀ ਪਹਿਲੀ ਮੁਸਲਿਮ ਅਤੇ ਦੱਖਣੀ ਏਸ਼ੀਆਈ ਅਮਰੀਕੀ ਬਣ ਗਈ ਹੈ। ਡੈਮੋਕ੍ਰੇਟਿਕ

ਪਾਰਟੀ ਦੀ ਉਮੀਦਵਾਰ ਹਾਸ਼ਮੀ (61), ਨੂੰ 1,465,634 ਵੋਟਾਂ ਮਿਲੀਆਂ, ਜਦੋਂ ਕਿ ਉਨ੍ਹਾਂ ਦੇ ਰਿਪਬਲਿਕਨ ਵਿਰੋਧੀ ਜੌਨ ਰੀਡ ਨੂੰ 1,232,242 ਵੋਟਾਂ ਮਿਲੀਆਂ। ਕਮਿਊਨਿਟੀ ਸੰਗਠਨ, ਇੰਡੀਅਨ ਅਮਰੀਕਨ ਇਮਪੈਕਟ ਫ਼ੰਡ ਨੇ ਵਰਜੀਨੀਆ ਦੇ ਲੈਫ਼ਟੀਨੈਂਟ ਗਵਰਨਰ ਚੋਣ ਵਿੱਚ ਹਾਸ਼ਮੀ ਨੂੰ ਉਸ ਦੀ ਇਤਿਹਾਸਕ ਜਿੱਤ 'ਤੇ ਵਧਾਈ ਦਿਤੀ।

**ਸਿਨਸਿਨਾਟੀ ਵਿਚ ਭਾਰਤੀ ਮੂਲ ਦੇ ਪੁਰੇਵਾਲ ਨੇ ਜਿੱਤੀ ਮੇਅਰ ਦੀ ਚੋਣ**

ਨਿਊਯਾਰਕ, 5 ਨਵੰਬਰ : ਅਮਰੀਕੀ ਸੂਬੇ ਓਹੀਓ ਦੇ ਸਿਨਸਿਨਾਟੀ ਵਿਚ ਭਾਰਤੀ ਮੂਲ ਦੇ ਆਫ਼ਤਾਬ ਪੁਰੇਵਾਲ ਨੇ ਰਿਪਬਲਿਕਨ ਪਾਰਟੀ ਦੇ ਉਮੀਦਵਾਰ ਅਤੇ ਉਪ ਰਾਸ਼ਟਰਪਤੀ ਜੇ.ਡੀ. ਵਾਂਸ ਦੇ ਮਤਰਏ ਭਰਾ ਕੋਰੀ ਬੋਮੈਨ ਨੂੰ ਹਰਾ ਕੇ ਦੂਜੀ ਵਾਰ ਮੇਅਰ ਦੀ ਚੋਣ ਵਿਚ ਜਿੱਤ ਪ੍ਰਾਪਤ ਕੀਤੀ ਹੈ। ਫੌਕਸ ਨਿਊਜ਼ ਦੀ ਰੀਪੋਰਟ ਅਨੁਸਾਰ ਪੁਰੇਵਾਲ ਦੀ ਮੰਗਲਵਾਰ ਦੀ ਜਿੱਤ ਨੇ ਸਿਨਸਿਨਾਟੀ ਦੀ ਸਥਾਨਕ ਸਰਕਾਰ ਉਤੇ ਡੈਮੋਕ੍ਰੇਟਸ ਦੇ ਕੰਟਰੋਲ ਨੂੰ ਮਜ਼ਬੂਤ ਕੀਤਾ ਹੈ ਅਤੇ ਓਹੀਓ ਦੀ ਸਿਆਸਤ ਵਿਚ ਪੁਰੇਵਾਲ ਦੇ ਕੱਦ ਨੂੰ ਹੋਰ ਵਧਾ ਦਿਤਾ ਹੈ। ਪੁਰੇਵਾਲ ਦੀ ਤਿੱਬਤੀ ਮਾਂ ਬਚਪਨ ਵਿਚ ਕਮਿਊਨਿਸਟ ਚੀਨੀ ਕਬਜ਼ੇ ਤੋਂ ਭੱਜ ਗਈ ਸੀ ਅਤੇ ਇਕ ਦਖਣੀ ਭਾਰਤੀ ਸ਼ਰਨਾਰਥੀ ਕੈਂਪ ਵਿਚ ਵੱਡੀ ਹੋਈ। ਜਦਕਿ ਉਸ ਦਾ ਪਿਤਾ ਇਕ ਪੰਜਾਬੀ ਹੈ।

## ਮਮਦਾਨੀ ਨੂੰ ਮੇਰੇ ਨਾਲ...

ਯਕੀਨਨ ਮੇਰੇ ਪ੍ਰਤੀ ਗੁੱਸੇ ਵਾਲਾ ਅਤੇ ਮੇਰਾ ਖਿਆਲ ਹੈ ਕਿ ਉਸ ਨੂੰ ਮੇਰੇ ਨਾਲ ਬਹੁਤ ਚੰਗਾ ਰਹਿਣਾ ਚਾਹੀਦਾ ਹੈ। ਤੁਸੀਂ ਜਾਣਦੇ ਹੋ, ਮੈਂ ਉਹ ਹਾਂ ਜਿਸਨੂੰ ਉਸ ਤੱਕ ਆਉਣ ਵਾਲੀਆਂ ਬਹੁਤ ਸਾਰੀਆਂ ਚੀਜ਼ਾਂ ਨੂੰ ਮਨਜ਼ੂਰੀ ਦੇਣੀ ਪੈਂਦੀ ਹੈ। ਇਸ ਲਈ ਉਸਦੀ ਸ਼ੁਰੂਆਤ ਮਾੜੀ ਹੋਈ ਹੈ।" ਆਪਣੇ ਜੋਸ਼ੀਲੇ ਭਾਸ਼ਣ ਵਿੱਚ, ਮਮਦਾਨੀ ਨੇ ਟਰੰਪ ਨੂੰ ਚੁਣੌਤੀ ਦਿੱਤੀ ਅਤੇ "ਸਿਆਸੀ ਰਾਜਵੰਸ਼" ਦੇ ਢਹਿ ਢੇਰੀ ਹੋਣ ਦਾ ਐਲਾਨ ਕੀਤਾ। ਟਰੰਪ ਵੱਲੋਂ ਇਮੀਗ੍ਰੇਸ਼ਨ 'ਤੇ ਸਖ਼ਤੀ ਦੇ ਵਿਚਕਾਰ ਮਮਦਾਨੀ ਨੇ ਕਿਹਾ ਕਿ ਨਿਊਯਾਰਕ ਪਰਵਾਸੀਆਂ ਰਾਹੀਂ ਸ਼ਕਤੀ ਪ੍ਰਾਪਤ ਕਰੇਗਾ ਅਤੇ ਉਸ ਦੀ ਇਤਿਹਾਸਕ ਜਿੱਤ ਤੋਂ ਬਾਅਦ ਇਸਦੀ ਅਗਵਾਈ ਇੱਕ ਪਰਵਾਸੀ ਵੱਲੋਂ ਕੀਤੀ ਜਾਵੇਗੀ। ਮਮਦਾਨੀ ਨੇ ਜ਼ੋਰਦਾਰ ਤਾੜੀਆਂ ਦੀ ਗੂੰਜ ਵਿੱਚ ਕਿਹਾ, "ਆਖਰਕਾਰ, ਜੇ ਕੋਈ ਕੌਮ ਨੂੰ ਡੋਨਲਡ ਟਰੰਪ ਨੂੰ ਹਰਾਉਣਾ ਸਿਖਾ ਸਕਦਾ ਹੈ, ਤਾਂ ਇਹ ਉਹ ਸ਼ਹਿਰ ਹੈ ਜਿਸ ਨੇ ਉਸ ਨੂੰ ਜਨਮ ਦਿੱਤਾ ਅਤੇ ਜੇਕਰ ਕਿਸੇ ਜ਼ਾਲਮ ਨੂੰ ਡਰਾਉਣ ਦਾ ਕੋਈ ਤਰੀਕਾ ਹੈ, ਤਾਂ ਉਹ ਉਨ੍ਹਾਂ ਹਾਲਾਤਾਂ ਨੂੰ ਖਤਮ ਕਰਨਾ ਹੈ ਜਿਨ੍ਹਾਂ ਨੇ ਉਸਨੂੰ ਸ਼ਕਤੀ ਇਕੱਠੀ ਕਰਨ ਦੀ ਇਜਾਜ਼ਤ ਦਿੱਤੀ।" ਮਮਦਾਨੀ ਨੇ ਆਪਣੇ ਭਾਸ਼ਣ ਦੌਰਾਨ ਕਿਹਾ, "ਡੋਨਲਡ ਟਰੰਪ, ਕਿਉਂਕਿ ਮੈਂ ਜਾਣਦਾ ਹਾਂ ਕਿ ਤੁਸੀਂ ਦੇਖ ਰਹੇ ਹੋ, ਮੇਰੇ ਕੋਲ ਤੁਹਾਡੇ ਲਈ ਚਾਰ ਸ਼ਬਦ ਹਨ: ਆਵਾਜ਼ ਉੱਚੀ ਕਰ ਲਓ" ਅਤੇ ਕਈ ਟਿੱਪਣੀਆਂ ਕੀਤੀਆਂ। ਜਦੋਂ ਟਰੰਪ ਨੂੰ ਮਮਦਾਨੀ ਦੇ ਤਿੱਖੇ ਹਮਲੇ ਦਾ ਜਵਾਬ ਦੇਣ ਲਈ ਕਿਹਾ ਗਿਆ, ਤਾਂ ਟਰੰਪ ਨੇ ਕਿਹਾ ਕਿ ਇਹ "ਅਸਲ ਵਿੱਚ ਉਸਦੇ ਲਈ ਇੱਕ ਬਹੁਤ ਖ਼ਤਰਨਾਕ ਬਿਆਨ" ਹੈ।

# ਇੱਕੋ ਪਰਿਵਾਰ ਦੇ ਤਿੰਨ ਮੈਂਬਰਾਂ ਨੂੰ ਨਹਿਰ 'ਚ ਧੱਕਾ ਦੇ ਕੇ ਮਾਰਿਆ, ਮੁਲਜ਼ਮ ਗ੍ਰਿਫ਼ਤਾਰ



ਬਰਨਾਲਾ ਤੋਂ ਦੁਖਦਾਈ ਖਬਰ ਸਾਹਮਣੇ ਆਈ ਹੈ। ਇਥੇ ਪਿੰਡ ਸੇਖਾ ਵਿਖੇ ਇੱਕੋ ਪਰਿਵਾਰ ਦੇ ਤਿੰਨ ਮੈਂਬਰਾਂ ਨੂੰ ਨਹਿਰ ਵਿੱਚ ਧੱਕਾ ਦੇ ਕੇ ਮੌਤ ਦੇ ਘਾਟ ਉਤਾਰਨ ਵਾਲੇ ਇੱਕ ਵਿਅਕਤੀ ਨੂੰ ਬਰਨਾਲਾ ਪੁਲਿਸ ਵੱਲੋਂ ਗ੍ਰਿਫਤਾਰ ਕਰ ਲਿਆ ਗਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਐਸਐਸਪੀ ਬਰਨਾਲਾ ਮੁਹੰਮਦ ਸਰਫਰਾਜ ਆਲਮ ਨੇ ਦੱਸਿਆ ਕਿ ਪਿੰਡ ਸੇਖਾ ਦੇ ਰਹਿਣ ਵਾਲੇ ਇੱਕੋ ਪਰਿਵਾਰ ਦੇ ਕਿਰਨਜੀਤ ਕੌਰ (45), ਪੁੱਤਰੀ ਸੁਖਚੈਨਪ੍ਰੀਤ ਕੌਰ (25) ਅਤੇ ਪੁੱਤਰ ਹਰਮਨਜੀਤ ਸਿੰਘ (22) ਦੀ ਗੁਮਸ਼ੁਦਾ ਹੋਣ ਸਬੰਧੀ ਥਾਣਾ ਸਦਰ ਬਰਨਾਲਾ ਵਿਖੇ ਰਿਪੋਰਟ ਦਰਜ ਕੀਤੀ ਗਈ ਸੀ। ਲੇਕਿਨ ਪੁਲਿਸ ਨੇ ਇਸ ਕੇਸ ਦੀ ਬਾਰੀਕੀ ਨਾਲ ਜਾਂਚ ਕਰਦਿਆਂ ਕੁਲਵੰਤ ਸਿੰਘ ਉਰਫ ਕ੍ਰਾਂਤੀ ਨੂੰ ਗ੍ਰਿਫਤਾਰ ਕਰਦਿਆਂ ਜਦੋਂ ਉਸ ਤੋਂ ਪੁੱਛਗਿੱਛ ਕੀਤੀ ਤਾਂ ਪਤਾ ਲੱਗਿਆ ਕਿ ਕੁਲਵੰਤ ਸਿੰਘ ਦੇ ਕਿਰਨਜੀਤ ਕੌਰ ਨਾਲ ਪਿਛਲੇ ਕਾਫੀ ਲੰਬੇ ਸਮੇਂ ਤੋਂ ਸੰਬੰਧ ਸਨ। ਕਿਰਨਜੀਤ ਕੌਰ ਦੀ ਜ਼ਮੀਨ ਵੇਚਣ ਤੋਂ ਬਾਅਦ ਪ੍ਰਾਪਤ ਹੋਏ 20 ਲੱਖ ਰੁਪਏ ਦੀ ਹੇਰਾਫੇਰੀ ਕੀਤੀ ਸੀ। ਜਿਸ ਸਬੰਧੀ ਕਿਰਨਜੀਤ ਕੌਰ ਆਪਣੇ ਪੈਸਿਆਂ ਦੀ ਮੰਗ ਕਰ ਰਹੀ ਸੀ। ਜਿਸ ਤੋਂ ਬਾਅਦ ਕੁਲਵੰਤ ਸਿੰਘ ਆਪਣੇ ਨਾਲ ਕਿਰਨਜੀਤ ਕੌਰ ਉਸ ਦੀ ਪੁੱਤਰੀ ਅਤੇ ਉਸਦੇ ਪੁੱਤਰ ਨੂੰ ਨਾਲ ਲੈ ਕੇ ਨੈਣਾਂ ਦੇਵੀ ਮਾਤਾ ਦੀ ਯਾਤਰਾ ਲਈ ਲੈ ਗਿਆ। ਜਿਸ ਨੇ ਵਾਪਸ ਆਉਂਦੇ ਸਮੇਂ ਪਟਿਆਲਾ ਨੇੜੇ ਭਾਖੜਾ ਨਹਿਰ ਕੋਲ ਨਾਰੀਅਲ ਅਤੇ ਨਿਆਜ਼ ਚੜਾਉਣ ਦਾ ਬਹਾਨਾ ਲਾ ਕੇ ਕਿਰਨਜੀਤ ਕੌਰ, ਉਸ ਦੀ ਪੁੱਤਰੀ ਅਤੇ ਉਸ ਦੇ ਪੁੱਤਰ ਨੂੰ ਨਹਿਰ ਵਿੱਚ ਧੱਕਾ ਦੇ ਦਿੱਤਾ। ਪੁਲਿਸ ਨੇ ਕੁਲਵੰਤ ਸਿੰਘ ਨੂੰ ਗ੍ਰਿਫਤਾਰ ਕਰਕੇ ਉਸ ਦਾ ਮਾਨਯੋਗ ਅਦਾਲਤ ਵਿੱਚੋਂ ਰਿਮਾਂਡ ਹਾਸਲ ਕਰ ਲਿਆ ਹੈ ਤਾਂ ਕਿ ਹੋਰ ਵੀ ਪੁੱਛਗਿਛ ਕੀਤੀ ਜਾਵੇ।

# ਜ਼ੋਹਰਾਨ ਮਮਦਾਨੀ ਨੇ ਕਰਾਈ ਬੱਲੇ-ਬੱਲੇ

## ਨਿਊਯਾਰਕ ਮੇਅਰ ਦੀ ਚੋਣ ਜਿੱਤੀ



ਨਿਊਯਾਰਕ ਸ਼ਹਿਰ ਦੀਆਂ ਮੇਅਰ ਚੋਣਾਂ ਰਾਸ਼ਟਰਪਤੀ ਡੋਨਾਲਡ ਟਰੰਪ ਦੀਆਂ ਤਮਾਮ ਕੋਸ਼ਿਸ਼ਾਂ ਦੇ ਬਾਵਜੂਦ ਭਾਰਤੀ ਭਾਰਤੀ ਮੂਲ ਦੇ ਉਮੀਦਵਾਰ ਜੋਹਰਾਨ ਮਮਦਾਨੀ ਨੇ ਇਤਿਹਾਸਕ ਜਿੱਤ ਦਰਜ ਕੀਤੀ ਹੈ। ਡੈਮੋਕ੍ਰੇਟਿਕ ਸੋਸ਼ਲਿਸਟ ਉਮੀਦਵਾਰ ਮਮਦਾਨੀ ਨੇ ਇਨ੍ਹਾਂ ਚੋਣਾਂ 'ਚ ਸਾਬਕਾ ਗਵਰਨਰ ਐਂਡ੍ਰਿਊ ਕੁਓਮੋ ਅਤੇ ਰਿਪਬਲਿਕਨ ਉਮੀਦਵਾਰ ਕਰਟਿਸ ਸਲਿਵਾ ਨੂੰ ਕਰਾਰੀ ਹਾਰ ਦਿੱਤੀ ਹੈ। ਇਸ ਜਿੱਤ ਨਾਲ ਜੋਹਰਾਨ ਮਮਦਾਨੀ ਨਿਊਯਾਰਕ ਸ਼ਹਿਰ ਦੇ ਪਹਿਲੇ ਮੁਸਲਿਮ ਮੇਅਰ ਅਤੇ ਪਹਿਲੇ ਦੱਖਣੀ ਏਸ਼ੀਆਈ ਮੂਲ ਦੇ ਮੇਅਰ ਬਣ ਗਏ ਹਨ। ਇਸ ਤੋਂ ਇਲਾਵਾ 34 ਸਾਲਾ ਮਮਦਾਨੀ ਇੱਕ ਸਦੀ ਤੋਂ ਵੱਧ ਸਮੇਂ ਵਿੱਚ ਸ਼ਹਿਰ ਦੇ ਸਭ ਤੋਂ ਘੱਟ ਉਮਰ ਦੇ ਮੇਅਰ ਵੀ ਹੋਣਗੇ। ਜੋਹਰਾਨ ਮਮਦਾਨੀ ਮਸ਼ਹੂਰ ਭਾਰਤੀ ਫਿਲਮ ਨਿਰਮਾਤਾ ਮੀਰਾ ਨਾਇਰ ਦੇ ਪੁੱਤਰ ਹਨ, ਜਦਕਿ ਉਨ੍ਹਾਂ ਦੇ ਪਿਤਾ ਮਹਿਮੂਦ ਮਮਦਾਨੀ ਦਾ ਜਨਮ ਮੁੰਬਈ ਵਿੱਚ ਹੋਇਆ ਸੀ। ਇਹ ਜਿੱਤ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਲਈ ਇੱਕ ਵੱਡਾ ਝਟਕਾ ਮੰਨੀ ਜਾ ਰਹੀ ਹੈ, ਜਿਨ੍ਹਾਂ ਨੇ ਖੁੱਲ੍ਹੇ ਤੌਰ 'ਤੇ ਮਮਦਾਨੀ ਨੂੰ ਵੋਟ ਨਾ ਦੇਣ ਦੀ ਅਪੀਲ ਕੀਤੀ ਸੀ ਅਤੇ ਉਨ੍ਹਾਂ ਦੇ ਵਿਰੋਧੀ ਉਮੀਦਵਾਰ ਐਂਡ੍ਰਿਊ ਕੁਓਮੋ ਦਾ ਸਮਰਥਨ ਕੀਤਾ ਸੀ।

ਮਮਦਾਨੀ ਨੇ ਆਪਣੇ ਪ੍ਰਚਾਰ ਵਿੱਚ ਮੁੱਖ ਤੌਰ 'ਤੇ ਕਿਰਾਏ 'ਤੇ ਕੰਟਰੋਲ ਵਧਾਉਣ ਅਤੇ ਰਿਹਾਇਸ਼ੀ ਸੰਕਟ ਨੂੰ ਖ਼ਤਮ ਕਰਨ ਵਰਗੇ ਪ੍ਰਗਤੀਸ਼ੀਲ ਵਾਅਦੇ ਕੀਤੇ ਸਨ, ਜਿਨ੍ਹਾਂ ਤੋਂ ਪ੍ਰਭਾਵਿਤ ਹੋ ਕੇ ਲੋਕਾਂ ਨੇ ਉਨ੍ਹਾਂ ਦਾ ਕਾਫ਼ੀ ਸਮਰਥਨ ਕੀਤਾ ਤੇ ਵੋਟ ਪਾ ਕੇ ਉਨ੍ਹਾਂ ਨੂੰ ਸ਼ਹਿਰ ਦਾ ਮੇਅਰ ਬਣਾਇਆ। ਇਸ ਜਿੱਤ ਮਗਰੋਂ ਮਮਦਾਨੀ ਨੇ ਕਿਹਾ, "ਮੈਂ ਹਰ ਨਿਊਯਾਰਕਵਾਸੀ ਦਾ ਮੇਅਰ ਬਣਾਂਗਾ।" ਪ੍ਰੋਗਰੈਸਿਵ ਡੈਮੋਕ੍ਰੇਟ ਜ਼ੋਹਰਾਨ ਮਮਦਾਨੀ ਦਾ ਸਾਹਮਣਾ ਆਜ਼ਾਦ ਐਂਡਰਿਊ ਕੁਓਮੋ ਅਤੇ ਰਿਪਬਲਿਕਨ ਕਰਟਿਸ ਸਲੀਵਾ ਨਾਲ ਸੀ। ਜ਼ੋਹਰਾਨ ਮਮਦਾਨੀ ਦੇ ਅਚਾਨਕ ਉਭਾਰ ਨੇ ਸ਼ਹਿਰ ਦੇ ਅਮੀਰ ਕੁਲੀਨ ਵਰਗ ਨੂੰ ਹੈਰਾਨ ਕਰ ਦਿੱਤਾ ਹੈ। ਰਿਪਬਲਿਕਨਾਂ ਅਤੇ ਇੱਥੋਂ ਤੱਕ ਕਿ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਵੀ ਮਮਦਾਨੀ ਦਾ ਸਖ਼ਤ ਵਿਰੋਧ ਕੀਤਾ ਹੈ।

ਡੈਮੋਕ੍ਰੇਟਿਕ ਉਮੀਦਵਾਰ ਜ਼ੋਹਰਾਨ ਮਮਦਾਨੀ ਨੇ ਨਿਊਯਾਰਕ ਸਿਟੀ ਮੇਅਰ ਦੀ ਚੋਣ ਆਜ਼ਾਦ ਉਮੀਦਵਾਰ ਅਤੇ ਸਾਬਕਾ ਗਵਰਨਰ ਐਂਡਰਿਊ ਕੁਓਮੋ ਅਤੇ ਰਿਪਬਲਿਕਨ ਉਮੀਦਵਾਰ ਕਰਟਿਸ ਸਲੀਵਾ ਖਿਲਾਫ ਜਿੱਤ ਲਈ ਹੈ। ਸ਼ਹਿਰ ਦੇ ਚੋਣ ਬੋਰਡ ਨੇ ਰਿਪੋਰਟ ਦਿੱਤੀ ਕਿ 20 ਲੱਖ ਤੋਂ ਵੱਧ ਵੋਟਰਾਂ ਨੇ ਆਪਣੀ ਵੋਟ ਪਾਈ, ਜੋ ਕਿ 1969 ਤੋਂ ਬਾਅਦ ਕਿਸੇ ਮੇਅਰ ਦੀ ਚੋਣ ਵਿੱਚ ਸਭ ਤੋਂ ਵੱਧ ਵੋਟਿੰਗ ਹੈ। ਸ਼ਹਿਰ ਦੀ ਆਬਾਦੀ ਲਗਭਗ 8.5 ਮਿਲੀਅਨ ਹੈ।

# FBI ਵੱਲੋਂ ਟਰੰਪ ਵਿਰੁੱਧ ਜਾਂਚ 'ਚ ਸ਼ਾਮਿਲ ਹੋਰ ਏਜੰਟ ਬਰਖ਼ਾਸਤ

## 2020 ਦੀਆਂ ਰਾਸ਼ਟਰਪਤੀ ਚੋਣਾਂ ਨਾਲ ਸਬੰਧਿਤ ਮਾਮਲਾ



ਅਮਰੀਕਾ ਤੋਂ ਵੱਡੀ ਖ਼ਬਰ ਆ ਰਹੀ ਹੈ, ਜਿੱਥੇ ਐਫਬੀਆਈ ਵੱਲੋਂ ਵੱਡੇ ਪੱਧਰ 'ਤੇ ਛਾਂਟੀ ਦੀਆਂ ਖ਼ਬਰਾਂ ਸਾਹਮਣੇ ਆ ਰਹੀਆਂ ਹਨ। ਦੱਸਿਆ ਜਾ ਰਿਹਾ ਹੈ ਕਿ ਐਫਬੀਆਈ ਨੇ 2020 ਦੀਆਂ ਅਮਰੀਕੀ ਰਾਸ਼ਟਰਪਤੀ ਚੋਣਾਂ ਨੂੰ ਉਲਟਾਉਣ ਦੀਆਂ ਕੋਸ਼ਿਸ਼ਾਂ ਅਤੇ ਟਰੰਪ ਪ੍ਰਸ਼ਾਸਨ ਨੂੰ ਨਾਰਾਜ਼ ਕਰਨ ਦੀ ਜਾਂਚ ਵਿੱਚ ਸ਼ਾਮਿਲ ਕਈ ਏਜੰਟਾਂ ਅਤੇ ਸੀਨੀਅਰ ਅਧਿਕਾਰੀਆਂ ਨੂੰ ਬਰਖਾਸਤ ਕਰ ਦਿੱਤਾ ਹੈ। ਸੂਤਰਾਂ ਅਨੁਸਾਰ ਕਰਮਚਾਰੀਆਂ ਨੂੰ ਇਸ ਹਫ਼ਤੇ ਛਾਂਟੀ ਬਾਰੇ ਸੂਚਿਤ ਕੀਤਾ ਗਿਆ ਸੀ, ਪਰ ਡੀਸੀ ਦੇ ਅਮਰੀਕੀ ਅਟਾਰਨੀ ਜੀਨਾਈਨ ਪੀਰੋ ਦੇ ਇਤਰਾਜ਼ਾਂ ਤੋਂ ਬਾਅਦ ਪ੍ਰਕਿਰਿਆ ਨੂੰ ਕੁਝ ਸਮੇਂ ਲਈ ਰੋਕ ਦਿੱਤਾ ਗਿਆ ਸੀ। ਇਸ ਦੇ ਬਾਵਜੂਦ, ਉਨ੍ਹਾਂ ਨੂੰ ਮੰਗਲਵਾਰ ਨੂੰ ਦੁਬਾਰਾ ਹਟਾ ਦਿੱਤਾ ਗਿਆ, ਹਾਲਾਂਕਿ ਇਸ ਬਦਲਾਅ ਦਾ ਕਾਰਨ ਸਪੱਸ਼ਟ ਨਹੀਂ ਹੈ। ਐਫਬੀਆਈ ਡਾਇਰੈਕਟਰ ਕਸ਼ ਪਟੇਲ ਦੀ ਅਗਵਾਈ ਹੇਠ ਛਾਂਟੀ ਜਾਰੀ ਹੈ। ਹਾਲ ਹੀ ਦੇ ਮਹੀਨਿਆਂ ਵਿੱਚ, ਕਈ ਸੀਨੀਅਰ ਅਧਿਕਾਰੀਆਂ ਅਤੇ ਏਜੰਟਾਂ ਨੂੰ ਬਰਖਾਸਤ ਕਰ ਦਿੱਤਾ ਗਿਆ ਹੈ ਜਿਨ੍ਹਾਂ ਦੇ ਕੰਮ ਨੇ ਪ੍ਰਸ਼ਾਸਨ ਨੂੰ ਨਾਰਾਜ਼ ਕੀਤਾ ਹੈ। ਸਤੰਬਰ ਵਿੱਚ, ਤਿੰਨ ਸੀਨੀਅਰ ਅਧਿਕਾਰੀਆਂ ਨੇ ਪਟੇਲ ਵਿਰੁੱਧ ਮੁਕੱਦਮਾ ਦਾਇਰ ਕੀਤਾ, ਜਿਸ ਵਿੱਚ ਦੋਸ਼ ਲਗਾਇਆ ਗਿਆ ਕਿ ਉਹ ਰਾਜਨੀਤਿਕ ਦਬਾਅ ਹੇਠ ਕੰਮ ਕਰ ਰਿਹਾ ਸੀ। ਐਫਬੀਆਈ ਏਜੰਟ ਐਸੋਸੀਏਸ਼ਨ ਨੇ ਕਿਹਾ ਕਿ ਪਟੇਲ ਨੇ ਕਾਨੂੰਨ ਦੀ ਅਣਦੇਖੀ ਕਰਦੇ ਹੋਏ, ਇੱਕ ਬੇਮਿਸਾਲ ਅਤੇ ਮਨਮਾਨੀ ਢੰਗ ਨਾਲ ਕੰਮ ਕੀਤਾ ਹੈ। ਉਨ੍ਹਾਂ ਦਲੀਲ ਦਿੱਤੀ ਕਿ ਸਿਰਫ਼ ਏਜੰਟ ਦੁਆਰਾ ਕਾਨੂੰਨੀ ਤੌਰ 'ਤੇ ਜਾਂਚ ਕਰਨਾ ਬਰਖਾਸਤਗੀ ਦਾ ਆਧਾਰ ਨਹੀਂ ਹੈ। ਇਹ ਧਿਆਨ ਦੇਣ ਯੋਗ ਹੈ ਕਿ ਵਿਸ਼ੇਸ਼ ਸਹਾਇਕ ਜੈਕ ਸਮਿਥ ਨੇ 2020 ਦੀ ਚੋਣ ਜਾਂਚ ਦੌਰਾਨ ਟਰੰਪ ਵਿਰੁੱਧ ਕੇਸ ਦਾਇਰ ਕੀਤੇ ਸਨ। ਰਿਪਬਲਿਕਨ ਕਾਨੂੰਨਸਾਜ਼ਾਂ ਨੇ ਦੋਸ਼ ਲਗਾਇਆ ਕਿ ਬਾਇਡਨ ਪ੍ਰਸ਼ਾਸਨ ਨੇ ਜਾਂਚ ਨੂੰ ਰਾਜਨੀਤਿਕ ਹਥਿਆਰ ਵਜੋਂ ਵਰਤਿਆ। ਇਸ ਛਾਂਟੀ ਮੁਹਿੰਮ ਵਿੱਚ, ਐਫਬੀਆਈ ਨੇ ਵਾਸ਼ਿੰਗਟਨ ਫੀਲਡ ਆਫਿਸ ਦੇ ਮੁਖੀ ਅਤੇ ਸਾਬਕਾ ਕਾਰਜਕਾਰੀ ਨਿਰਦੇਸ਼ਕ ਨੂੰ ਵੀ ਹਟਾ ਦਿੱਤਾ ਸੀ। ਇਸ ਤੋਂ ਇਲਾਵਾ, ਉਨ੍ਹਾਂ ਏਜੰਟਾਂ ਨੂੰ ਨੌਕਰੀ ਤੋਂ ਕੱਢ ਦਿੱਤਾ ਗਿਆ ਸੀ ਜਿਨ੍ਹਾਂ ਨੇ 2020 ਵਿੱਚ ਜਾਰਜ ਫਲਾਇਡ ਦੀ ਮੌਤ ਤੋਂ ਬਾਅਦ ਨਸਲੀ ਨਿਆਂ ਵਿਰੋਧ ਪ੍ਰਦਰਸ਼ਨਾਂ ਦੌਰਾਨ ਗੋਡੇ ਟੇਕਣ ਦੀਆਂ ਫੋਟੋਆਂ ਸਾਂਝੀਆਂ ਕੀਤੀਆਂ ਸਨ।


REXDALE Financial Services

ਪੰਜਾਬੀਆਂ ਦਾ ਆਪਣਾ ਲੋਨ ਦਾ ਡੀਪੂ

Tired Of Paying High Interest?
PAY OFF YOUR DEBTS!!!
BANKS SAY NO? WE SAY YES!
YOU NEED A MORTGAGE ?
WE'LL ARRANGE IT FOR YOU
NO MATTER WHAT YOUR REASON IS !

Increase Your Cash Flow by Upto 50%
SELF-EMPLOYED OR UN-EMPLOYED
Some Conditions Apply

Dir: 416-677-0047

NO CREDIT
ANY CREDIT



Office: 416-674-7050
Fax: 416-674-9009
EMail: paulgahunia@hotmail.com

Jaspal Singh Gahunia
# M08006400
Lic # 10686

19 Woodbine Downs Blvd., Suite#201, Etobicoke, ON. M9W 6N5
The Mortgage Centre



Best Bargain Carpet & Flooring

Residential - Commercial - Industrial
Sale & Custom Installation done by Professionals

LAUZON Distinctive Hardwood Flooring
PEERLESS

5 Year Installation Warranty on all Carpets & Flooring

ਵਾਜਬ ਕੀਮਤਾਂ ਅਤੇ ਵਧੀਆ ਸੇਵਾਵਾਂ

* Hardwood * Laminate * Vinyl * Wall to Wall Carpers * Hall Runners
* Oriental Rugs * Custom Made Area Rugs * All Kinds of Carpet Binding

FREE Shop at Home Service



WE WILL BEAT ALL THE BEST PRICES

Tel: 905-696-7877
Cell: 416-937-2856
1332 Khalsa Drive, Unit#21
Mississauga, ON L5S 0A2
Email:- best_bargain@hotmail.com
Gurpreet Singh



BEST TRUCK REPAIR & TIRE CENTER

ਅਸੀਂ ਸੇਫਟੀ, ਇੰਸਪੈਕਸ਼ਨ ਅਤੇ ਹਰ ਤਰ੍ਹਾਂ ਦੇ ਟਰੱਕਾਂ, ਟ੍ਰੇਲਰਜ਼ ਦੀ ਰਿਪੇਅਰ ਕਰਦੇ ਹਾਂ, ਅਤੇ ਅਸੀਂ ਹਰ ਬ੍ਰੈਂਡ ਦੇ ਨਵੇਂ ਅਤੇ ਪੁਰਾਣੇ ਟਾਇਰ ਵੀ ਵੇਚਦੇ ਹਾਂ

ਅਸੀਂ ਕਿਸੇ ਵੀ ਐਡਵਰਟਾਈਜ਼ ਕੀਤੀ ਕੀਮਤ ਨੂੰ ਬੀਟ ਕਰਦੇ ਹਾਂ

WINTER SPECIAL SALE
Brand new truck Alignment machine & you will get print out as well.
Winter ਲਈ ਆਪਣੇ ਟਰੱਕ ਨੂੰ ਤਿਆਰ ਕਰਵਾਓ, ਹਰ ਕੰਮ ਬਹੁਤ ਵਾਜਬ ਕੀਮਤ 'ਤੇ ਕਰਵਾ ਸਕਦੇ ਹੋ

4 Rear Break & Drum
USA Mace
Special Rates
with Installation

CAT Batteries 1000c Under Warranty $550 Installation Included

MICHELIN, BFGoodrich, DUNLOP, GOODYEAR, HANKOOK, Xceed, AEOLUS



We specialize in Engine, Transmission, Differential Rebuilt & all kind of Electric work.

Ph: 905-625-0055, 416-624-8351
1715 Sismet Road, Mississauga, ON. L4W 1P9
www.besttruckrepairandtire.ca

ਟਰੱਕਾਂ ਅਤੇ ਟ੍ਰੇਲਰਾਂ ਦੇ ਨਵੇਂ/ਪੁਰਾਣੇ ਟਾਇਰ
ਅਸੀਂ Chevron & Delo ਦਾ ਤੇਲ ਹੀ ਵਰਤਦੇ ਹਾਂ

Open 7 Days a Week.

# ਪੰਜਾਬ ਕਾਂਗਰਸ ਪ੍ਰਧਾਨ ਰਾਜਾ ਵੜਿੰਗ ਨੂੰ ਧਮਕੀ!

## ਪਹਿਲਾਂ ਵ੍ਹਾਟਸਐਪ ਕਾਲ, ਫਿਰ ਆਇਆ ਵੌਇਸ ਮੈਸੇਜ



ਪੰਜਾਬ ਕਾਂਗਰਸ ਦੇ ਪ੍ਰਧਾਨ ਅਤੇ ਲੁਧਿਆਣਾ ਤੋਂ ਸੰਸਦ ਮੈਂਬਰ ਅਮਰਿੰਦਰ ਸਿੰਘ ਰਾਜਾ ਵੜਿੰਗ ਅਤੇ ਉਸ ਦੇ ਪਰਿਵਾਰ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਮਿਲੀਆਂ ਹਨ। ਵੜਿੰਗ ਤੋਂ ਇਲਾਵਾ, ਸੀਨੀਅਰ ਕਾਂਗਰਸੀ ਨੇਤਾ ਰਾਜਬੀਰ ਭੁੱਲਰ ਨੂੰ ਵੀ ਧਮਕੀਆਂ ਦਿੱਤੀਆਂ ਗਈਆਂ ਹਨ।

ਪੁਲਿਸ ਨੇ ਪਾਕਿਸਤਾਨ ਵਿਚ ਬੈਠੇ ਇੱਕ 3 ਬਦਮਾਸ਼ਾਂ ਖਿਲਾਫ ਐਫਆਈਆਰ ਦਰਜ ਕੀਤੀ ਗਈ ਹੈ। ਰਾਜਾ ਵੜਿੰਗ ਨੇ ਹਾਲ ਹੀ ਵਿੱਚ ਚੋਣ ਪ੍ਰਚਾਰ ਦੌਰਾਨ ਚੋਣਾਂ ਦੌਰਾਨ ਬਦਮਾਸ਼ਾਂ ਵੱਲੋਂ ਉਸ ਨੂੰ ਧਮਕਾਉਣ ਬਾਰੇ ਸਵਾਲ ਉਠਾਏ ਸਨ।

ਇਸ ਧਮਕੀ ਨੂੰ ਵੜਿੰਗ ਦੇ ਬਿਆਨ ਨਾਲ ਜੋੜਿਆ ਜਾ ਰਿਹਾ ਹੈ। ਹਾਲਾਂਕਿ, ਪੁਲਿਸ ਨੇ ਅਜੇ ਤੱਕ ਇਸ ਮਾਮਲੇ 'ਤੇ ਕੋਈ ਅਧਿਕਾਰਤ ਬਿਆਨ ਨਹੀਂ ਦਿੱਤਾ ਹੈ। ਇਸ ਧਮਕੀ ਤੋਂ ਬਾਅਦ ਕਾਂਗਰਸੀ ਨੇਤਾ ਰਾਜਬੀਰ ਭੁੱਲਰ ਨੇ ਐਸਐਸਪੀ ਤੋਂ ਸੁਰੱਖਿਆ ਦੀ ਮੰਗ ਕੀਤੀ ਹੈ। ਸੀਨੀਅਰ ਕਾਂਗਰਸੀ ਨੇਤਾ ਰਾਜਬੀਰ ਸਿੰਘ ਭੁੱਲਰ ਨੇ ਪੁਲਿਸ ਨੂੰ ਸ਼ਿਕਾਇਤ ਕੀਤੀ ਕਿ ਉਨ੍ਹਾਂ ਨੂੰ 31 ਅਕਤੂਬਰ ਨੂੰ ਇੱਕ ਵਿਦੇਸ਼ੀ ਨੰਬਰ ਤੋਂ ਵ੍ਹਾਟਸਐਪ ਕਾਲ ਆਈ ਸੀ। ਕਾਲ ਵਿੱਚ ਉਸ ਨੂੰ ਅਤੇ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੂੰ ਜਾਨੋਂ ਮਾਰਨ ਦੀ ਧਮਕੀ ਦਿੱਤੀ ਗਈ ਸੀ।

ਇੱਕ ਵੌਇਸ ਮੈਸੇਜ ਭੇਜਿਆ ਗਿਆ ਸੀ ਜਿਸ ਵਿੱਚ ਕਿਹਾ ਗਿਆ ਸੀ ਕਿ ਉਹ ਵੜਿੰਗ ਅਤੇ ਉਸ ਦੇ ਪਰਿਵਾਰ ਨੂੰ ਖਤਮ ਕਰ ਦੇਣਗੇ। ਭੁੱਲਰ ਨੇ ਅੱਗੇ ਦੱਸਿਆ ਕਿ ਉਸ ਦਿਨ ਬਾਅਦ ਵਿੱਚ ਇੱਕ ਵੌਇਸ ਮੈਸੇਜ ਮਿਲਿਆ ਜਿਸ ਵਿੱਚ ਕਿਹਾ ਗਿਆ ਸੀ ਕਿ ਰਾਜਾ ਵੜਿੰਗ ਅਤੇ ਉਸ ਦੇ ਪਰਿਵਾਰ ਨੂੰ ਖਤਮ ਕਰ ਦਿੱਤਾ ਜਾਵੇਗਾ ਅਤੇ ਰਾਜਬੀਰ ਭੁੱਲਰ ਨੂੰ ਵੀ ਬਖਸ਼ਿਆ ਨਹੀਂ ਜਾਵੇਗਾ। ਇਸ ਤੋਂ ਬਾਅਦ ਭੁੱਲਰ ਨੇ ਇਸ ਮਾਮਲੇ ਦੀ ਸ਼ਿਕਾਇਤ ਤਰਨਤਾਰਨ ਦੇ ਐਸਐਸਪੀ ਨੂੰ ਕੀਤੀ।

# ਸਵਰਨਜੀਤ ਖਾਲਸਾ ਨੇ ਅਮਰੀਕਾ 'ਚ ਕਰਾਈ ਪੰਜਾਬੀਆਂ ਦੀ ਬੱਲੇ-ਬੱਲੇ

## ਬਣੇ Norwich ਦੇ ਪਹਿਲੇ ਸਿੱਖ ਮੇਅਰ



ਜਲੰਧਰ ਦੇ ਰਹਿਣ ਵਾਲੇ ਪਰਮਿੰਦਰ ਪਾਲ ਖਾਲਸਾ ਦੇ ਪੁੱਤਰ ਸਵਰਨਜੀਤ ਸਿੰਘ ਖਾਲਸਾ ਨੇ ਅਮਰੀਕਾ ਦੇ ਕਨੈਕਟੀਕਟ ਵਿੱਚ ਹੋਈਆਂ ਸਥਾਨਕ ਚੋਣਾਂ ਵਿੱਚ ਇਤਿਹਾਸਕ ਜਿੱਤ ਪ੍ਰਾਪਤ ਕੀਤੀ ਹੈ। ਉਹ ਕਨੈਕਟੀਕਟ ਦੇ ਪਹਿਲੇ ਸਿੱਖ ਮੇਅਰ ਬਣ ਗਏ ਹਨ। ਉਨ੍ਹਾਂ ਨੇ ਚੋਣ ਵਿੱਚ ਰਿਪਬਲਿਕਨ ਉਮੀਦਵਾਰ ਪੀਟਰ ਨਿਸਟ੍ਰੋਮ ਦੀ ਥਾਂ ਲੈਂਦੇ ਹੋਏ ਨੌਰਵਿਚ ਦਾ ਚਾਰਜ ਸੰਭਾਲਿਆ। ਇਸ ਨਾਲ ਸਿੱਖ ਭਾਈਚਾਰੇ ਵਿੱਚ ਖੁਸ਼ੀ ਦਾ ਮਾਹੌਲ ਹੈ।

ਸਵਰਨਜੀਤ ਸਿੰਘ ਨੇ 2,458 ਵੋਟਾਂ ਨਾਲ ਜਿੱਤ ਹਾਸਲ ਕੀਤੀ, ਜਦੋਂ ਕਿ ਉਨ੍ਹਾਂ ਦੇ ਵਿਰੋਧੀ ਟਰੇਸੀ ਗੋਲਡ ਨੂੰ 2,250 ਵੋਟਾਂ ਮਿਲੀਆਂ ਅਤੇ ਆਜ਼ਾਦ ਉਮੀਦਵਾਰ ਮਾਰਸੀਆ ਵਿਲਬਰ ਨੂੰ ਸਿਰਫ਼ 110 ਵੋਟਾਂ ਮਿਲੀਆਂ। ਇਸ ਜਿੱਤ ਨੇ ਡੈਮੋਕ੍ਰੇਟਿਕ ਪਾਰਟੀ ਨੂੰ ਨੌਰਵਿਚ ਵਿੱਚ ਇੱਕ ਅਹਿਮ ਫਾਇਦਾ ਵੀ ਦਿੱਤਾ, ਜਿਥੇ ਪਹਿਲਾਂ ਲੰਬੇ ਸਮੇਂ ਤੋਂ ਰਿਪਬਲਿਕਨਾਂ ਦਾ ਦਬਦਬਾ ਰਿਹਾ ਹੈ। ਖਾਲਸਾ ਦਾ ਪਰਿਵਾਰ ਪੰਜਾਬ ਵਿੱਚ ਪੰਥਕ ਸਿਆਸਤ ਵਿੱਚ ਸਰਗਰਮ ਰਿਹਾ ਹੈ।

ਸਵਰਨਜੀਤ ਸਿੰਘ ਖਾਲਸਾ ਦੇ ਪਿਤਾ, ਪਰਮਿੰਦਰ ਪਾਲ ਖਾਲਸਾ, ਨੇ ਜਲੰਧਰ ਵਿੱਚ ਇੱਕ ਜਾਇਦਾਦ ਦਾ ਕਾਰੋਬਾਰ ਸ਼ੁਰੂ ਕੀਤਾ ਅਤੇ ਕਾਫ਼ੀ ਸਫਲਤਾ ਪ੍ਰਾਪਤ ਕੀਤੀ। ਸਵਰਨਜੀਤ 2007 ਵਿੱਚ ਰੁਜ਼ਗਾਰ ਅਤੇ ਇੱਕ ਨਵੇਂ ਭਵਿੱਖ ਦੀ ਭਾਲ ਵਿੱਚ ਅਮਰੀਕਾ ਚਲੇ ਗਏ। ਨੌਰਵਿਚ ਵਿੱਚ ਉਹ ਸ਼ੁਰੂ ਵਿੱਚ ਇੱਕ ਗੈਸ ਸਟੇਸ਼ਨ ਚਲਾਉਂਦੇ ਸਨ ਅਤੇ ਬਾਅਦ ਵਿੱਚ ਰੀਅਲ ਅਸਟੇਟ ਵਿੱਚ ਵੀ ਪਛਾਣ ਬਣਾਈ।

2021 ਵਿੱਚ ਉਹ ਨੌਰਵਿਚ ਸਿਟੀ ਕੌਂਸਲ ਲਈ ਚੁਣੇ ਗਏ, ਜੋ ਕਿ ਕਨੈਕਟੀਕਟ ਵਿੱਚ ਪਹਿਲਾ ਸਿੱਖ ਨੁਮਾਇੰਦੇ ਸੀ। ਹੁਣ, ਉਹ 2025 ਵਿੱਚ ਸ਼ਹਿਰ ਦਾ ਮੇਅਰ ਬਣੇ ਹਨ, ਜੋ ਕਿ ਸਿੱਖ ਭਾਈਚਾਰੇ ਲਈ ਇੱਕ ਇਤਿਹਾਸਕ ਪਲ ਮੰਨਿਆ ਜਾ ਰਿਹਾ ਹੈ।

ਸਵਰਨਜੀਤ ਸਿੰਘ ਖਾਲਸਾ ਨੇ ਸੰਯੁਕਤ ਰਾਜ ਵਿੱਚ ਸਥਾਨਕ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਨਾਲ ਮਿਲ ਕੇ ਪੁਲਿਸ ਅਧਿਕਾਰੀਆਂ ਨੂੰ ਸਿੱਖ ਧਰਮ, ਦਸਤਾਰ ਅਤੇ ਕਿਰਪਾਨ ਦੀ ਅਸਲੀਅਤ ਅਤੇ ਮਹੱਤਵ ਬਾਰੇ ਸਿੱਖਿਅਤ ਕੀਤਾ। ਉਨ੍ਹਾਂ ਦੇ ਕੰਮ ਦੇ ਸਕਾਰਾਤਮਕ ਪ੍ਰਭਾਵ ਨੂੰ ਦੇਖਦੇ ਹੋਏ ਇੱਕ ਅਮਰੀਕੀ ਕਾਨੂੰਨ ਲਾਗੂ ਕਰਨ ਵਾਲੀ ਏਜੰਸੀ ਨੇ ਉਨ੍ਹਾਂ ਨੂੰ ਨਾਮਜ਼ਦ ਕੀਤਾ ਅਤੇ ਉਨ੍ਹਾਂ ਨੂੰ ਐਫਬੀਆਈ ਲੀਡਰਸ਼ਿਪ ਐਵਾਰਡ ਨਾਲ ਸਨਮਾਨਿਤ ਕੀਤਾ।

ਆਪਣੀ ਚੋਣ ਮੁਹਿੰਮ ਦੌਰਾਨ ਸਵਰਨਜੀਤ ਨੇ ਸਥਾਨਕ ਮੁੱਦਿਆਂ 'ਤੇ ਧਿਆਨ ਕੇਂਦਰਿਤ ਕੀਤਾ, ਜਿਸ ਵਿੱਚ ਕਿਫਾਇਤੀ ਰਿਹਾਇਸ਼, ਸਥਾਨਕ ਕਾਰੋਬਾਰਾਂ ਨੂੰ ਉਤਸ਼ਾਹਿਤ ਕਰਨਾ ਅਤੇ ਭਾਈਚਾਰਕ ਏਕਤਾ ਸ਼ਾਮਲ ਹੈ। ਖਾਲਸਾ ਹੁਣ ਸ਼ਹਿਰ ਦੇ ਬੁਨਿਆਦੀ ਢਾਂਚੇ ਅਤੇ ਡਾਊਨਟਾਊਨ ਵਿਕਾਸ ਨੂੰ ਅੱਗੇ ਵਧਾਉਣ ਲਈ ਸਿਟੀ ਡਿਵੈਲਪਮੈਂਟ ਏਜੰਸੀ ਨਾਲ ਕੰਮ ਕਰ ਰਹੇ ਹਨ। ਇਸ ਨਾਲ ਸਥਾਨਕ ਵਪਾਰੀਆਂ, ਜਿਨ੍ਹਾਂ ਵਿੱਚ ਪੰਜਾਬੀ ਅਤੇ ਭਾਰਤੀ ਭਾਈਚਾਰੇ ਸ਼ਾਮਲ ਹਨ, ਦੀ ਮਦਦ ਹੋਈ ਹੈ।

# ਸ਼ਰਾਬ ਨਾਲ ਡੱਕੇ ਹਰਿਆਣਾ ਦੇ ਵਿਅਕਤੀ ਨੇ ਸ੍ਰੀ ਦਰਬਾਰ ਸਾਹਿਬ ਅੰਦਰ ਦਾਖਲ ਹੋਣ ਦੀ ਕੀਤੀ ਕੋਸ਼ਿਸ਼



ਅੰਮ੍ਰਿਤਸਰ: ਸ੍ਰੀ ਗੁਰੂ ਨਾਨਕ ਦੇਵ ਜੀ ਦੇ 556ਵੇਂ ਪ੍ਰਕਾਸ਼ ਪੁਰਬ ਮੌਕੇ ਇੱਕ ਵਿਅਕਤੀ ਨਸ਼ੇ ਵਿੱਚ ਧੁੱਤ ਹੋ ਕੇ ਹਰਿਮੰਦਰ ਸਾਹਿਬ ਕੰਪਲੈਕਸ ਦੇ ਬਾਹਰ ਪਹੁੰਚ ਗਿਆ। ਜਦੋਂ ਮੌਕੇ 'ਤੇ ਮੌਜੂਦ ਸ਼ਰਧਾਲੂਆਂ ਅਤੇ ਸੇਵਾਦਾਰਾਂ ਨੇ ਪੁੱਛਿਆ ਕਿ ਕੀ ਉਸ ਨੇ ਸ਼ਰਾਬ ਪੀਤੀ ਹੈ, ਤਾਂ ਉਸ ਨੇ ਬੇਝਿਜਕ ਜਵਾਬ ਦਿੱਤਾ, "ਹਾਂ, ਮੈਂ ਦਾਰੂ ਪੀਤੀ ਹੈ ਅਤੇ ਪੀਂਦਾ ਹਾਂ। ਵੀਡੀਓ ਬਣਾਓ, ਗੁਰੂ ਮੇਰਾ ਰਾਖਾ ਹੈ। ਮੈਂ ਕਿਰਪਾਨ ਪਾ ਕੇ ਪੀਂਦਾ ਹਾਂ।"

ਉਸ ਨੇ ਆਪਣੇ ਆਪ ਨੂੰ ਗੁਰਸਿੱਖ ਦੱਸਿਆ ਅਤੇ ਕਿਹਾ ਕਿ ਉਹ ਹਰਿਆਣਾ ਦੇ ਕਰਨਾਲ ਦਾ ਵਾਸੀ ਹੈ ਅਤੇ ਪਿਛਲੇ ਤਿੰਨ ਮਹੀਨਿਆਂ ਤੋਂ ਅੰਮ੍ਰਿਤਸਰ ਵਿੱਚ ਰਹਿ ਰਿਹਾ ਹੈ। ਲੋਕਾਂ ਨੇ ਦੱਸਿਆ ਕਿ ਵਿਅਕਤੀ ਨਸ਼ੇ ਵਿੱਚ ਧੁੱਤ ਹੋ ਕੇ ਅਜੀਬ ਵਤੀਰਾ ਕਰਨ ਲੱਗ ਪਿਆ ਸੀ। ਮੌਕੇ 'ਤੇ ਮੌਜੂਦ ਸੇਵਾਦਾਰਾਂ ਨੇ ਤੁਰੰਤ ਕਾਰਵਾਈ ਕਰਦਿਆਂ ਉਸ ਨੂੰ ਫੜ ਲਿਆ ਅਤੇ ਪਵਿੱਤਰ ਕੰਪਲੈਕਸ ਤੋਂ ਬਾਹਰ ਕੱਢ ਦਿੱਤਾ। ਸ਼ਰਧਾਲੂਆਂ ਨੇ ਕਿਹਾ ਕਿ ਜੇਕਰ ਸਮੇਂ ਸਿਰ ਰੋਕ ਨਾ ਲਗਾਈ ਜਾਂਦੀ ਤਾਂ ਉਹ ਅੰਦਰ ਜਾ ਕੇ ਕੋਈ ਵੀ ਹਰਕਤ ਕਰ ਸਕਦਾ ਸੀ। ਇਸ ਘਟਨਾ ਨਾਲ ਸ਼ਰਧਾਲੂਆਂ ਵਿੱਚ ਭਾਰੀ ਰੋਸ ਹੈ ਅਤੇ ਸਾਰਿਆਂ ਨੇ ਇੱਕੋ ਸਵਰ ਵਿੱਚ ਕਿਹਾ ਕਿ ਹਰਿਮੰਦਰ ਸਾਹਿਬ ਦੀ ਪਵਿੱਤਰਤਾ ਨਾਲ ਕਿਸੇ ਵੀ ਕੀਮਤ 'ਤੇ ਸਮਝੌਤਾ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

ਇਸ ਘਟਨਾ ਨਾਲ ਸ਼ਰਧਾਲੂਆਂ ਵਿੱਚ ਡੂੰਘਾ ਰੋਸ ਹੈ। ਉਨ੍ਹਾਂ ਨੇ ਕਿਹਾ ਕਿ ਪ੍ਰਕਾਸ਼ ਪੁਰਬ ਵਰਗੇ ਪਵਿੱਤਰ ਮੌਕੇ 'ਤੇ ਅਜਿਹੀਆਂ ਹਰਕਤਾਂ ਬਹੁਤ ਨਿੰਦਣਯੋਗ ਹਨ।

# ਭਾਰਤੀ-ਅਮਰੀਕੀ ਗਜ਼ਾਲਾ ਹਾਸ਼ਮੀ ਨੇ ਵਰਜੀਨੀਆ ਦੀ ਜਿੱਤੀ ਲੈਫਟੀਨੈਂਟ ਗਵਰਨਰ ਚੋਣ




ਨਿਊਯਾਰਕ: ਭਾਰਤੀ-ਜਨਮੀ ਅਮਰੀਕੀ ਸਿਆਸਤਦਾਨ ਗਜ਼ਾਲਾ ਹਾਸ਼ਮੀ ਨੂੰ ਵਰਜੀਨੀਆ ਦੀ ਲੈਫਟੀਨੈਂਟ ਗਵਰਨਰ ਚੁਣਿਆ ਗਿਆ ਹੈ। ਉਹ ਰਾਜ ਵਿੱਚ ਇਸ ਉੱਚ ਰਾਜਨੀਤਿਕ ਅਹੁਦੇ ਲਈ ਚੁਣੇ ਜਾਣ ਵਾਲੀ ਪਹਿਲੀ ਮੁਸਲਿਮ ਅਤੇ ਦੱਖਣੀ ਏਸ਼ੀਆਈ ਅਮਰੀਕੀ ਬਣ ਗਈ ਹੈ। ਡੈਮੋਕ੍ਰੇਟਿਕ ਪਾਰਟੀ ਦੀ ਉਮੀਦਵਾਰ ਹਾਸ਼ਮੀ (61), ਨੂੰ 1,465,634 ਵੋਟਾਂ ਮਿਲੀਆਂ, ਜਦੋਂ ਕਿ ਉਨ੍ਹਾਂ ਦੇ ਰਿਪਬਲਿਕਨ ਵਿਰੋਧੀ, ਜੌਨ ਰੀਡ ਨੂੰ 1,232,242 ਵੋਟਾਂ ਮਿਲੀਆਂ।

ਕਮਿਊਨਿਟੀ ਸੰਗਠਨ ਇੰਡੀਅਨ ਅਮਰੀਕਨ ਇਮਪੈਕਟ ਫੰਡ ਨੇ ਵਰਜੀਨੀਆ ਦੀ ਲੈਫਟੀਨੈਂਟ ਗਵਰਨਰ ਚੋਣ ਵਿੱਚ ਹਾਸ਼ਮੀ ਨੂੰ ਉਸਦੀ ਇਤਿਹਾਸਕ ਜਿੱਤ 'ਤੇ ਵਧਾਈ ਦਿੱਤੀ। ਇਸ ਦੌਰਾਨ, ਅਬੀਗੈਲ ਸਪੈਨਬਰਗਰ ਇਤਿਹਾਸ ਵਿੱਚ ਪਹਿਲੀ ਵਾਰ ਵਰਜੀਨੀਆ ਦੀ ਗਵਰਨਰ ਚੁਣੀ ਗਈ। ਡੈਮੋਕ੍ਰੇਟਿਕ ਪਾਰਟੀ ਦੀ ਉਮੀਦਵਾਰ ਅਬੀਗੈਲ ਸਪੈਨਬਰਗਰ ਨੇ ਮੰਗਲਵਾਰ ਨੂੰ ਵਰਜੀਨੀਆ ਦੀ ਗਵਰਨਰ ਚੋਣ ਜਿੱਤੀ, ਰਿਪਬਲਿਕਨ ਲੈਫਟੀਨੈਂਟ ਗਵਰਨਰ ਵਿਨਸਮ ਅਰਲ-ਸੀਅਰਸ ਨੂੰ ਹਰਾ ਕੇ।

ਨਿਊ ਜਰਸੀ ਵਿੱਚ ਵੀ ਗਵਰਨਰ ਦੀ ਚੋਣ ਹੋਈ, ਜਿੱਥੇ ਡੈਮੋਕ੍ਰੇਟਿਕ ਪਾਰਟੀ ਦੀ ਉਮੀਦਵਾਰ ਮਿਕੀ ਸ਼ੈਰਿਲ ਨੇ ਰਿਪਬਲਿਕਨ ਪਾਰਟੀ ਦੇ ਉਮੀਦਵਾਰ ਜੈਕ ਸਿਆਟਾਰੇਲੀ ਨੂੰ ਹਰਾਇਆ। ਆਟਾਰੇਲੀ ਨੂੰ ਰਾਸ਼ਟਰਪਤੀ ਡੋਨਾਲਡ ਟਰੰਪ ਦਾ ਸਮਰਥਨ ਮਿਲਿਆ। ਸ਼ੈਰਿਲ ਸੀਮਤ ਮਿਆਦ ਵਾਲੇ ਡੈਮੋਕ੍ਰੇਟਿਕ ਗਵਰਨਰ ਫਿਲ ਮਰਫੀ ਦੀ ਥਾਂ ਲੈਣਗੇ। 1961 ਤੋਂ ਬਾਅਦ ਇਹ ਪਹਿਲਾ ਮੌਕਾ ਹੋਵੇਗਾ ਜਦੋਂ ਕਿਸੇ ਇੱਕ ਪਾਰਟੀ ਨੇ ਨਿਊ ਜਰਸੀ ਦੀ ਗਵਰਨਰਸ਼ਿਪ ਵਿੱਚ ਲਗਾਤਾਰ ਤਿੰਨ ਵਾਰ ਜਿੱਤ ਪ੍ਰਾਪਤ ਕੀਤੀ ਹੈ।

# ਅਮਰੀਕਾ 'ਚ 4 ਕਰੋੜ ਲੋਕਾਂ ਦਾ ਰਾਸ਼ਨ ਬੰਦ

## ਲੱਖਾਂ ਲੋਕ ਬੇਰੁਜ਼ਗਾਰ, ਕਰਜ਼ਾ ਚੁੱਕ ਕੇ ਚਲਾ ਰਹੇ ਨੇ ਘਰ



ਅਮਰੀਕਾ ਦੀ ਫ਼ੈਡਰਲ ਸਰਕਾਰ ਬੁੱਧਵਾਰ ਨੂੰ 36ਵੇਂ ਦਿਨ ਵੀ ਠੱਪ ਰਹੀ, ਜੋ ਦੇਸ਼ ਦੇ ਇਤਿਹਾਸ 'ਚ ਹੁਣ ਤਕ ਇਸ ਤਰ੍ਹਾਂ ਦੇ ਸੱਭ ਤੋਂ ਲੰਬੇ ਗਤੀਰੋਧ ਦਾ ਰਿਕਾਰਡ ਹੈ। ਸ਼ਟਡਾਊਨ ਕਾਰਨ 4.2 ਕਰੋੜ ਲੋਕਾਂ ਦੀ ਫੂਡ ਸਟੈਂਪ (ਐਸ.ਐਨ.ਏ.ਪੀ.) ਸਹਾਇਤਾ ਰੁਕ ਗਈ ਹੈ। ਭਾਵ ਕਰੋੜਾਂ ਲੋਕਾਂ ਦਾ ਰਾਸ਼ਨ ਬੰਦ ਹੋ ਗਿਆ ਹੈ। ਅਮਰੀਕਾ ਦੇ ਖੇਤੀਬਾੜੀ ਵਿਭਾਗ ਕੋਲ ਇਸ ਪ੍ਰੋਗਰਾਮ ਲਈ ਸਿਰਫ਼ 5 ਅਰਬ ਡਾਲਰ ਦਾ ਰਿਜ਼ਰਵ ਫ਼ੰਡ ਹੈ ਜਦਕਿ ਨਵੰਬਰ ਵਿਚ ਫੂਡ ਸਟੈਂਪ ਜਾਰੀ ਰੱਖਣ ਲਈ 9.2 ਅਰਬ ਡਾਲਰ ਦੀ ਜ਼ਰੂਰਤ ਪਵੇਗੀ।'

ਸੂਤਰਾਂ ਮੁਤਾਬਕ ਹੁਣ ਤੱਕ 6.7 ਲੱਖ ਸਰਕਾਰੀ ਕਰਮਚਾਰੀ ਛੁੱਟੀ 'ਤੇ ਭੇਜੇ ਜਾ ਚੁੱਕੇ ਹਨ ਜਦਕਿ 7.3 ਲੱਖ ਕਰਮਚਾਰੀ ਬਿਨਾਂ ਤਨਖ਼ਾਹ ਦੇ ਕੰਮ ਕਰ ਰਹੇ ਹਨ। ਇਸ ਤਰ੍ਹਾਂ ਲਗਭਗ 14 ਲੱਖ ਲੋਕ ਕਰਜ਼ਾ ਲੈ ਕੇ ਘਰ ਚਲਾ ਰਹੇ ਹਨ। ਇਸ ਕਾਰਨ ਲੱਖਾਂ ਲੋਕ ਬੇਰੁਜ਼ਗਾਰ ਹੋ ਚੁੱਕੇ ਹਨ। ਕਾਂਗਰਸ ਵਲੋਂ ਬਜਟ ਨੂੰ ਮਨਜ਼ੂਰੀ ਨਹੀਂ ਦਿਤੇ ਜਾਣ ਕਾਰਨ ਫ਼ੈਡਰਲ ਪ੍ਰੋਗਰਾਮਾਂ 'ਚ ਕਟੌਤੀ, ਉਡਾਣ 'ਚ ਦੇਰੀ ਅਤੇ ਦੇਸ਼ ਭਰ 'ਚ ਫ਼ੈਡਰਲ ਕਰਮਚਾਰੀਆਂ ਦੀ ਤਨਖ਼ਾਹ ਭੁਗਤਾਨ ਠੱਪ ਹੋ ਗਈ ਹੈ ਅਤੇ ਇਸ ਨਾਲ ਲੱਖਾਂ ਅਮਰੀਕੀਆਂ ਦਾ ਜੀਵਨ ਪ੍ਰਭਾਵਿਤ ਹੋ ਗਿਆ ਹੈ।

ਰਾਸ਼ਟਰਪਤੀ ਡੋਨਾਲਡ ਟਰੰਪ ਨੇ ਡੈਮੋਕ੍ਰੇਟਸ ਨਾਲ ਉਨ੍ਹਾਂ ਦੀਆਂ ਮੰਗਾਂ 'ਤੇ ਗੱਲਬਾਤ ਕਰਨ ਤੋਂ ਇਨਕਾਰ ਕਰ ਦਿਤਾ ਹੈ। ਵਿਰੋਧੀ ਧਿਰ ਡੈਮੋਕ੍ਰੇਟ ਪਾਰਟੀ ਸਿਹਤ ਬੀਮਾ ਸਬਸਿਡੀ ਨੂੰ ਖ਼ਤਮ ਕਰਨ ਦੀ ਯੋਜਨਾ ਨੂੰ ਠੰਢੇ ਬਸਤੇ 'ਚ ਪਾਉਣ ਦੀ ਮੰਗ ਕਰ ਰਹੀ ਹੈ ਅਤੇ ਜਦੋਂ ਤਕ ਇਹ ਪੂਰਾ ਨਹੀਂ ਹੁੰਦਾ ਕਾਂਗਰਸ (ਸੰਸਦ) 'ਚ ਬਜਟ ਨੂੰ ਸਮਰਥਨ ਦੇਣ ਤੋਂ ਇਨਕਾਰ ਕਰ ਦਿਤਾ ਹੈ। ਟਰੰਪ ਦੇ ਪਹਿਲੇ ਕਾਰਜਕਾਲ 'ਚ ਫ਼ੈਡਰਲ ਸਰਕਾਰ ਦੇ ਠੱਪ ਹੋਣ ਦਾ ਪਿਛਲਾ ਰਿਕਾਰਡ ਬਣਿਆ ਸੀ। ਉਸ ਸਮੇਂ ਮੈਕਸੀਕੋ ਦੀ ਸਰਹੱਦ 'ਤੇ ਸੁਰੱਖਿਆ ਦੀਵਾਰ ਲਈ ਪੈਸੇ ਮੁਹਈਆ ਕਰਵਾਉਣ ਨੂੰ ਲੈ ਕੇ ਗਤੀਰੋਧ ਬਣਿਆ ਸੀ ਅਤੇ ਫ਼ੈਡਰਲ ਸਰਕਾਰ ਕਰੀਬ 35 ਦਿਨਾਂ ਤਕ ਠੱਪ ਰਹੀ ਸੀ।

# ਪੀਯੂ 'ਚ ਸੈਨੇਟ ਤੇ ਸਿੰਡੀਕੇਟ ਭੰਗ ਕਰਨ ਦੇ ਫ਼ੈਸਲੇ ਖਿਲਾਫ਼ ਹਾਈਕੋਰਟ ਜਾਵੇਗੀ ਪੰਜਾਬ ਸਰਕਾਰ

## ਸਪੈਸ਼ਲਿਸਟ ਵਕੀਲਾਂ ਦਾ ਬਣਾਇਆ ਜਾਵੇਗਾ ਪੈਨਲ



ਚੰਡੀਗੜ੍ਹ: ਪੰਜਾਬ 'ਚ ਆਮ ਆਦਮੀ ਪਾਰਟੀ ਦੀ ਸਰਕਾਰ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੀ ਸੈਨੇਟ ਅਤੇ ਸਿੰਡੀਕੇਟ ਨੂੰ ਗੈਰ-ਸੰਵਿਧਾਨਕ ਤੌਰ 'ਤੇ ਭੰਗ ਕਰਨ ਅਤੇ ਨੋਟੀਫਿਕੇਸ਼ਨ ਜਾਰੀ ਕਰਨ ਨੂੰ ਚੁਣੌਤੀ ਦੇਣ ਲਈ ਹਾਈ ਕੋਰਟ ਦਾ ਦਰਵਾਜ਼ਾ ਖੜਕਾਏਗੀ। ਇਸ ਦਾ ਦਾਅਵਾ ਮੁੱਖ ਮੰਤਰੀ ਭਗਵੰਤ ਮਾਨ ਨੇ ਕੀਤਾ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਕੀਤਾ ਹੈ। ਸੋਸ਼ਲ ਮੀਡੀਆਂ 'ਤੇ ਪੋਸਟ ਪਾ ਕੇ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ''ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੀ ਸੈਨੇਟ ਤੇ ਸਿੰਡੀਕੇਟ ਨੂੰ ਗੈਰ ਸੰਵਿਧਾਨਕ ਤੌਰ 'ਤੇ ਭੰਗ ਕਰਕੇ ਨੋਟੀਫ਼ਿਕੇਸ਼ਨ ਜਾਰੀ ਕਰਨ ਵਿਰੁੱਧ ਪੰਜਾਬ ਸਰਕਾਰ ਹਾਈਕੋਰਟ ਜਾਵੇਗੀ..ਦੇਸ਼ ਦੇ ਉੱਘੇ ਅਤੇ ਸਪੈਸ਼ਲਿਸਟ ਵਕੀਲਾਂ ਦਾ ਪੈਨਲ ਬਣਾ ਕੇ ਇਸ ਧੱਕੇਸ਼ਾਹੀ ਵਿਰੁੱਧ ਡਟਕੇ ਲੜਾਈ ਲੜਾਂਗੇ..ਆਉਣ ਵਾਲੇ ਦਿਨਾਂ ਵਿੱਚ ਵਿਧਾਨ ਸਭਾ ਵਿੱਚ ਵੀ ਮੁੱਦਾ ਲਿਆਂਦਾ ਜਾਵੇਗਾ ਤਾਂ ਕਿ ਵਿਧਾਨਕ ਤੌਰ 'ਤੇ ਵੀ ਪੰਜਾਬ ਦਾ ਪੱਖ ਮਜ਼ਬੂਤ ਹੋ ਸਕੇ..''

### ਕੀ ਹੈ ਮਾਮਲਾ?

ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੀ ਸੈਨੇਟ ਅਤੇ ਸਿੰਡੀਕੇਟ ਨੂੰ ਭੰਗ ਕਰਨ ਦਾ ਮਾਮਲਾ ਹਾਲ ਹੀ ਵਿੱਚ ਕੇਂਦਰ ਸਰਕਾਰ ਵੱਲੋਂ ਲਏ ਗਏ ਇੱਕ ਵੱਡੇ ਫੈਸਲੇ ਨਾਲ ਭੱਖਿਆ ਹੈ। 28 ਅਕਤੂਬਰ 2025 ਨੂੰ ਕੇਂਦਰ ਸਰਕਾਰ ਦੇ ਸਿੱਖਿਆ ਮੰਤਰਾਲੇ ਨੇ ਪੰਜਾਬ ਯੂਨੀਵਰਸਿਟੀ ਐਕਟ 1947 ਵਿੱਚ ਸੋਧ ਕਰਦਿਆਂ ਇੱਕ ਨੋਟੀਫਿਕੇਸ਼ਨ ਜਾਰੀ ਕੀਤਾ। ਇਸ ਨਾਲ ਤੁਰੰਤ ਪ੍ਰਭਾਵ ਨਾਲ ਸੈਨੇਟ ਅਤੇ ਸਿੰਡੀਕੇਟ ਨੂੰ ਭੰਗ ਕਰ ਦਿੱਤਾ ਗਿਆ।

ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੀ ਸੈਨੇਟ ਤੇ ਸਿੰਡੀਕੇਟ ਦਾ ਪੁਰਾਣਾ ਢਾਂਚਾ ਜਿਸ ਵਿੱਚ ਸੈਨੇਟ ਦੇ 90 ਮੈਂਬਰ ਸੀ ਅਤੇ ਸਿੰਡੀਕੇਟ ਵਿੱਚ 15 ਮੈਂਬਰ ਵਾਲੀ ਚੁਣੀ ਹੋਈ ਬਾਡੀ ਸੀ ਜੋ ਯੂਨੀਵਰਸਿਟੀ ਦੀ ਐਗਜ਼ੀਕਿਊਟਿਵ ਅਥਾਰਟੀ ਸੀ। ਇਸ ਢਾਂਚੇ ਨੂੰ ਭੰਗ ਕਰ ਦਿੱਤਾ ਗਿਆ।

### ਨਵਾਂ ਢਾਂਚਾ ਕਿਹੜਾ ਹੈ

ਨਵੇਂ ਢਾਂਚੇ ਮੁਤਾਬਕ ਹੁਣ ਸੈਨੇਟ ਵਿੱਚ 31 ਮੈਂਬਰ ਕਰ ਦਿੱਤੇ ਗਏ ਹਨ। ਸਿੰਡੀਕੇਟ ਪੂਰੀ ਤਰ੍ਹਾਂ ਨਾਮਜ਼ਦ ਬਣਾ ਦਿੱਤੀ। ਵਾਈਸ ਚਾਂਸਲਰ ਚੇਅਰਪਰਸਨ, ਕੇਂਦਰ/ਪੰਜਾਬ/ਚੰਡੀਗੜ੍ਹ ਦੇ ਸਕੱਤਰ/ਡੀਪੀਆਈ ਐਕਸ-ਆਫੀਸੀਓ, ਅਤੇ ਵੀਸੀ ਵੱਲੋਂ ਫੈਕਲਟੀ ਮੈਂਬਰਾਂ ਤੋਂ ਰੋਟੇਸ਼ਨ ਨਾਲ ਨਾਮਜ਼ਦ 10 ਮੈਂਬਰਾਂ ਦੀ ਗਿਣਤੀ ਕਰ ਦਿੱਤੀ ਗਈ।

### ਕੇਂਦਰ ਦਾ ਪੱਖ

ਨਵੀਂ ਸਿੱਖਿਆ ਨੀਤੀ (NEP 2020) ਨਾਲ ਜੋੜ ਕੇ ਕੇਂਦਰ ਸਰਕਾਰ ਨੇ ਇਸ ਫੈਸਲੇ ਨੂੰ ਲਾਗੂ ਕੀਤਾ ਅਤੇ ਨਾਲ ਹੀ ਰਾਜਨੀਤੀ ਘਟਾਉਣ ਅਤੇ ਅਕਾਦਮਿਕ ਫੋਕਸ ਵਧਾਉਣ ਲਈ ਇਹ ਕਦਮ ਦੱਸਿਆ।

### ਫੈਸਲੇ ਦਾ ਵਿਰੋਧ :

ਕੇਂਦਰ ਦੇ ਫੈਸਲੇ ਦਾ ਵਿਰੋਧ ਪੂਰੇ ਪੰਜਾਬ ਵਿੱਚ ਹੋ ਰਿਹਾ ਹੈ। ਪ੍ਰਦਰਸ਼ਨਕਾਰੀਆਂ ਮੁਤਾਬਕ ਪੰਜਾਬ ਰੀਆਰਗੇਨਾਈਜ਼ੇਸ਼ਨ ਐਕਟ 1966 ਤਹਿਤ ਕੇਂਦਰ ਨੂੰ ਅਜਿਹਾ ਅਧਿਕਾਰ ਨਹੀਂ। ਐਕਟ ਸਿਰਫ਼ ਪੰਜਾਬ ਵਿਧਾਨ ਸਭਾ ਜਾਂ ਸੰਸਦ ਵਿੱਚ ਸੋਧਿਆ ਜਾ ਸਕਦਾ ਹੈ। ਚੁਣੀ ਹੋਈ ਬਾਡੀ ਨੂੰ ਨਾਮਜ਼ਦ ਕਰਕੇ ਯੂਨੀਵਰਸਿਟੀ ਦੀ ਆਜ਼ਾਦੀ ਖਤਮ ਕਰਨ ਦੇ ਇਲਜ਼ਾਮ ਲਾਏ ਗਏ। ਇਸ ਨੂੰ ਪੰਜਾਬ ਦੀ ਵਿਰਾਸਤ ਤੇ ਹਮਲਾ ਦੱਸਿਆ ਹੈ।

# ਨਿਊਯਾਰਕ ਵਿੱਚ 15 ਸਾਲਾ ਪੰਜਾਬੀ ਨੌਜਵਾਨ 'ਤੇ ਹੋਇਆ ਹਮਲਾ

* ਜਸਟਿਸ ਫਾਰ ਸਿੰਘ ਰੈਲੀ ਦਾ ਕੀਤਾ ਗਿਆ ਆਯੋਜਨ
* ਜਪਨੀਤ ਸਿੰਘ ਨੇ ਕੀਤੀ ਪਰਿਵਾਰ ਲਈ ਜਸਟਿਸ ਦੀ ਮੰਗ




ਨਿਊਯਾਰਕ : ਪਿਛਲੇ ਦਿਨੀ ਨਿਊਯਾਰਕ ਦੇ ਵਿੱਚ ਇੱਕ ਪੰਜਾਬੀ ਮੁੰਡੇ ਦੇ ਉੱਪਰ ਕੁਝ ਲੋਕਾਂ ਦੇ ਗਰੁੱਪ ਵੱਲੋਂ ਅਟੈਕ ਕੀਤਾ ਗਿਆ ਜਿਸ ਵਿੱਚ 15 ਸਾਲਾ ਇੱਕ ਪੰਜਾਬੀ ਨੌਜਵਾਨ ਬੁਰੀ ਤਰ੍ਹਾਂ ਦੇ ਨਾਲ ਜ਼ਖਮੀ ਹੋ ਗਿਆ। ਦਰਅਸਲ ਇਹ 15 ਸਾਲਾ ਨੌਜਵਾਨ ਜਿਸ ਸਮੇਂ ਸਕੂਲ ਤੋਂ ਵਾਪਸ ਆ ਰਿਹਾ ਸੀ ਤਾਂ ਉਸ ਸਮੇਂ ਤੋਂ 160 ਸਟਰੀਟ ਅਤੇ ਹਿਲ ਸਾਈਡ ਐਵਨਿਊ ਦੇ ਕੋਲ ਉਸ ਤੇ ਹਮਲਾ ਕੀਤਾ ਗਿਆ, ਅਟੈਕ ਕਰਨ ਵਾਲੇ 13 ਤੋਂ 15 ਲੋਕ ਦੱਸੇ ਜਾ ਰਹੇ ਨੇ, ਉਸ 15 ਸਾਲਾਂ ਨੌਜਵਾਨ ਦੇ ਨਾਲ ਪਹਿਲਾਂ ਕੁੱਟਮਾਰ ਕੀਤੀ ਗਈ ਅਤੇ ਉਸ ਤੋਂ ਬਾਅਦ ਉਸਦੇ ਉੱਪਰ ਚਾਕੂਆਂ ਦੇ ਨਾਲ ਕਈ ਵਾਰ ਕੀਤੇ ਗਏ। ਜਦੋਂ ਉਸਨੂੰ ਹਸਪਤਾਲ ਭਰਤੀ ਕਰਵਾਇਆ ਗਿਆ ਤਾਂ ਪਤਾ ਲੱਗਿਆ ਕਿ ਡਾਕਟਰਾਂ ਵੱਲੋਂ ਉਸ ਦੇ ਸਾਰੇ ਸਰੀਰ ਦੇ ਉੱਪਰ 200 ਤੋਂ ਵੱਧ ਟਾਂਕੇ ਲਗਾਏ ਗਏ ਨੇ, ਇਸ ਸਬੰਧੀ ਉਸਦੇ ਮਾਤਾ-ਪਿਤਾ ਨੇ ਜਾਣਕਾਰੀ ਸਾਂਝੀ ਕੀਤੀ। ਇਸ ਨੌਜਵਾਨ ਉੱਪਰ ਹਮਲਾ ਕਿਉਂ ਕੀਤਾ ਗਿਆ, ਇਸ ਦਾ ਕਾਰਨ ਹਾਲੇ ਤੱਕ ਪਤਾ ਨਹੀਂ ਲੱਗ ਸਕਿਆ ਤੇ ਹੁਣ ਦੋ ਹਫਤਿਆਂ ਬਾਅਦ ਵੀ ਦੋਸ਼ੀਆਂ ਨੂੰ ਫੜਿਆ ਨਹੀਂ ਜਾ ਸਕਿਆ। 15 ਸਾਲਾ ਸਿੰਘ ਨੇ ਹਸਪਤਾਲ ਦੇ ਵਿੱਚ ਜ਼ਿੰਦਗੀ ਅਤੇ ਮੌਤ ਦੀ ਲੜਾਈ ਲੜੀ ਅਤੇ ਹੁਣ ਉਹ ਖਤਰੇ ਤੋਂ ਬਾਹਰ ਹੈ। ਪਰ ਉਸਦੀਆਂ ਬਹੁਤ ਸਾਰੀਆਂ ਸਰਜਰੀਆਂ ਹੋਈਆਂ ਅਤੇ ਹਾਲਤ ਕਾਫੀ ਗੰਭੀਰ ਬਣੀ। ਇਸ ਘਟਨਾ ਤੋਂ ਬਾਅਦ ਜਪਨੀਤ ਸਿੰਘ ਦੇ ਵੱਲੋਂ ਪੀੜਤ ਨੌਜਵਾਨ ਦੇ ਮਾਪਿਆਂ ਨਾਲ ਗੱਲ ਕੀਤੀ ਗਈ ਅਤੇ ਉਹਨਾਂ ਨੂੰ ਨਾਲ ਲੈ ਕੇ ਇੱਕ ਜਸਟਿਸ ਫੋਰ ਸਿੰਘ ਰੈਲੀ ਕੱਢੀ ਗਈ, ਜਿੱਥੇ ਮੰਗ ਕੀਤੀ ਗਈ ਕਿ ਇਸ ਘਟਨਾ ਦੀ ਜਲਦ ਤੋਂ ਜਲਦ ਜਾਂਚ ਕੀਤੀ ਜਾਵੇ ਅਤੇ ਦੋਸ਼ੀਆਂ ਨੂੰ ਫੜਿਆ ਜਾਵੇ। ਇਸ ਮੌਕੇ ਕਮਿਊਨਿਟੀ ਦੇ ਲੋਕਾਂ ਨੇ ਇਕੱਠੇ ਹੋ ਕੇ ਪੁਲਿਸ ਦੇ ਪ੍ਰੈਸ਼ਰ ਪਾਉਣ ਦੀ ਕੋਸ਼ਿਸ਼ ਕੀਤੀ ਕਿ ਇਸ ਕੇਸ ਨੂੰ ਜਲਦ ਤੋਂ ਜਲਦ ਹੱਲ ਕੀਤਾ ਜਾਵੇ ਅਤੇ ਆਉਣ ਵਾਲੇ ਸਮੇਂ ਦੇ ਵਿੱਚ ਕਮਿਊਨਿਟੀ ਦੀ ਸੇਫਟੀ ਦੇ ਲਈ ਵੱਡੇ ਕਦਮ ਚੁੱਕੇ ਜਾਣ। ਹਾਲਾਂਕਿ ਪੁਲਿਸ ਇਸ ਚੀਜ਼ ਦਾ ਦਾਅਵਾ ਕਰ ਰਹੀ ਹੈ ਕਿ ਉਹਨਾਂ ਦੇ ਵੱਲੋਂ ਦੋਸ਼ੀਆਂ ਨੂੰ ਟਰੈਕ ਕੀਤਾ ਜਾ ਚੁੱਕਿਆ ਅਤੇ ਜਲਦ ਹੀ ਕਾਰਵਾਈ ਨੇਪਰੇ ਚਾੜੀ ਜਾਵੇਗੀ ਪਰ ਹਾਲੇ ਤੱਕ ਕਿਸੇ ਵੀ ਤਰੀਕੇ ਦੀ ਕੋਈ ਗ੍ਰਿਫਤਾਰੀ ਇਸ ਕੇਸ ਦੇ ਵਿੱਚ ਨਹੀਂ ਕੀਤੀ ਗਈ। ਇਸ ਮੌਕੇ ਵੱਖ-ਵੱਖ ਸੰਸਥਾਵਾਂ ਦੇ ਨੁਮਾਇੰਦੇ ਵੀ ਪਹੁੰਚੇ ਹੋਏ ਸਨ ਜਿਨਾਂ ਵਿੱਚ ਅਮਰੀਕਾ ਲੀਡਰ ਡੇਵਿਡ ਵੈਪਰਨ ਵੀ ਸ਼ਾਮਿਲ ਸਨ, ਜਿਨ੍ਹਾਂ ਨੇ ਇਸ ਘਟਨਾ ਦੀ ਨਿਖੇਧੀ ਕੀਤੀ। ਇਸ ਕਰਾਈਮ ਦੇ ਵਿਰੁੱਧ ਕੀਤੀ ਗਈ ਇਸ ਰੈਲੀ ਦਾ ਮਕਸਦ ਕਮਿਊਨਿਟੀ ਦੇ ਨਾਲ ਨਾਲ ਬਾਕੀ ਕਮਿਊਨਿਟੀਆਂ ਤੱਕ ਵੀ ਸੁਨੇਹਾ ਪਹੁੰਚਾਉਣਾ ਕਿ ਆਖਿਰ ਕਿਸ ਤਰ੍ਹਾਂ ਕਰਾਈਮ ਫੈਲ ਰਿਹਾ ਅਤੇ ਨਾਲ ਹੀ ਪੁਲਿਸ ਨੂੰ ਵੀ ਇਸ ਲਈ ਇੱਕ ਸੁਨੇਹਾ ਦਿੱਤਾ ਗਿਆ ਅਤੇ ਉਮੀਦ ਕੀਤੀ ਗਈ ਕਿ ਆਉਣ ਵਾਲੇ ਸਮੇਂ ਦੇ ਵਿੱਚ ਅਜਿਹਾ ਦੁਬਾਰਾ ਨਹੀਂ ਹੋਵੇਗਾ। ਜਪਨੀਤ ਸਿੰਘ ਵੱਲੋਂ ਕਰਵਾਏ ਗਏ ਇਸ ਜਸਟਿਸ ਫੋਰ ਸਿੰਘ ਰੈਲੀ ਦੇ ਵਿੱਚ ਪੀੜਿਤ ਪਰਿਵਾਰ ਦੇ ਲਈ ਗੋ ਫੰਡ ਵੀ ਸ਼ੁਰੂ ਕੀਤਾ ਗਿਆ ਤਾਂ ਕਿ ਪੀੜਿਤ ਪਰਿਵਾਰ ਦੇ ਮਦਦ ਕੀਤੀ ਜਾ ਸਕੇ। ਜਦੋਂ ਵੀ ਕਮਿਊਨਿਟੀ ਦੇ ਕਿਸੇ ਵੀ ਮੈਂਬਰ ਦੇ ਨਾਲ ਕੋਈ ਘਟਨਾ ਘਟਦੀ ਹੈ ਜਾਂ ਫਿਰ ਜਦੋਂ ਵੀ ਇੱਕ ਕਮਿਊਨਿਟੀ ਨੂੰ ਲੋੜ ਹੁੰਦੀ ਹੈ ਉਦੋਂ ਜਪਨੀਤ ਸਿੰਘ ਉਹਨਾਂ ਦੇ ਨਾਲ ਖੜਦੇ ਨੇ ਅਤੇ ਹੱਕ ਤੇ ਸੱਚ ਦੀ ਆਵਾਜ਼ ਚੁੱਕਦੇ ਨੇ ਇਸ ਮੌਕੇ ਕਮਿਊਨਿਟੀ ਦੇ ਬਹੁਤ ਸਾਰੇ ਲੋਕ ਵੀ ਪਹੁੰਚੇ ਹੋਏ ਸਨ। ਇਸ ਸਮੇਂ ਲੋੜ ਹੈ ਕੀ ਕਮਿਊਨਿਟੀ ਦੇ ਲੋਕ ਵੱਡੇ ਪੱਧਰ ਤੇ ਇਸ ਪੀੜਿਤ ਪਰਿਵਾਰ ਦਾ ਸਾਥ ਦੇਣ ਕਿਉਂਕਿ ਜੇਕਰ ਅੱਜ ਇਹ ਘਟਨਾ 15 ਸਾਲ ਦੇ ਇੱਕ ਮੁੰਡੇ ਦੇ ਨਾਲ ਵਾਪਰੀ ਹੈ ਤਾਂ ਕੱਲ ਨੂੰ ਇਹੋ ਜਿਹੀਆਂ ਘਟਨਾਵਾਂ ਹੋਰ ਵੀ ਵਾਪਰ ਸਕਦੀਆਂ ਨੇ ਪਰ ਇਹਨਾਂ ਘਟਨਾਵਾਂ ਦੇ ਵਾਪਰਨ ਤੋਂ ਪਹਿਲਾਂ ਹੀ ਕਮਿਊਨਿਟੀ ਨੂੰ ਇਸ ਖਿਲਾਫ ਆਵਾਜ਼ ਚੁੱਕਣ ਦੀ ਲੋੜ ਹੈ, ਤਾਂ ਜੋ ਦੋਸ਼ੀਆਂ ਨੂੰ ਸਖਤ ਤੋਂ ਸਖਤ ਸਜ਼ਾ ਮਿਲ ਸਕੇ।

# ਕੈਲੀਫੋਰਨੀਆ ਹਾਦਸਾ ਮਾਮਲਾ: ਨਸ਼ੇ 'ਚ ਨਹੀਂ ਸੀ ਟਰਾਲਾ ਡਰਾਈਵਰ, ਮੁਲਜ਼ਮ ਜਸ਼ਨਪ੍ਰੀਤ ਦੀ ਰਿਪੋਰਟ ਆਈ ਨੈਗੇਟਿਵ



ਅਮਰੀਕਾ ਦੇ ਕੈਲੀਫੋਰਨੀਆ ਰਾਜ ਵਿੱਚ ਪਿਛਲੇ ਮਹੀਨੇ ਭਿਆਨਕ ਸੜਕ ਹਾਦਸਾ ਵਾਪਰਿਆ ਸੀ ਜਿਸ ਵਿੱਚ ਤਿੰਨ ਲੋਕਾਂ ਦੀ ਮੌਤ ਹੋ ਗਈ ਸੀ ਅਤੇ ਕਈ ਹੋਰ ਜ਼ਖਮੀ ਹੋ ਗਏ ਸਨ। ਇਸ ਮਾਮਲੇ ਦੀ ਜਾਂਚ ਵਿੱਚ ਨਵੇਂ ਖੁਲਾਸੇ ਹੋਏ ਹਨ। ਮੁਲਜ਼ਮ ਟਰਾਲਾ ਚਾਲਕ ਜਸ਼ਨਪ੍ਰੀਤ ਸਿੰਘ ਦੀ ਰਿਪੋਰਟ ਨੈਗੇਟਿਵ ਆਈ ਹੈ। ਰਿਪੋਰਟ ਅਨੁਸਾਰ ਹਾਦਸੇ ਦੌਰਾਨ ਮੁਲਜ਼ਮ ਨਸ਼ੇ ਵਿੱਚ ਨਹੀਂ ਸੀ। ਅਧਿਕਾਰੀਆਂ ਨੇ ਦੱਸਿਆ ਕਿ ਭਾਰਤੀ ਮੂਲ ਦੇ ਟਰੱਕ ਡਰਾਈਵਰ ਜਸ਼ਨਪ੍ਰੀਤ ਸਿੰਘ ਹਾਦਸੇ ਸਮੇਂ ਨਸ਼ੇ ਵਿੱਚ ਨਹੀਂ ਸੀ, ਜਿਵੇਂ ਕਿ ਪਹਿਲਾਂ ਦੱਸਿਆ ਗਿਆ ਸੀ। ਹਾਲਾਂਕਿ, ਇਹ ਮਾਮਲਾ ਗੰਭੀਰ ਲਾਪਰਵਾਹੀ ਨਾਲ ਕਤਲ ਦਾ ਮਾਮਲਾ ਬਣਿਆ ਹੋਇਆ ਹੈ। ਇਹ ਹਾਦਸਾ ਓਨਟਾਰੀਓ, ਕੈਲੀਫੋਰਨੀਆ ਵਿੱਚ ਵਾਪਰਿਆ, ਜਦੋਂ ਸਿੰਘ ਦਾ ਟਰੱਕ ਤੇਜ਼ ਰਫ਼ਤਾਰ ਨਾਲ ਉਸਦੇ ਸਾਹਮਣੇ ਖੜ੍ਹੇ ਵਾਹਨਾਂ ਨਾਲ ਟਕਰਾ ਗਿਆ। ਡੈਸ਼ਕੈਮ ਫੁਟੇਜ ਵਿੱਚ ਉਸਨੂੰ ਸਿੱਧੇ ਖੜ੍ਹੇ ਵਾਹਨਾਂ ਵਿੱਚ ਗੱਡੀ ਚਲਾਉਂਦੇ ਹੋਏ ਦਿਖਾਇਆ ਗਿਆ ਹੈ। ਟੱਕਰ ਵਿੱਚ ਤਿੰਨ ਲੋਕਾਂ ਦੀ ਮੌਤ ਹੋ ਗਈ ਅਤੇ ਕਈ ਹੋਰ ਗੰਭੀਰ ਜ਼ਖਮੀ ਹੋ ਗਏ।

ਜਸ਼ਨਪ੍ਰੀਤ ਸਿੰਘ ਨੂੰ ਸ਼ੁਰੂ ਵਿੱਚ ਸ਼ਰਾਬ ਪੀ ਕੇ ਗੱਡੀ ਚਲਾਉਣ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਸੀ, ਪਰ ਇੱਕ ਟੌਕਸੀਕੋਲੋਜੀ ਰਿਪੋਰਟ ਨੇ ਪੁਸ਼ਟੀ ਕੀਤੀ ਹੈ ਕਿ ਉਸਦੇ ਖੂਨ ਵਿੱਚ ਕੋਈ ਨਸ਼ੀਲਾ ਪਦਾਰਥ ਨਹੀਂ ਸੀ। ਇਸ ਦੇ ਬਾਵਜੂਦ, ਉਸ 'ਤੇ ਕਤਲ ਦੇ ਤਿੰਨ ਦੋਸ਼ ਅਤੇ ਲਾਪਰਵਾਹੀ ਨਾਲ ਗੱਡੀ ਚਲਾ ਕੇ ਸੱਟਾਂ ਪਹੁੰਚਾਉਣ ਦੇ ਇੱਕ ਦੋਸ਼ ਦਾ ਦੋਸ਼ ਲਗਾਇਆ ਗਿਆ ਹੈ। ਅਧਿਕਾਰੀਆਂ ਦੇ ਅਨੁਸਾਰ, ਜਸ਼ਨਪ੍ਰੀਤ ਸਿੰਘ ਨੂੰ ਜ਼ਮਾਨਤ ਨਹੀਂ ਦਿੱਤੀ ਗਈ ਹੈ ਕਿਉਂਕਿ ਅਪਰਾਧ ਗੰਭੀਰ ਹੈ ਅਤੇ ਉਸਦੇ ਭੱਜਣ ਦੀ ਸੰਭਾਵਨਾ ਹੈ। ਰਿਪੋਰਟਾਂ ਅਨੁਸਾਰ, ਸਿੰਘ 2022 ਵਿੱਚ ਅਮਰੀਕਾ ਦੀ ਦੱਖਣੀ ਸਰਹੱਦ ਪਾਰ ਕਰਕੇ ਗੈਰ-ਕਾਨੂੰਨੀ ਤੌਰ 'ਤੇ ਦੇਸ਼ ਵਿੱਚ ਦਾਖਲ ਹੋਇਆ ਸੀ ਅਤੇ ਇਮੀਗ੍ਰੇਸ਼ਨ ਸੁਣਵਾਈ ਤੱਕ ਉਸਨੂੰ ਰਿਹਾਅ ਕਰ ਦਿੱਤਾ ਗਿਆ ਸੀ।






# 'ਪੁਰਾਣੀ ਦਿੱਲੀ ਦਾ ਨਾਂ ਗੁਰੂ ਤੇਗ ਬਹਾਦਰ ਜੀ ਨੂੰ ਸਮਰਪਿਤ ਕੀਤਾ ਜਾਵੇ', ਔਜਲਾ ਨੇ ਰੇਲ ਮੰਤਰੀ ਨੂੰ ਲਿਖੀ ਚਿੱਠੀ



ਅੰਮ੍ਰਿਤਸਰ ਤੋਂ ਲੋਕ ਸਭਾ ਮੈਂਬਰ ਗੁਰਜੀਤ ਸਿੰਘ ਔਜਲਾ ਨੇ ਰੇਲ ਮੰਤਰੀ ਅਸ਼ਵਨੀ ਵੈਸ਼ਨਵ ਨੂੰ ਪੱਤਰ ਲਿਖ ਕੇ ਬੇਨਤੀ ਕੀਤੀ ਹੈ ਕਿ ਪੁਰਾਣੀ ਦਿੱਲੀ ਰੇਲਵੇ ਸਟੇਸ਼ਨ ਦਾ ਨਾਮ ਗੁਰੂ ਤੇਗ ਬਹਾਦਰ ਜੀ ਦੇ ਨਾਮ 'ਤੇ ਰੱਖਿਆ ਜਾਵੇ। ਉਨ੍ਹਾਂ ਪ੍ਰਸਤਾਵ ਵਿੱਚ ਕਿਹਾ ਹੈ ਕਿ ਇਸ ਇਤਿਹਾਸਕ ਸਟੇਸ਼ਨ ਨੂੰ ਇੱਕ ਅਜਿਹਾ ਨਾਂ ਦਿੱਤਾ ਜਾਣਾ ਚਾਹੀਦਾ ਹੈ ਜੋ ਦੇਸ਼ ਵਿੱਚ ਧਾਰਮਿਕ ਕੁਰਬਾਨੀ ਦੀ ਭਾਵਨਾ ਨੂੰ ਦਰਸਾਉਂਦਾ ਹੋਵੇ। ਔਜਲਾ ਨੇ ਆਪਣੇ ਪੱਤਰ ਵਿੱਚ ਲਿਖਿਆ ਹੈ ਕਿ ਪੁਰਾਣੀ ਦਿੱਲੀ ਰੇਲਵੇ ਸਟੇਸ਼ਨ ਨੂੰ 'ਸੀਸ ਗੰਜ ਸਾਹਿਬ ਰੇਲਵੇ ਸਟੇਸ਼ਨ' ਨਾਂ ਦੇਣਾ ਸਭ ਤੋਂ ਢੁਕਵਾਂ ਹੋਵੇਗਾ, ਕਿਉਂਕਿ ਇਹ ਉਹੀ ਸਥਾਨ ਹੈ ਜਿਥੇ ਗੁਰੂ ਤੇਗ ਬਹਾਦਰ ਜੀ ਨੇ ਧਰਮ ਦ ਰੱਖਿਆ ਤੇ ਮਨੁੱਖਤਾ ਦੇ ਸਨਮਾਨ ਲਈ ਬਲੀਦਾਨ ਦਿੱਤਾ ਸੀ। ਉਨ੍ਹਾਂ ਇਹ ਵੀ ਜਿਕਰ ਕੀਤਾ ਹੈ ਕਿ ਇਹ ਸਥਾਨ ਗੁਰਦੁਆਰਾ ਸੀਸ ਗੰਜ ਸਾਹਿਬ ਤੋਂ ਕੁਝ ਹੀ ਦੂਰੀ 'ਤੇ ਸਥਿਤ ਹੈ, ਜਿਥੇ ਨੌਵੇਂ ਸਿੱਖ ਗੁਰੂ ਨੇ ਮੁਗਲ ਸ਼ਾਸਨ ਦੇ ਦੌਰਾਨ ਧਾਰਮਿਕ ਸੁਤੰਤਰਤਾ ਦੀ ਰੱਖਿਆ ਲਈ ਜਾਨ ਵਾਰ ਦਿੱਤੀ ਸੀ।

# ਸਤਿੰਦਰ ਸਰਤਾਜ ਦੇ ਨਾਂ 'ਤੇ ਰੱਖਿਆ ਜਾਵੇਗਾ ਪੰਜਾਬ ਦੀ ਸੜਕ ਦਾ ਨਾਂ, CM ਮਾਨ ਕਰਨਗੇ ਉਦਘਾਟਨ



ਪੰਜਾਬ ਦੇ ਸੂਫੀ ਗਾਇਕ ਸਤਿੰਦਰ ਸਰਤਾਜ ਦੇ ਨਾਂ 'ਤੇ ਹੁਣ ਸੜਕ ਦ ਨਾਂ ਹੋਵੇਗਾ। ਪੰਜਾਬ ਸਰਕਾਰ ਨੇ ਉਸ ਦੇ ਨਾਂ 'ਤੇ ਸੜਕ ਰਖਣ ਦਾ ਫੈਸਲਾ ਕੀਤਾ ਹੈ। ਇਸ ਸਬੰਧੀ ਸਰਕਾਰ ਵੱਲੋਂ ਨੋਟੀਫਿਕੇਸ਼ਨ ਵੀ ਜਾਰੀ ਕਰ ਦਿੱਤੀ ਗਈ ਹੈ। ਸੜਕ ਦਾ ਉਦਘਾਟਨ ਸਮਾਰੋਹ 10 ਨਵੰਬਰ ਨੂੰ ਸਵੇਰੇ 10 ਵਜੇ ਹੋਵੇਗਾ। ਮੁੱਖ ਮੰਤਰੀ ਭਗਵੰਤ ਮਾਨ ਇਸ ਸਮਾਰੋਹ ਦੀ ਪ੍ਰਧਾਨਗੀ ਕਰਨਗੇ। ਸੰਸਦ ਮੈਂਬਰ ਰਾਜ ਕੁਮਾਰ ਚੱਬੇਵਾਲ, ਕੈਬਨਿਟ ਮੰਤਰੀ ਗੁਰਮੀਤ ਸਿੰਘ, ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਅਤੇ ਵਿਧਾਇਕ ਡਾ. ਇਸ਼ਾਕ ਇਸ ਮੌਕੇ 'ਤੇ ਮੌਜੂਦ ਰਹਿਣਗੇ। ਡਾ. ਸਤਿੰਦਰ ਸਰਤਾਜ ਮੂਲ ਤੌਰ 'ਤੇ ਹੁਸ਼ਿਆਰਪੁਰ ਦੇ ਰਹਿਣ ਵਾਲੇ ਹਨ। ਉਸ ਦਾ ਪਰਿਵਾਰ ਹੁਣ ਮੋਹਾਲੀ ਵਿੱਚ ਰਹਿੰਦਾ ਹੈ। ਦੋ ਦਿਨ ਪਹਿਲਾਂ ਗਾਇਕ ਨੇ ਸੋਸ਼ਲ ਮੀਡੀਆ 'ਤੇ ਆਪਣੇ ਨਾਨਾ-ਨਾਨੀ ਦੇ ਘਰ ਦੀ ਇੱਕ ਵੀਡੀਓ ਸਾਂਝੀ ਕੀਤੀ ਸੀ। ਉਸ ਨੇ ਲਿਖਿਆ, "ਵਲੈਤੀਆਂ ਦ ਦੋਹਤਾ ਨਾਣਕੇ ਪਿੰਡ ਆ ਗਿਆ।" ਦੋ ਦਿਨ ਪਹਿਲਾਂ ਉਨ੍ਹਾਂ ਨੇ ਆਪਣੇ ਸੋਸ਼ਲ ਮੀਡੀਆ ਅਕਾਊਂਟ 'ਤੇ ਇੱਕ ਪੋਸਟ ਸਾਂਝੀ ਕੀਤੀ, ਜਿਸਦਾ ਟਾਈਟਲ ਸੀ "ਨਾਨਕੇ ਪਿੰਡ ਦੀ ਫੇਰੀ।" ਇਸ ਵਿੱਚ ਉਸ ਨੇ ਇੱਕ ਵੀਡੀਓ ਸ਼ੇਅਰ ਕੀਤਾ, ਜਿਸ ਵਿਚ ਉਸ ਨੇ ਨਾਣਕੇ ਪਿੰਡ ਬਾਰੇ ਦੱਸਿਆ ਗਿਆ ਹੈ। ਦੱਸ ਦੇਈਏ ਕਿ ਜਦੋਂ ਅਗਸਤ ਵਿੱਚ ਪੰਜਾਬ ਵਿੱਚ ਹੜ੍ਹ ਆਏ ਸਨ, ਤਾਂ ਸਤਿੰਦਰ ਸਰਤਾਜ ਵੀ ਹੜ੍ਹ ਪ੍ਰਭਾਵਿਤ ਲੋਕਾਂ ਦੀ ਮਦਦ ਲਈ ਅੱਗੇ ਆਇਆ ਸੀ। ਉਸ ਨੇ ਪਹਿਲਾਂ ਅੰਮ੍ਰਿਤਸਰ ਦੇ 500 ਪਰਿਵਾਰਾਂ ਨੂੰ ਇੱਕ ਮਹੀਨੇ ਦਾ ਰਾਸ਼ਨ ਭੇਜਿਆ। ਫਿਰ ਉਸ ਨੇ ਫਾਜ਼ਿਲਕਾ ਸਮੇਤ ਹੋਰ ਜ਼ਿਲ੍ਹਿਆਂ ਵਿੱਚ ਸੇਵਾ ਕੀਤੀ।

# ਪੰਜਾਬ ਦੇ ਇੱਕ ਹੋਰ ਫੌਜੀ ਜਵਾਨ ਨੇ ਪੀਤਾ ਸ਼ਹਾਦਤ ਦਾ ਜਾਮ, ਸ਼੍ਰੀਨਗਰ 'ਚ ਡਿਊਟੀ ਦੌਰਾਨ ਹੋਈ ਮੌਤ



ਦੇਸ਼ ਦੀ ਰਾਖੀ ਕਰਦਿਆਂ ਪੰਜਾਬ ਦੇ ਇੱਕ ਹੋਰ ਫੌਜੀ ਜਵਾਨ ਨੇ ਸ਼ਹਾਦਤ ਦਾ ਜਾਮ ਪੀਤਾ ਹੈ। ਪੰਜਾਬ ਦੇ ਮਹਿਲ ਕਲਾਂ ਦੇ ਪਿੰਡ ਠੁੱਲੀਵਾਲ ਦੇ ਨੌਜਵਾਨ ਫੌਜੀ ਜਵਾਨ ਦੀ ਡਿਊਟੀ ਦੌਰਾਨ ਮੌਤ ਹੋ ਜਾਣ ਦੀ ਖਬਰ ਸਾਹਮਣੇ ਆਈ ਹੈ। ਫੌਜੀ ਜਵਾਨ ਦੀ ਪਛਾਣ ਜਗਸੀਰ ਸਿੰਘ ਵਜੋਂ ਹੋਈ ਹੈ। ਜਗਸੀਰ ਸਿੰਘ ਸ਼੍ਰੀਨਗਰ ਵਿੱਚ ਡਿਊਟੀ 'ਤੇ ਤਾਇਨਾਤ ਸੀ। ਪਿੰਡ ਦੇ ਸਰਪੰਚ ਨੂੰ ਆਰਮੀ ਦੇ ਅਧਿਕਾਰੀਆਂ ਨੇ ਫੋਨ ਰਾਹੀ ਇਸ ਘਟਨਾ ਸਬੰਧੀ ਜਾਣਕਰੀ ਦਿੱਤੀ। ਅਧਿਕਾਰੀਆਂ ਨੇ ਦੱਸਿਆ ਕਿ ਜਗਸੀਰ ਸਿੰਘ ਦੀ ਡਿਊਟੀ ਦੌਰਾਨ ਮੌਤ ਹੋ ਗਈ ਹੈ। ਮੌਤ ਦਾ ਕਾਰਨ ਹਾਲੇ ਤੱਕ ਪਤਾ ਨਹੀਂ ਲੱਗ ਸਕਿਆ। ਜਗਸੀਰ ਸਿੰਘ ਮਾਪਿਆਂ ਦਾ ਇੱਕਲਾ ਪੁੱਤਰ ਸੀ। ਉਹ ਸਤੰਬਰ ਮਹੀਨੇ ਵਿੱਚ ਹੀ ਛੁੱਟੀ ਕੱਟ ਕੇ ਡਿਊਟੀ 'ਤੇ ਵਾਪਸ ਗਿਆ ਸੀ। ਮਿਲੀ ਜਾਣਕਾਰੀ ਅਨੁਸਾਰ ਫੌਜੀ ਜਵਾਨ ਜਗਸੀਰ ਸਿੰਘ ਵਿਆਹਿਆ ਹੋਇਆ ਸੀ। ਉਹ ਅਪਣੇ ਪਿੱਛੇ ਆਪਣੀ ਮਾਤਾ, ਪਿਓ, ਪਤਨੀ ਅਤੇ ਇੱਕ ਪੁੱਤਰ ਨੂੰ ਛੱਡ ਗਿਆ ਹੈ। ਇਹ ਦੁਖਦਾਈ ਖਬਰ ਮਿਲਣ ਤੋਂ ਬਾਅਦ ਪੂਰੇ ਪਿੰਡ ਵਿੱਚ ਸੋਗ ਦੀ ਲਹਿਰ ਹੈ। ਦੱਸਿਆ ਜਾ ਰਿਹਾ ਹੈ ਕੱਲ੍ਹ ਜਵਾਨ ਜਗਸੀਰ ਸਿੰਘ ਦੀ ਮ੍ਰਿਤਕ ਦੇਹ ਦਾ ਪਿੰਡ ਠੁੱਲੀਵਾਲ ਵਿਖੇ ਸਰਕਾਰੀ ਰਸਮਾਂ ਅਨੁਸਾਰ ਅੰਤਿਮ ਸੰਸਕਾਰ ਕੀਤਾ ਜਾਵੇਗਾ।

# ਟਰੰਪ ਦਾ ਪੰਜਾਬੀ ਟਰੱਕ ਡਰਾਈਵਰਾਂ ਨੂੰ ਇੱਕ ਹੋਰ ਝਟਕਾ

## ਅੰਗਰੇਜ਼ੀ ਬੋਲਣਾ ਕੀਤਾ ਲਾਜ਼ਮੀ, ਰਸਤਿਆਂ 'ਚ ਰੋਕ-ਰੋਕ ਲਏ ਜਾ ਰਹੇ ਨੇ ਟੈਸਟ




ਵਾਸ਼ਿੰਗਟਨ: ਅਮਰੀਕਾ ਵਿੱਚ ਟਰੰਪ ਪ੍ਰਸ਼ਾਸਨ ਨੇ ਟਰੱਕ ਡਰਾਈਵਰਾਂ ਨੂੰ ਇੱਕ ਹੋਰ ਵੱਡਾ ਝਟਕਾ ਦਿੱਤਾ ਹੈ। ਹੁਨਰ ਦੇ ਆਧਾਰ 'ਤੇ ਗਏ ਹੋਏ ਡਰਾਈਵਰਾਂ ਲਈ ਹੁਣ ਅੰਗਰੇਜ਼ੀ ਭਾਸ਼ਾ ਬੋਲਣਾ ਲਾਜ਼ਮੀ ਕਰ ਦਿੱਤਾ ਗਿਆ ਹੈ। ਇਸ ਫੈਸਲੇ ਦਾ ਅਸਰ ਸਿੱਧਾ ਪੰਜਾਬੀ ਡਰਾਈਵਰਾਂ 'ਤੇ ਪੈਂਦਾ ਦਿਖਾਈ ਦਿੰਦਾ ਹੈ। ਕਿਉਂਕਿ ਅਮਰੀਕਾ, ਕੈਨੇਡਾ ਜਾਂ ਫਿਰ ਹੋਰ ਮੁਲਕਾਂ ਵਿੱਚ ਗਏ ਪੰਜਾਬੀ ਡਰਾਈਵਰਾਂ ਦੀ ਅੰਗਰੇਜ਼ੀ ਭਾਸ਼ਾ 'ਤੇ ਪਕੜ ਜ਼ਿਆਦਾ ਮਜ਼ਬੂਤ ਨਹੀਂ ਹੁੰਦੀ।

ਇਸ ਕਰਕੇ ਮੰਨਿਆ ਜਾ ਰਿਹਾ ਹੈ ਕਿ ਅਮਰੀਕਾ ਵਿੱਚ ਹੁਣ ਅਜਿਹੇ ਸਾਰੇ ਡਰਾਈਵਰਾਂ 'ਤੇ ਨਵੇਂ ਫੈਸਲੇ ਦਾ ਜ਼ਰੂਰ ਅਸਰ ਪੈ ਸਕਦਾ ਹੈ। ਇੱਥੇ ਟਰੱਕ ਡਰਾਈਵਰਾਂ ਲਈ ਅੰਗਰੇਜ਼ੀ ਬੋਲਣਾ ਲਾਜ਼ਮੀ ਕਰ ਦਿੱਤਾ ਗਿਆ ਹੈ। ਇਸ ਮਕਸਦ ਲਈ ਟੈਸਟ ਵੀ ਲਏ ਜਾ ਰਹੇ ਹਨ।

ਟਰੰਪ ਪ੍ਰਸ਼ਾਸਨ ਨੇ ਪੰਜਾਬ ਦੇ ਟਰੱਕ ਡਰਾਈਵਰਾਂ ਕਰਕੇ ਹੋਏ ਹਾਦਸਿਆਂ ਤੋਂ ਬਾਅਦ ਇਹ ਨਿਯਮ ਲਾਗੂ ਕੀਤਾ। ਪੁਲਿਸ ਸੜਕਾਂ 'ਤੇ ਟਰੱਕ ਡਰਾਈਵਰਾਂ ਨੂੰ ਰੋਕ ਕੇ ਅੰਗਰੇਜ਼ੀ ਬੋਲਣ ਦੇ ਟੈਸਟ ਵੀ ਲੈ ਰਹੀ ਹੈ। ਹੁਣ ਤੱਕ 7,000 ਤੋਂ ਵੱਧ ਗੈਰ-ਅਮਰੀਕੀ ਟਰੱਕ ਡਰਾਈਵਰ ਇਸ ਟੈਸਟ ਵਿੱਚ ਫੇਲ੍ਹ ਹੋ ਚੁੱਕੇ ਹਨ ਅਤੇ ਉਨ੍ਹਾਂ ਦੇ ਲਾਇਸੈਂਸ ਸਸਪੈਂਡ ਕਰ ਦਿੱਤੇ ਗਏ ਹਨ।

ਇਸ ਵੇਲੇ ਸੰਯੁਕਤ ਰਾਜ ਅਮਰੀਕਾ ਵਿੱਚ 1,50,000 ਪੰਜਾਬੀ ਡਰਾਈਵਰ ਹਨ। ਅਮਰੀਕੀ ਟਰਾਂਸਪੋਰਟ ਸਕੱਤਰ ਸੀਨ ਡਫੀ ਦੇ ਅਨੁਸਾਰ 30 ਅਕਤੂਬਰ ਤੱਕ ਚੱਲੇ ਅੰਗਰੇਜ਼ੀ ਟੈਸਟ ਦੌਰਾਨ ਬਹੁਤ ਸਾਰੇ ਡਰਾਈਵਰ ਅੰਗਰੇਜ਼ੀ ਸਹੀ ਢੰਗ ਨਾਲ ਬੋਲਣ ਵਿੱਚ ਅਸਮਰੱਥ ਸਨ ਜਦੋਂ ਕਿ ਕੁਝ ਅੰਗਰੇਜ਼ੀ ਵਿੱਚ ਲਿਖੇ ਟ੍ਰੈਫਿਕ ਸੰਕੇਤਾਂ ਨੂੰ ਸਮਝਣ ਵਿੱਚ ਅਸਮਰੱਥ ਸਨ।

ਉਨ੍ਹਾਂ ਕਿਹਾ ਕਿ ਅਮਰੀਕੀ ਟ੍ਰਾਂਸਪੋਰਟ ਕਾਨੂੰਨ ਅਨੁਸਾਰ ਸਾਰੇ ਟਰੱਕ ਡਰਾਈਵਰਾਂ ਨੂੰ ਟ੍ਰੈਫਿਕ ਚਿੰਨ੍ਹ ਪੜ੍ਹਨੇ ਅਤੇ ਅੰਗਰੇਜ਼ੀ ਬੋਲਣਾ ਲਾਜ਼ਮੀ ਹੈ। ਇਸ ਤੋਂ ਬਿਨਾਂ ਉਹ ਲਾਇਸੈਂਸ ਪ੍ਰਾਪਤ ਨਹੀਂ ਕਰ ਸਕਦੇ। ਓਬਾਮਾ ਪ੍ਰਸ਼ਾਸਨ ਦੌਰਾਨ ਇਸ ਨੂੰ ਗੰਭੀਰਤਾ ਨਾਲ ਨਹੀਂ ਲਿਆ ਗਿਆ, ਜਿਸ ਦੇ ਨਤੀਜੇ ਵਜੋਂ ਅੰਗਰੇਜ਼ੀ ਟੈਸਟ ਵਿੱਚ ਅਸਫਲ ਰਹਿਣ ਵਾਲੇ ਡਰਾਈਵਰਾਂ ਨੂੰ ਵੀ ਲਾਇਸੈਂਸ ਦਿੱਤੇ ਗਏ।

ਅਮਰੀਕਾ 'ਚ ਹਾਦਸਿਆਂ ਦੀ ਵਧਦੀ ਗਿਣਤੀ ਦੇ ਮੱਦੇਨਜ਼ਰ, ਟਰੰਪ ਸਰਕਾਰ ਨੇ ਲਗਭਗ ਦੋ ਮਹੀਨੇ ਪਹਿਲਾਂ ਹੀ ਭਾਰਤੀ ਡਰਾਈਵਰਾਂ ਲਈ ਵੀਜ਼ਾ 'ਤੇ ਪਾਬੰਦੀ ਲਗਾ ਦਿੱਤੀ ਸੀ। ਅਮਰੀਕੀ ਵਿਦੇਸ਼ ਮੰਤਰੀ ਮਾਰਕੋ ਰੂਬੀਓ ਨੇ ਆਪਣੇ ਸੋਸ਼ਲ ਮੀਡੀਆ ਅਕਾਊਂਟ 'ਤੇ ਇਸਦਾ ਐਲਾਨ ਕੀਤਾ ਸੀ।

# ਮੈਕਸੀਕੋ ਦੇ ਡਿਪਾਰਟਮੈਂਟ ਸਟੋਰ 'ਚ ਲੱਗੀ ਭਿਆਨਕ ਅੱਗ

## ਧਮਾਕੇ ਵਿੱਚ 23 ਦੀ ਮੌਤ



ਮੈਕਸੀਕੋ ਸਿਟੀ: ਉੱਤਰ-ਪੱਛਮੀ ਮੈਕਸੀਕੋ ਵਿੱਚ ਸ਼ਨੀਵਾਰ ਨੂੰ ਇੱਕ ਡਿਪਾਰਟਮੈਂਟ ਸਟੋਰ ਵਿੱਚ ਭਿਆਨਕ ਅੱਗ ਲੱਗ ਗਈ। ਜਿਸ ਕਾਰਨ ਇੱਕ ਵੱਡਾ ਧਮਾਕਾ ਹੋ ਗਿਆ। ਅਧਿਕਾਰੀਆਂ ਨੇ ਦੱਸਿਆ ਕਿ ਹਾਦਸੇ ਵਿੱਚ ਕਈ ਬੱਚਿਆਂ ਸਮੇਤ ਘੱਟੋ-ਘੱਟ 23 ਲੋਕਾਂ ਦੀ ਮੌਤ ਹੋ ਗਈ ਅਤੇ 12 ਜ਼ਖਮੀ ਹੋ ਗਏ ਹਨ।

ਸੋਨੋਰਾ ਦੇ ਗਵਰਨਰ ਅਲਫੋਂਸੋ ਦੁਰਾਜ਼ੋ ਨੇ ਸੋਸ਼ਲ ਮੀਡੀਆ 'ਤੇ ਸ਼ੇਅਰ ਕੀਤੀ ਇੱਕ ਵੀਡੀਓ ਵਿੱਚ ਕਿਹਾ ਕਿ ਅੱਗ ਸੋਨੋਰਾ ਰਾਜ ਦੀ ਰਾਜਧਾਨੀ ਹਰਮੋਸਿਲੋ ਸ਼ਹਿਰ ਵਿੱਚ ਲੱਗੀ। ਸੋਨੋਰਾ ਦੇ ਅਟਾਰਨੀ ਜਨਰਲ ਗੁਸਤਾਵੋ ਸਲਾਸ ਚਾਵੇਜ਼ ਨੇ ਕਿਹਾ ਕਿ ਘੱਟੋ-ਘੱਟ 23 ਲੋਕ ਮਾਰੇ ਗਏ ਹਨ ਅਤੇ ਜ਼ਖਮੀਆਂ ਨੂੰ ਹਰਮੋਸਿਲੋ ਦੇ ਛੇ ਹਸਪਤਾਲਾਂ ਵਿੱਚ ਲਿਜਾਇਆ ਗਿਆ ਹੈ। ਸਲਾਸ ਚਾਵੇਜ਼ ਨੇ ਕਿਹਾ ਕਿ ਮੁੱਢਲੀ ਜਾਂਚ ਤੋਂ ਪਤਾ ਚੱਲਿਆ ਹੈ ਕਿ ਮੌਤਾਂ "ਜ਼ਹਿਰੀਲੀ ਗੈਸ ਦੇ ਸਾਹ ਰਾਹੀਂ ਅੰਦਰ ਜਾਣ" ਕਾਰਨ ਹੋਈਆਂ ਹਨ।

ਫਾਇਰ ਬ੍ਰਿਗੇਡ ਦੀਆਂ ਟੀਮਾਂ ਇਸ ਸਮੇਂ ਮੌਕੇ 'ਤੇ ਅੱਗ ਬੁਝਾਉਣ ਦੀ ਕੋਸ਼ਿਸ਼ ਕਰ ਰਹੀਆਂ ਹਨ। ਰਾਜਪਾਲ ਨੇ ਕਿਹਾ, "ਸਾਡੇ ਕੋਲ ਇਸ ਸਮੇਂ ਕੋਈ ਸੰਕੇਤ ਨਹੀਂ ਹੈ ਕਿ ਅੱਗ ਜਾਣਬੁੱਝ ਕੇ ਲਗਾਈ ਗਈ ਸੀ।"

ਉਨ੍ਹਾਂ ਇਹ ਵੀ ਕਿਹਾ ਕਿ ਅਧਿਕਾਰੀ ਇਸ ਮਾਮਲੇ ਦੀ ਹਰ ਪਹਿਲੂ ਤੋਂ ਜਾਂਚ ਕਰਨਗੇ। ਸੋਸ਼ਲ ਮੀਡੀਆ 'ਤੇ ਘੁੰਮ ਰਹੀਆਂ ਫੋਟੋਆਂ ਵਿੱਚ ਵਾਲਡੋ ਸਟੋਰ ਨੂੰ ਭਿਆਨਕ ਅੱਗ ਲੱਗਦੀ ਦਿਖਾਈ ਦੇ ਰਹੀ ਹੈ। ਇੱਕ ਵੀਡੀਓ ਵਿੱਚ ਸਟੋਰ ਦੇ ਪ੍ਰਵੇਸ਼ ਦੁਆਰ ਤੋਂ ਕੁਝ ਮੀਟਰ ਦੀ ਦੂਰੀ 'ਤੇ ਅੱਗ 'ਚ ਸੜਿਆ ਹੋਇਆ ਆਦਮੀ ਦੇਖਿਆ ਗਿਆ ਹੈ।

# ਤੇਲੰਗਾਨਾ : ਬੱਸ ਤੇ ਬੱਜਰੀ ਲੈ ਕੇ ਜਾ ਰਹੇ ਡੰਪਰ ਵਿਚਾਲੇ ਹੋਈ ਟੱਕਰ

## ਹਾਦਸੇ 'ਚ ਕਰੀਬ 19 ਲੋਕਾਂ ਦੀ ਮੌਤ



ਤੇਲੰਗਾਨਾ ਦੇ ਰੰਗਾਰੇਡੀ 'ਚ ਭਿਆਨਕ ਹਾਦਸਾ ਵਾਪਰਿਆ ਹੈ। ਬੱਸ ਤੇ ਬੱਜਰੀ ਲੈ ਕੇ ਜਾ ਰਹੇ ਡੰਪਰ ਵਿਚਾਲੇ ਟੱਕਰ ਹੋ ਗਈ ਤੇ ਹਾਦਸੇ 'ਚ ਕਰੀਬ 19 ਲੋਕਾਂ ਦੀ ਮੌਤ ਹੋਈ ਹੈ ਤੇ ਕਰੀਬ 15 ਜ਼ਖਮੀ ਲੋਕਾਂ ਨੂੰ ਹਸਪਤਾਲ 'ਚ ਦਾਖਲ ਕਰਵਾਇਆ ਗਿਆ ਹੈ, 3 ਦੀ ਹਾਲਤ ਗੰਭੀਰ ਦੱਸੀ ਜਾ ਰਹੀ ਹੈ। ਜਾਣਕਾਰੀ ਮੁਤਾਬਕ ਬੱਸ ਤੰਦੂਰ ਤੋਂ ਹੈਦਰਾਬਾਦ ਜਾ ਰਹੀ ਸੀ। ਬੱਸ ਵਿਚ 70 ਤੋਂ ਵੱਧ ਯਾਤਰੀ ਸਵਾਰ ਸਨ। ਇਨ੍ਹਾਂ ਵਿਚ ਜ਼ਿਆਦਾਤਰ ਕਾਲਜ ਵਿਦਿਆਰਥੀ ਸਨ। ਇਹ ਐਤਵਾਰ ਦੀ ਛੁੱਟੀ 'ਤੇ ਘਰ ਗਏ ਸਨ ਤੇ ਕਾਲਜ ਜਾਣ ਲਈ ਹੈਦਰਾਬਾਦ ਪਰਤ ਰਹੇ ਸਨ।

ਪੁਲਿਸ ਨੇ ਦੱਸਿਆ ਕਿ ਚੇਵੇਲਾ ਪੁਲਿਸ ਸਟੇਸ਼ਨ ਖੇਤਰ ਵਿਚ ਖਾਨਪੁਰ ਗੇਟ ਕੋਲ ਗਲਤ ਦਿਸ਼ਾ ਤੋਂ ਆ ਰਹੇ ਡੰਪਰ ਨੇ ਬੱਸ ਨੂੰ ਟੱਕਰ ਮਾਰ ਦਿੱਤੀ। ਟੱਕਰ ਇੰਨੀ ਜ਼ੋਰਦਾਰ ਸੀ ਕਿ ਬੱਸ ਚਕਨਾਚੂਰ ਹੋ ਗਈ ਤੇ ਡੰਪਰ 'ਤੇ ਲੱਦੀ ਬਜਰੀ ਬੱਸ ਦੇ ਅੰਦਰ ਯਾਤਰੀਆਂ 'ਤੇ ਜਾ ਡਿੱਗੀ। ਬੱਸ ਦੇ ਸਟਾਫ ਨੇ ਲਗਭਗ 15 ਲੋਕਾਂ ਨੂੰ ਬਚਾਇਆ। ਹਾਦਸੇ ਦੀ ਸੂਚਨਾ ਮਿਲਦੇ ਹੀ ਪੁਲਿਸ ਘਟਨਾ ਵਾਲੀ ਥਾਂ 'ਤੇ ਪਹੁੰਚੀ। ਬਜਰੀ ਵਿਚ ਦਬੇ ਲੋਕਾਂ ਨੂੰ ਕੱਢਣ ਲਈ ਜੇਸੀਬੀ ਤੋਂ ਰੈਸਕਿਊ ਆਪ੍ਰੇਸ਼ਨ ਚਲਾਇਆ ਗਿਆ। ਜਖਮੀਆਂ ਨੂੰ ਸਰਕਾਰੀ ਹਸਪਤਾਲ ਲਿਜਾਇਆ ਗਿਆ ਹੈ। ਤੇਲੰਗਾਨਾ ਸਰਕਾਰ ਨੇ ਹੈਲਪਲਾਈਨ ਨੰਬਰ 9912919545 ਤੇ 9440854433 ਜਾਰੀ ਕੀਤੇ ਹਨ। ਪੀਐੱਮ ਮੋਦੀ ਵੱਲੋਂ ਤੇਲੰਗਾਨਾ ਹਾਦਸੇ 'ਤੇ ਦੁੱਖ ਪ੍ਰਗਟਾਇਆ ਗਿਆ ਹੈ। ਪ੍ਰਧਾਨ ਮੰਤਰੀ ਮੋਦੀ ਵੱਲੋਂ ਪੀੜਤਾਂ ਲਈ ਐਕਸ-ਗ੍ਰੇਸ਼ੀਆ ਮਦਦ ਦਾ ਐਲਾਨ ਕੀਤਾ ਗਿਆ ਹੈ ਤੇ ਮ੍ਰਿਤਕਾਂ ਦੇ ਵਾਰਸਾਂ ਨੂੰ 2 ਲੱਖ ਰੁਪਏ ਦਿੱਤੇ ਜਾਣਗੇ ਤੇ ਜ਼ਖਮੀਆਂ ਨੂੰ 50,000 ਰੁਪਏ ਦਿੱਤੇ ਜਾਣ ਦਾ ਐਲਾਨ ਕੀਤਾ ਗਿਆ ਹੈ।

# ਧੋਖੇ ਨਾਲ ਰੂਸੀ ਫੌਜ 'ਚ ਭਰਤੀ ਕੀਤੇ ਭਾਰਤੀ ਨੌਜਵਾਨਾਂ ਦੇ ਪਰਿਵਾਰਾਂ ਨੇ ਦਿੱਲੀ 'ਚ ਕੀਤਾ ਪ੍ਰਦਰਸ਼ਨ!

ਨਵੀਂ ਦਿੱਲੀ: ਧੋਖੇ ਨਾਲ ਰੂਸੀ ਫੌਜ ਵਿੱਚ ਭਰਤੀ ਕੀਤੇ ਗਏ ਅਤੇ ਯੂਕਰੇਨ ਜੰਗ 'ਚ ਭੇਜੇ ਗਏ ਭਾਰਤੀ ਨੌਜਵਾਨਾਂ ਦੇ ਪਰਿਵਾਰਾਂ ਨੇ ਸੋਮਵਾਰ ਨੂੰ ਦਿੱਲੀ ਦੇ ਜੰਤਰ-ਮੰਤਰ 'ਤੇ ਵਿਰੋਧ ਪ੍ਰਦਰਸ਼ਨ ਕੀਤਾ। ਇਨ੍ਹਾਂ ਪਰਿਵਾਰਾਂ ਨੇ ਵਿਦੇਸ਼ਾਂ ਵਿੱਚ ਫਸੇ ਨੌਜਵਾਨਾਂ ਨੂੰ ਸੁਰੱਖਿਅਤ ਅਤੇ ਜਲਦੀ ਵਾਪਸ ਲਿਆਉਣ ਦੀ ਮੰਗ ਕੀਤੀ। ਪਰਿਵਾਰਾਂ ਅਨੁਸਾਰ, ਪੂਰੇ ਦੇਸ਼ ਦੇ ਕੁੱਲ 55 ਨੌਜਵਾਨ ਅਤੇ ਹਰਿਆਣਾ ਦੇ 6 ਨੌਜਵਾਨ ਰੂਸ-ਯੂਕਰੇਨ ਜੰਗ ਵਿੱਚ ਫਸੇ ਹੋਏ ਹਨ। ਹਰਿਆਣਾ ਤੋਂ ਫਤਿਹਾਬਾਦ ਦੇ ਦੋ, ਅਤੇ ਕੈਥਲ, ਹਿਸਾਰ, ਰੋਹਤਕ ਤੇ ਜੀਂਦ ਦੇ ਇੱਕ-ਇੱਕ ਨੌਜਵਾਨ ਸ਼ਾਮਲ ਹਨ। ਇਨ੍ਹਾਂ ਵਿੱਚੋਂ ਹਿਸਾਰ ਜ਼ਿਲ੍ਹੇ ਦੇ ਮਦਨਹੇੜੀ ਪਿੰਡ ਦੇ ਅਮਨ ਦਾ ਕੇਸ ਸਭ ਤੋਂ ਵੱਧ ਚਰਚਾ ਵਿੱਚ ਹੈ, ਕਿਉਂਕਿ ਉਸੇ ਪਿੰਡ ਦੇ ਰਹਿਣ ਵਾਲੇ ਸੋਨੂੰ ਦੀ ਮੌਤ ਹੋ ਚੁੱਕੀ ਹੈ। ਅਮਨ ਦੀ ਮਾਂ ਸੁਮਨ ਦੇਵੀ ਨੇ ਦੱਸਿਆ ਕਿ ਉਹ 2024 ਵਿੱਚ ਸਟੱਡੀ ਵੀਜ਼ਾ 'ਤੇ ਰੂਸ ਗਿਆ ਸੀ, ਪਰ ਉੱਥੇ ਏਜੰਟਾਂ ਨੇ ਧੋਖੇ ਨਾਲ ਉਸ ਨੂੰ ਰੂਸੀ ਫੌਜ ਵਿੱਚ ਭਰਤੀ ਕਰ ਲਿਆ ਅਤੇ ਯੂਕਰੇਨ ਦੇ ਜੰਗ ਮੈਦਾਨ ਵਿੱਚ ਭੇਜ ਦਿੱਤਾ। ਅਮਨ ਨੇ ਆਖਰੀ ਵੀਡੀਓ ਵਿੱਚ ਕਿਹਾ ਸੀ ਕਿ ਹਾਲਾਤ ਬਹੁਤ ਖਰਾਬ ਹਨ ਅਤੇ ਮੌਤ ਕਿਸੇ ਵੀ ਵੇਲੇ ਹੋ ਸਕਦੀ ਹੈ। ਉਸ ਤੋਂ ਬਾਅਦ ਪਰਿਵਾਰ ਉਸ ਨਾਲ ਸੰਪਰਕ ਨਹੀਂ ਕਰ ਸਕਿਆ। ਸੁਮਨ ਦੇਵੀ ਨੇ ਰੋਂਦੇ ਹੋਏ ਕਿਹਾ ਕਿ ਸਰਕਾਰ ਤੋਂ ਸਾਡੀ ਇੱਕ ਹੀ ਮੰਗ ਹੈ ਕਿ ਮੇਰੇ ਪੁੱਤ ਨੂੰ ਸੁਰੱਖਿਅਤ ਵਾਪਸ ਲਿਆਂਦਾ ਜਾਵੇ। ਫਤਿਹਾਬਾਦ ਦੇ ਅੰਕਿਤ ਜਾਂਗੜਾ ਅਤੇ ਵਿਜੈ ਪੂਨੀਆ ਵੀ ਰੂਸ ਵਿੱਚ ਫਸੇ ਹਨ। ਅੰਕਿਤ ਫਰਵਰੀ ਵਿੱਚ ਸਟੱਡੀ ਵੀਜ਼ਾ 'ਤੇ ਗਿਆ ਅਤੇ ਰੈਸਟੋਰੈਂਟ ਵਿੱਚ ਕੰਮ ਕਰ ਰਿਹਾ ਸੀ। ਵਿਜੈ ਪੂਨੀਆ ਜੁਲਾਈ ਵਿੱਚ ਬਿਜ਼ਨਸ ਵੀਜ਼ਾ 'ਤੇ ਰੂਸ ਗਿਆ, ਪਰ ਇੱਕ ਰੂਸੀ ਔਰਤ ਨੇ ਉਸ ਨੂੰ ਕੰਪਿਊਟਰ ਆਪਰੇਟਰ ਦੀ ਨੌਕਰੀ ਦੇ ਲਾਲਚ ਨਾਲ ਫੌਜ ਵਿੱਚ ਭਰਤੀ ਕਰਵਾ ਲਿਆ। ਦੋਵਾਂ ਨੂੰ 20 ਅਗਸਤ ਨੂੰ ਯੂਕਰੇਨ ਭੇਜਿਆ ਗਿਆ ਅਤੇ ਉਦੋਂ ਤੋਂ ਪਰਿਵਾਰ ਉਨ੍ਹਾਂ ਨਾਲ ਸੰਪਰਕ ਨਹੀਂ ਕਰ ਸਕੇ। ਪਰਿਵਾਰਾਂ ਨੇ ਕਿਹਾ ਕਿ ਉਨ੍ਹਾਂ ਨੇ ਆਪਣੇ ਬੱਚਿਆਂ ਨੂੰ ਪੜ੍ਹਾਈ ਅਤੇ ਬਿਹਤਰ ਭਵਿੱਖ ਲਈ ਵਿਦੇਸ਼ ਭੇਜਿਆ ਸੀ, ਪਰ ਏਜੰਟਾਂ ਨੇ ਧੋਖੇ ਨਾਲ ਉਨ੍ਹਾਂ ਨੂੰ ਜੰਗ ਵਿੱਚ ਧੱਕ ਦਿੱਤਾ। ਹੁਣ ਉਹ ਸਰਕਾਰ ਤੋਂ ਮੰਗ ਕਰ ਰਹੇ ਹਨ ਕਿ ਉਨ੍ਹਾਂ ਦੇ ਪੁੱਤਰਾਂ ਨੂੰ ਸੁਰੱਖਿਅਤ ਭਾਰਤ ਵਾਪਸ ਲਿਆਂਦਾ ਜਾਵੇ। ਪ੍ਰਦਰਸ਼ਨ ਦੀ ਅਗਵਾਈ ਕਰ ਰਹੇ ਜੈ ਭਗਵਾਨ ਨੇ ਕਿਹਾ ਕਿ ਉਨ੍ਹਾਂ ਨੇ ਵਿਦੇਸ਼ ਮੰਤਰੀ ਡਾ. ਐੱਸ. ਜੈਸ਼ੰਕਰ ਦੇ ਅਸਿਸਟੈਂਟ ਸੈਕਰੇਟਰੀ ਵਿਦਯੁਤ ਨਾਥ ਪਾਂਡੇ ਨਾਲ ਮੁਲਾਕਾਤ ਕੀਤੀ।

ਪਾਂਡੇ ਨੇ ਭਰੋਸਾ ਦਿੱਤਾ ਕਿ ਵਿਦੇਸ਼ ਮੰਤਰੀ ਰੂਸ ਜਾਣਗੇ ਅਤੇ ਭਾਰਤੀ ਨੌਜਵਾਨਾਂ ਦੀ ਵਾਪਸੀ ਦਾ ਮੁੱਦਾ ਰੂਸੀ ਸਰਕਾਰ ਨਾਲ ਚੁੱਕਣਗੇ। ਜੈ ਭਗਵਾਨ ਨੇ ਕਿਹਾ ਕਿ ਸਾਰੇ ਪ੍ਰਭਾਵਿਤ ਪਰਿਵਾਰਾਂ ਨੇ ਸਰਕਾਰੀ ਕਾਰਵਾਈ ਲਈ ਅਗਲੇ 10 ਦਿਨਾਂ ਤੱਕ ਉਡੀਕ ਕਰਨ ਦਾ ਫੈਸਲਾ ਕੀਤਾ ਹੈ। ਜੇਕਰ ਇਸ ਵਿੱਚ ਕੋਈ ਠੋਸ ਕਦਮ ਨਾ ਚੁੱਕੇ ਗਏ ਤਾਂ ਉਹ ਅੰਦੋਲਨ ਨੂੰ ਹੋਰ ਤੇਜ਼ ਕਰਨਗੇ। ਨਵੀਂ ਜਾਣਕਾਰੀ ਅਨੁਸਾਰ, ਦਿੱਲੀ ਹਾਈ ਕੋਰਟ ਨੇ ਕੇਂਦਰ ਸਰਕਾਰ ਨੂੰ ਯੂਕਰੇਨ ਵਿੱਚ ਫੜੇ ਗਏ ਇੱਕ ਭਾਰਤੀ ਵਿਦਿਆਰਥੀ ਦੀ ਵਾਪਸੀ ਲਈ ਤੁਰੰਤ ਕਦਮ ਚੁੱਕਣ ਲਈ ਕਿਹਾ ਹੈ। ਇਹ ਵਿਦਿਆਰਥੀ ਮੁਹੰਮਦ ਹੁਸੈਨ ਮਜੋਥੀ ਹੈ, ਜਿਸ ਨੂੰ ਯੂਕਰੇਨੀ ਫੌਜ ਨੇ ਫੜ ਲਿਆ ਹੈ। ਅਦਾਲਤ ਨੇ ਇਸ ਮਾਮਲੇ ਵਿੱਚ ਚਿੰਤਾ ਪ੍ਰਗਟ ਕੀਤੀ ਹੈ। ਇਸ ਤੋਂ ਇਲਾਵਾ, ਅਕਤੂਬਰ 2025 ਵਿੱਚ ਹਰਿਆਣਾ ਦੇ ਇੱਕ ਨੌਜਵਾਨ ਕਰਮਚੰਦ ਦੀ ਯੂਕਰੇਨ ਜੰਗ ਵਿੱਚ ਮੌਤ ਹੋ ਗਈ ਸੀ, ਜਿਸ ਨੂੰ ਏਜੰਟ ਨੇ ਧੋਖੇ ਨਾਲ ਰੂਸੀ ਫੌਜ ਵਿੱਚ ਭੇਜਿਆ ਸੀ। ਸਤੰਬਰ 2025 ਵਿੱਚ ਪੰਜਾਬ ਅਤੇ ਹਰਿਆਣਾ ਦੇ ਨੌਜਵਾਨਾਂ ਨੇ ਵੀਡੀਓ ਜਾਰੀ ਕਰ ਕੇ ਬਚਾਅ ਦੀ ਅਪੀਲ ਕੀਤੀ ਸੀ।

ਪੰਜਾਬ ਸਟਾਰ ਟੀਵੀ
ਹੁਣ ਤੁਸੀਂ ਆਪਣੇ ਘਰ
IPTV ਤੇ ਵੀ ਦੇਖ ਸਕਦੇ ਹੋ
PUNJAB STAR TV
IPTV
Roku
eBaba Ent
webtv
ਸੱਭਿਆਚਾਰਕ, ਧਾਰਮਿਕ ਅਤੇ ਰਾਜਨੀਤਿਕ ਪਰੋਗਰਾਮਾਂ ਨਾਲ
ਭਾਰਤ, ਪੰਜਾਬ, ਕੈਨੇਡਾ ਅਤੇ ਪੂਰੀ ਦੁਨੀਆ ਨਾਲ ਤੁਹਾਨੂੰ ਜੋੜ ਕੇ ਰੱਖਦਾ ਹੈ
ਪੰਜਾਬ ਸਟਾਰ ਟੀਵੀ
ਪੰਜਾਬ ਸਟਾਰ ਟੀਵੀ ਹੁਣ ਤੁਸੀਂ ਅਮਰੀਕਾ ਅਤੇ ਕੈਨੇਡਾ ਆਪਣੇ ਘਰ ਆਈ ਪੀ ਟੀਵੀ ਬੌਕਸ 'ਤੇ ਦੇਖ ਸਕਦੇ। ਵਧੇਰੇ ਜਾਣਕਾਰੀ ਲਈ
ਲਖਵਿੰਦਰ ਸੰਧੂ 905-673-7666
YUPPTV
GET IT ON Google Play
Shava tv
jadoo tv
Cruze tv
amazon fireTV
NOW WIDELY AVAILABLE IN AMERICA & CANADA
For informatin call Lakhwinder Sandhu
905-673-7666

# ਮਾਨ ਸਰਕਾਰ ਵੱਲੋਂ ਟੋਲ ਲੁੱਟ ਖ਼ਿਲਾਫ਼ ਸਖ਼ਤ ਐਕਸ਼ਨ !

## ਹੁਣ ਤੱਕ 19 ਟੋਲ ਪਲਾਜ਼ਾ ਬੰਦ




ਚੰਡੀਗੜ੍ਹ : ਪੰਜਾਬ ਵਿੱਚ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਇੱਕ ਇਤਿਹਾਸਕ ਅਤੇ ਇਨਕਲਾਬੀ ਕਦਮ ਚੁੱਕਿਆ ਹੈ, ਜਿਸ ਨੇ ਆਮ ਜਨਤਾ ਨੂੰ ਸਿੱਧੀ ਅਤੇ ਵੱਡੀ ਰਾਹਤ ਦਿੱਤੀ ਹੈ। ਮਾਰਚ 2022 ਤੋਂ ਲੈ ਕੇ ਹੁਣ ਤੱਕ, ਸੂਬਾ ਸਰਕਾਰ ਨੇ ਪੰਜਾਬ ਦੀਆਂ ਸੜਕਾਂ 'ਤੇ ਚੱਲ ਰਹੀ 'ਖੁੱਲ੍ਹੀ ਲੁੱਟ' ਨੂੰ ਖਤਮ ਕਰਦਿਆਂ ਕੁੱਲ 19 ਟੋਲ ਪਲਾਜ਼ਿਆਂ ਨੂੰ ਸਫਲਤਾਪੂਰਵਕ ਬੰਦ ਕਰ ਦਿੱਤਾ ਹੈ। ਇਹ ਫੈਸਲਾ ਸਿਰਫ ਇੱਕ ਪ੍ਰਸ਼ਾਸਨਿਕ ਕਾਰਵਾਈ ਨਹੀਂ ਹੈ, ਸਗੋਂ ਇਹ ਆਮ ਲੋਕਾਂ ਦੀਆਂ ਜੇਬਾਂ 'ਤੇ ਪੈਣ ਵਾਲੇ ਬੇਲੋੜੇ ਬੋਝ ਨੂੰ ਖਤਮ ਕਰਨ ਦੀ ਦਿਸ਼ਾ ਵਿੱਚ ਇੱਕ ਵੱਡਾ ਮੀਲ ਪੱਥਰ ਹੈ। ਇਨ੍ਹਾਂ 19 ਟੋਲ ਪਲਾਜ਼ਿਆਂ ਦੇ ਬੰਦ ਹੋਣ ਨਾਲ ਪੰਜਾਬ ਦੇ ਲੱਖਾਂ ਯਾਤਰੀਆਂ ਨੂੰ ਹਰ ਰੋਜ਼ ਲਗਭਗ ₹65 ਲੱਖ ਦੀ ਸਿੱਧੀ ਬੱਚਤ ਹੋ ਰਹੀ ਹੈ, ਜੋ ਸਾਲਾਨਾ ₹225 ਕਰੋੜ ਦੇ ਭਾਰੀ-ਭਰਕਮ ਅੰਕੜੇ ਵਿੱਚ ਬਦਲ ਜਾਂਦੀ ਹੈ। ਇਹ ਮੁੱਖ ਮੰਤਰੀ ਮਾਨ ਦੀ ਉਸ ਵਚਨਬੱਧਤਾ ਨੂੰ ਦਰਸਾਉਂਦਾ ਹੈ, ਜਿਸ ਵਿੱਚ ਉਨ੍ਹਾਂ ਨੇ ਪੰਜਾਬ ਦੇ ਲੋਕਾਂ ਨੂੰ ਭ੍ਰਿਸ਼ਟਾਚਾਰ ਮੁਕਤ ਅਤੇ ਲੋਕ-ਸਮਰਪਿਤ ਸ਼ਾਸਨ ਦੇਣ ਦਾ ਵਾਅਦਾ ਕੀਤਾ ਸੀ।

ਪੰਜਾਬ ਸਰਕਾਰ ਦਾ ਇਹ ਕਦਮ ਪਿਛਲੀਆਂ ਸਰਕਾਰਾਂ ਦੀਆਂ ਨੀਤੀਆਂ ਦੇ ਬਿਲਕੁਲ ਉਲਟ ਹੈ, ਜਿੱਥੇ ਟੋਲ ਕੰਪਨੀਆਂ ਨੂੰ ਅਕਸਰ ਕਥਿਤ ਤੌਰ 'ਤੇ ਸੁਰੱਖਿਆ ਦਿੱਤੀ ਜਾਂਦੀ ਸੀ। ਮਾਨ ਸਰਕਾਰ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਜੋ ਕੰਪਨੀਆਂ ਇਕਰਾਰਨਾਮੇ (ਕੰਟਰੈਕਟ) ਦੀਆਂ ਸ਼ਰਤਾਂ ਦੀ ਉਲੰਘਣਾ ਕਰਨਗੀਆਂ, ਸੜਕਾਂ ਦੀ ਸਾਂਭ-ਸੰਭਾਲ ਠੀਕ ਤਰ੍ਹਾਂ ਨਹੀਂ ਕਰਨਗੀਆਂ, ਜਾਂ ਸਰਕਾਰ ਨੂੰ ਦੇਣਯੋਗ ਰਾਇਲਟੀ ਜਮ੍ਹਾ ਨਹੀਂ ਕਰਾਉਣਗੀਆਂ, ਉਨ੍ਹਾਂ ਨੂੰ ਕਿਸੇ ਵੀ ਕੀਮਤ 'ਤੇ ਬਖਸ਼ਿਆ ਨਹੀਂ ਜਾਵੇਗਾ। ਇਨ੍ਹਾਂ 19 ਟੋਲ ਪਲਾਜ਼ਿਆਂ ਵਿੱਚੋਂ ਕਈਆਂ ਨੂੰ ਇਸ ਲਈ ਬੰਦ ਕੀਤਾ ਗਿਆ ਕਿਉਂਕਿ ਜਾਂ ਤਾਂ ਉਨ੍ਹਾਂ ਦਾ ਇਕਰਾਰਨਾਮਾ ਖਤਮ ਹੋ ਗਿਆ ਸੀ ਅਤੇ ਸਰਕਾਰ ਨੇ ਉਨ੍ਹਾਂ ਨੂੰ ਕੋਈ ਵਿਸਥਾਰ ਦੇਣ ਤੋਂ ਸਾਫ਼ ਇਨਕਾਰ ਕਰ ਦਿੱਤਾ, ਜਾਂ ਫਿਰ ਉਨ੍ਹਾਂ ਨੂੰ ਇਕਰਾਰਨਾਮੇ ਦੀ ਉਲੰਘਣਾ ਲਈ ਦੰਡਕਾਰੀ ਕਾਰਵਾਈ ਤਹਿਤ ਬੰਦ ਕੀਤਾ ਗਿਆ। ਇਹ ਫੈਸਲਾ ਇਸ ਗੱਲ ਦਾ ਪ੍ਰਮਾਣ ਹੈ ਕਿ ਮੌਜੂਦਾ ਪੰਜਾਬ ਸਰਕਾਰ ਕਾਰਪੋਰੇਟ ਮੁਨਾਫੇ ਦੀ ਥਾਂ ਆਮ ਜਨਤਾ ਦੇ ਹਿੱਤਾਂ ਨੂੰ ਸਰਵਉੱਚ ਰੱਖਦੀ ਹੈ ਅਤੇ ਜਵਾਬਦੇਹੀ ਤੈਅ ਕਰਨ ਵਿੱਚ ਕੋਈ ਸੰਕੋਚ ਨਹੀਂ ਕਰਦੀ।

ਇਸ ਵੱਡੇ ਬਦਲਾਅ ਦੀ ਸ਼ੁਰੂਆਤ 2022 ਵਿੱਚ ਹੀ ਹੋ ਗਈ ਸੀ, ਜਦੋਂ ਸਰਕਾਰ ਨੇ ਸਪੱਸ਼ਟ ਸੰਕੇਤ ਦੇ ਦਿੱਤੇ ਸਨ ਕਿ ਹੁਣ 'ਲੁੱਟ ਦਾ ਦੌਰ' ਖਤਮ ਹੋ ਗਿਆ ਹੈ। 4 ਸਤੰਬਰ 2022 ਨੂੰ ਸੰਗਰੂਰ-ਲੁਧਿਆਣਾ ਰੋਡ 'ਤੇ ਲੱਢਾ ਅਤੇ ਅਹਿਮਦਗੜ੍ਹ ਟੋਲ ਪਲਾਜ਼ਾ ਨੂੰ ਬੰਦ ਕਰ ਦਿੱਤਾ ਗਿਆ। ਆਪ੍ਰੇਟਰ ਨੇ ਕੋਵਿਡ ਅਤੇ ਕਿਸਾਨ ਅੰਦੋਲਨ ਦਾ ਹਵਾਲਾ ਦੇ ਕੇ ₹50 ਕਰੋੜ ਦਾ ਮੁਆਵਜ਼ਾ ਜਾਂ ਵਿਸਥਾਰ ਮੰਗਿਆ, ਜਿਸ ਨੂੰ ਮੁੱਖ ਮੰਤਰੀ ਨੇ ਇਹ ਕਹਿੰਦਿਆਂ ਖਾਰਜ ਕਰ ਦਿੱਤਾ ਕਿ ਇਹ ਇੱਕ ਆਲਮੀ ਆਫ਼ਤ ਸੀ ਅਤੇ ਇਸ ਦਾ ਬੋਝ ਜਨਤਾ 'ਤੇ ਨਹੀਂ ਪਾਇਆ ਜਾ ਸਕਦਾ। ਇਸ ਤੋਂ ਬਾਅਦ, 15 ਦਸੰਬਰ 2022 ਨੂੰ ਹੁਸ਼ਿਆਰਪੁਰ-ਟਾਂਡਾ ਰੋਡ 'ਤੇ ਲਛੋਵਾਲ ਟੋਲ ਪਲਾਜ਼ਾ ਨੂੰ ਬੰਦ ਕਰਨਾ ਇੱਕ ਵੱਡਾ ਕਦਮ ਸੀ। ਇੱਥੇ ਸਰਕਾਰ ਨੇ ਨਾ ਸਿਰਫ ਵਿਸਥਾਰ ਦੇਣ ਤੋਂ ਇਨਕਾਰ ਕੀਤਾ, ਸਗੋਂ ਇਕਰਾਰਨਾਮੇ ਦੀ ਉਲੰਘਣਾ ਅਤੇ ਫੰਡ ਡਾਇਵਰਸ਼ਨ ਦੇ ਦੋਸ਼ ਵਿੱਚ ਕੰਪਨੀ ਖਿਲਾਫ਼ ਐਫਆਈਆਰ ਵੀ ਦਰਜ ਕਰਵਾਈ, ਇਹ ਸਾਬਤ ਕਰਦਿਆਂ ਕਿ ਸਰਕਾਰ ਸਿਰਫ਼ ਗੱਲਾਂ ਨਹੀਂ, ਸਗੋਂ ਸਖ਼ਤ ਐਕਸ਼ਨ ਲੈਣ ਵਿੱਚ ਵਿਸ਼ਵਾਸ ਰੱਖਦੀ ਹੈ।

ਸਾਲ 2023 ਵਿੱਚ ਇਸ ਮਿਸ਼ਨ ਵਿੱਚ ਹੋਰ ਵੀ ਤੇਜ਼ੀ ਆਈ। 1 ਅਪ੍ਰੈਲ 2023 ਨੂੰ ਕੀਰਤਪੁਰ ਸਾਹਿਬ-ਨੰਗਲ-ਊਨਾ ਰੋਡ 'ਤੇ ਨੱਕੀਆਂ ਟੋਲ ਪਲਾਜ਼ਾ ਨੂੰ ਬੰਦ ਕਰਦਿਆਂ ਮੁੱਖ ਮੰਤਰੀ ਭਗਵੰਤ ਮਾਨ ਨੇ ਐਲਾਨ ਕੀਤਾ ਕਿ 'ਸੂਬੇ ਵਿੱਚ ਸੜਕਾਂ 'ਤੇ ਕਿਰਾਏ' ਦਾ ਯੁੱਗ ਖਤਮ ਹੋ ਗਿਆ ਹੈ'। ਉਨ੍ਹਾਂ ਖੁਲਾਸਾ ਕੀਤਾ ਕਿ ਆਪ੍ਰੇਟਰ ਨੇ ਸੜਕ 'ਤੇ ਬਿਟੂਮਿਨ ਦੀ ਦੂਜੀ ਪਰਤ ਵਿਛਾਉਣ ਵਿੱਚ 1,093 ਦਿਨਾਂ ਦੀ ਦੇਰੀ ਕੀਤੀ ਸੀ ਅਤੇ ਕੰਪਨੀ 'ਤੇ ₹67 ਕਰੋੜ ਦਾ ਜੁਰਮਾਨਾ ਬਕਾਇਆ ਸੀ, ਜਿਸ ਨੂੰ ਪਿਛਲੀਆਂ ਸਰਕਾਰਾਂ ਵਸੂਲਣ ਵਿੱਚ ਅਸਫਲ ਰਹੀਆਂ ਸਨ। ਇਸ ਇੱਕ ਟੋਲ ਦੇ ਬੰਦ ਹੋਣ ਨਾਲ ਹੀ ਜਨਤਾ ਨੂੰ ਰੋਜ਼ ₹10.12 ਲੱਖ ਦੀ ਬੱਚਤ ਹੋਣ ਲੱਗੀ। ਇਸ ਤੋਂ ਬਾਅਦ ਪਟਿਆਲਾ ਵਿੱਚ ਸਮਾਣਾ-ਪਾਤੜਾਂ ਰੋਡ ਅਤੇ ਹੋਰ ਥਾਵਾਂ 'ਤੇ ਵੀ ਟੋਲ ਬੰਦ ਕੀਤੇ ਗਏ, ਜਿਸ ਨਾਲ ਇਹ ਸਪੱਸ਼ਟ ਹੋ ਗਿਆ ਕਿ ਸਰਕਾਰ ਹਰ ਉਸ ਕੰਪਨੀ ਦਾ ਹਿਸਾਬ ਕਰ ਰਹੀ ਹੈ ਜਿਸ ਨੇ ਜਨਤਾ ਨੂੰ ਲੁੱਟਿਆ ਹੈ।

ਪੰਜਾਬ ਸਰਕਾਰ ਦੀ ਇਹ ਕਾਰਵਾਈ ਪਿਛਲੀਆਂ ਸਰਕਾਰਾਂ ਦੀ ਕਾਰਜਪ੍ਰਣਾਲੀ 'ਤੇ ਵੀ ਇੱਕ ਵੱਡਾ ਸਵਾਲੀਆ ਨਿਸ਼ਾਨ ਲਗਾਉਂਦੀ ਹੈ। 5 ਜੁਲਾਈ 2023 ਨੂੰ ਮੋਗਾ-ਕੋਟਕਪੂਰਾ ਰੋਡ 'ਤੇ ਸਿੰਘਾਂਵਾਲਾ ਟੋਲ ਪਲਾਜ਼ਾ ਨੂੰ ਬੰਦ ਕਰਦਿਆਂ ਮੁੱਖ ਮੰਤਰੀ ਮਾਨ ਨੇ ਇੱਕ ਵੱਡਾ ਖੁਲਾਸਾ ਕੀਤਾ। ਉਨ੍ਹਾਂ ਦੱਸਿਆ ਕਿ ਇਸ ਕੰਪਨੀ 'ਤੇ 3.89 ਕਰੋੜ ਦਾ ਜੁਰਮਾਨਾ ਜਮ੍ਹਾ ਹੋ ਗਿਆ ਸੀ, ਜੋ ਇਕਰਾਰਨਾਮੇ ਨੂੰ ਖਤਮ ਕਰਨ ਲਈ ₹3.11 ਕਰੋੜ ਦੀ ਸੀਮਾ ਤੋਂ ਵੀ ਵੱਧ ਸੀ। ਇਸ ਦਾ ਮਤਲਬ ਹੈ ਕਿ ਇਸ ਟੋਲ ਪਲਾਜ਼ਾ ਨੂੰ 2019 ਵਿੱਚ ਹੀ ਬੰਦ ਕੀਤਾ ਜਾ ਸਕਦਾ ਸੀ, ਪਰ ਪਿਛਲੀ ਕਾਂਗਰਸ ਸਰਕਾਰ ਨੇ ਕਥਿਤ ਤੌਰ 'ਤੇ ਆਪ੍ਰੇਟਰ ਨੂੰ 'ਸੁਰੱਖਿਆ' ਦਿੱਤੀ ਅਤੇ ਜਨਤਾ ਦੀ ਲੁੱਟ ਜਾਰੀ ਰਹਿਣ ਦਿੱਤੀ। ਮਾਨ ਸਰਕਾਰ ਨੇ ਸੱਤਾ ਵਿੱਚ ਆਉਂਦਿਆਂ ਹੀ ਇਸ 'ਮਿਲੀਭੁਗਤ' ਨੂੰ ਤੋੜਿਆ ਅਤੇ ਜਨਤਾ ਦੇ ਪੱਖ ਵਿੱਚ ਫੈਸਲਾ ਲਿਆ।

# ਐਡਵੋਕੇਟ ਹਰਜਿੰਦਰ ਸਿੰਘ ਧਾਮੀ ਲਗਾਤਾਰ 5ਵੀਂ ਵਾਰ ਚੁਣੇ SGPC ਦੇ ਪ੍ਰਧਾਨ



ਅੰਮ੍ਰਿਤਸਰ: ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐੱਸਜੀਪੀਸੀ) ਦੇ ਪ੍ਰਧਾਨ ਵਜੋਂ ਪੰਜਵੀਂ ਵਾਰ ਚੁਣ ਲਿਆ ਗਿਆ ਹੈ। ਉਨ੍ਹਾਂ ਨੇ ਅਕਾਲੀ ਦਲ (ਪੁਨਰ ਸੁਰਜੀਤ) ਵੱਲੋਂ ਉਮੀਦਵਾਰ ਬਣਾਏ ਮਿੱਠੂ ਸਿੰਘ ਨੂੰ 99 ਵੋਟਾਂ ਦੇ ਵੱਡੇ ਫ਼ਰਕ ਨਾਲ ਹਰਾ ਦਿੱਤਾ। ਚੋਣ ਪ੍ਰਕਿਰਿਆ ਦੀ ਸ਼ੁਰੂਆਤ ਵਿੱਚ ਧਾਮੀ ਨੇ ਹੱਥ ਖੜ੍ਹੇ ਕਰਵਾ ਕੇ ਚੋਣ ਕਰਵਾਉਣ ਦੀ ਅਪੀਲ ਕੀਤੀ ਸੀ, ਪਰ ਇਸ ਨੂੰ ਰੱਦ ਕਰ ਦਿੱਤਾ ਗਿਆ। ਇਸ ਤੋਂ ਬਾਅਦ ਗੁਪਤ ਮਤਦਾਨ ਰਾਹੀਂ ਚੋਣ ਨੂੰ ਅੱਗੇ ਵਧਾਇਆ ਗਿਆ। ਗਿਣਤੀ ਤੋਂ ਬਾਅਦ ਧਾਮੀ ਨੂੰ 118 ਵੋਟਾਂ ਮਿਲੀਆਂ, ਜਦਕਿ ਮਿੱਠੂ ਸਿੰਘ ਨੂੰ ਸਿਰਫ਼ 19 ਵੋਟਾਂ ਹੀ ਪਈਆਂ। ਕੁੱਲ 140 ਵੋਟਾਂ ਵਿੱਚੋਂ 3 ਵੋਟਾਂ ਅਯੋਗ ਐਲਾਨ ਦਿੱਤੀਆਂ ਗਈਆਂ।

**ਸੁਖਬੀਰ ਬਾਦਲ ਨੇ ਧਾਮੀ ਨੂੰ ਬਣਾਇਆ ਉਮੀਦਵਾਰ**

ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕੱਲ੍ਹ ਹੀ ਹਰਜਿੰਦਰ ਸਿੰਘ ਧਾਮੀ ਨੂੰ ਪੰਜਵੀਂ ਵਾਰ ਉਮੀਦਵਾਰ ਐਲਾਨ ਕੀਤਾ ਸੀ। ਦੂਜੇ ਪਾਸੇ, ਅਕਾਲੀ ਦਲ (ਪੁਨਰ ਸੁਰਜੀਤ) ਵੱਲੋਂ ਬੀਬੀ ਜਗੀਰ ਕੌਰ ਨੂੰ ਉਮੀਦਵਾਰ ਘੋਸ਼ਿਤ ਕਰਨ ਨਾਲ ਚੋਣੀ ਮੁਕਾਬਲਾ ਰੋਚਕ ਬਣ ਗਿਆ ਹੈ। ਅਕਾਲੀ ਦਲ (ਪੁਨਰ ਸੁਰਜੀਤ) ਨੇ ਚੋਣ ਤੋਂ ਪਹਿਲਾਂ ਰਵੀਵਾਰ ਨੂੰ ਇੱਕ ਮੀਟਿੰਗ ਵੀ ਕੀਤੀ ਸੀ, ਪਰ ਇਸ ਵਿੱਚ ਉਨ੍ਹਾਂ ਨੇ ਸਪੱਸ਼ਟ ਨਹੀਂ ਕੀਤਾ ਕਿ ਉਨ੍ਹਾਂ ਵੱਲੋਂ ਕਿਸ ਨੂੰ ਸਮਰਥਨ ਦਿੱਤਾ ਜਾਵੇਗਾ। ਇਸ ਮੀਟਿੰਗ ਦੀ ਅਧਿਕਾਰੀ ਵਜੋਂ ਪੁਰਾਣੇ ਜਥੇਦਾਰ ਅਤੇ ਪ੍ਰਧਾਨ ਗਿਆਨੀ ਹਰਪ੍ਰੀਤ ਸਿੰਘ ਨੇ ਕੀਤੀ। ਮੀਟਿੰਗ ਵਿੱਚ ਕਈ ਐੱਸਜੀਪੀਸੀ ਮੈਂਬਰ ਵੀ ਮੌਜੂਦ ਸਨ।

# ਦੱਖਣੀ ਅਫ਼ਰੀਕਾ 'ਚ ਹੋਣ ਵਾਲੇ G20 ਸੰਮੇਲਨ ਵਿੱਚ ਸ਼ਾਮਲ ਨਹੀਂ ਹੋਵਾਂਗਾ: ਟਰੰਪ



ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਕਿਹਾ ਹੈ ਕਿ ਉਹ ਇਸ ਮਹੀਨੇ ਦੇ ਅੰਤ ਵਿੱਚ ਦੱਖਣੀ ਅਫ਼ਰੀਕਾ ਵਿੱਚ ਹੋਣ ਵਾਲੇ G20 ਸੰਮੇਲਨ ਵਿੱਚ ਸ਼ਾਮਲ ਨਹੀਂ ਹੋਣਗੇ। ਉਨ੍ਹਾਂ ਨੇ ਪ੍ਰਮੁੱਖ ਅਰਥਵਿਵਸਥਾਵਾਂ ਦੇ ਇਸ ਸਮੂਹ ਵਿੱਚ ਦੇਸ਼ ਦੀ ਮੈਂਬਰਸ਼ਿਪ 'ਤੇ ਵੀ ਸਵਾਲ ਉਠਾਇਆ ਹੈ।

ਦੱਖਣੀ ਅਫ਼ਰੀਕਾ, ਜਿਸ ਨੇ 1 ਦਸੰਬਰ 2024 ਨੂੰ ਇੱਕ ਸਾਲ ਲਈ G20 ਦੀ ਪ੍ਰਧਾਨਗੀ ਸੰਭਾਲੀ ਸੀ, 22 ਤੋਂ 23 ਨਵੰਬਰ ਤੱਕ ਜੋਹਾਨਸਬਰਗ ਵਿੱਚ ਸੰਮੇਲਨ ਦੀ ਮੇਜ਼ਬਾਨੀ ਕਰੇਗਾ। ਇਹ ਪਹਿਲੀ ਵਾਰ ਹੈ ਜਦੋਂ G20 ਨੇਤਾਵਾਂ ਦੀ ਇਹ ਮੀਟਿੰਗ ਅਫ਼ਰੀਕੀ ਧਰਤੀ 'ਤੇ ਹੋਵੇਗੀ। ਬੁੱਧਵਾਰ ਨੂੰ ਫਲੋਰੀਡਾ ਵਿੱਚ ਅਮਰੀਕਾ ਬਿਜ਼ਨਸ ਫੋਰਮ ਮਿਆਮੀ ਨੂੰ ਸੰਬੋਧਨ ਕਰਦੇ ਹੋਏ ਟਰੰਪ ਨੇ ਕਿਹਾ, "ਮੈਂ ਨਹੀਂ ਜਾ ਰਿਹਾ ਹਾਂ। ਦੱਖਣੀ ਅਫ਼ਰੀਕਾ ਵਿੱਚ ਸਾਡੀ G20 ਦੀ ਮੀਟਿੰਗ ਹੈ। ਦੱਖਣੀ ਅਫ਼ਰੀਕਾ ਨੂੰ ਤਾਂ ਹੁਣ 'ਜੀਜ਼' ਵਿੱਚ ਹੋਣਾ ਹੀ ਨਹੀਂ ਚਾਹੀਦਾ ਕਿਉਂਕਿ ਉੱਥੇ ਜੋ ਹੋਇਆ ਹੈ ਉਹ ਬੁਰਾ ਹੈ। ਮੈਂ ਨਹੀਂ ਜਾ ਰਿਹਾ ਹਾਂ। ਮੈਂ ਉਨ੍ਹਾਂ ਨੂੰ ਦੱਸ ਦਿੱਤਾ ਹੈ ਕਿ ਮੈਂ ਨਹੀਂ ਜਾ ਰਿਹਾ ਹਾਂ। ਮੈਂ ਉੱਥੇ ਆਪਣੇ ਦੇਸ਼ ਦੀ ਨੁਮਾਇੰਦਗੀ ਨਹੀਂ ਕਰਾਂਗਾ। ਇਸ ਨੂੰ ਉੱਥੇ ਨਹੀਂ ਹੋਣਾ ਚਾਹੀਦਾ।" ਅਮਰੀਕਾ 1 ਦਸੰਬਰ 2025 ਤੋਂ ਦੱਖਣੀ ਅਫ਼ਰੀਕਾ ਤੋਂ G20 ਦੀ ਪ੍ਰਧਾਨਗੀ ਸੰਭਾਲੇਗਾ ਅਤੇ 30 ਨਵੰਬਰ, 2026 ਤੱਕ ਸਮੂਹ ਦੀ ਪ੍ਰਧਾਨਗੀ ਕਰੇਗਾ। ਟਰੰਪ ਨੇ ਪਹਿਲਾਂ ਕਿਹਾ ਸੀ ਕਿ ਉਹ 2026 G20 ਸੰਮੇਲਨ ਦੀ ਮੇਜ਼ਬਾਨੀ ਮਿਆਮੀ ਨੇੜੇ ਆਪਣੇ ਗੋਲਫ ਕਲੱਬ ਵਿੱਚ ਕਰਨ ਦੀ ਯੋਜਨਾ ਬਣਾ ਰਹੇ ਹਨ।

ਭਾਰਤ ਨੇ ਦਸੰਬਰ 2022 ਤੋਂ ਨਵੰਬਰ 2023 ਤੱਕ G20 ਦੀ ਪ੍ਰਧਾਨਗੀ ਕੀਤੀ ਸੀ ਅਤੇ ਸਤੰਬਰ 2023 ਵਿੱਚ ਨਵੀਂ ਦਿੱਲੀ ਵਿੱਚ 18ਵੇਂ G20 ਸੰਮੇਲਨ ਦੀ ਮੇਜ਼ਬਾਨੀ ਕੀਤੀ ਸੀ, ਜਿਸ ਵਿੱਚ ਤਤਕਾਲੀ ਅਮਰੀਕੀ ਰਾਸ਼ਟਰਪਤੀ ਜੋ ਬਾਈਡਨ ਨੇ ਸ਼ਿਰਕਤ ਕੀਤੀ ਸੀ।

# ਰਾਜਸਥਾਨ ਦੀਆਂ ਬੈਂਕਾਂ 'ਚ 1800 ਕਰੋੜ ਰੁਪਏ ਦਾ ਨਹੀਂ ਹੈ ਕੋਈ ਮਾਲਕ

ਜੈਪੁਰ : ਰਾਜਸਥਾਨ ਵਿੱਚ ਲਗਭਗ 64 ਲੱਖ ਬੈਂਕ ਖਾਤੇ ਅਜਿਹੇ ਹਨ, ਜਿਨ੍ਹਾਂ 'ਚ ਕੁੱਲ 1,800 ਕਰੋੜ ਰੁਪਏ ਦੀ ਰਾਸ਼ੀ ਲਾਵਾਰਿਸ ਹੈ। ਬੈਂਕ ਇਸ ਪੈਸੇ ਨੂੰ ਇਸਦੇ ਸਹੀ ਮਾਲਕਾਂ ਨੂੰ ਵੰਡਣਾ ਚਾਹੁੰਦਾ ਹੈ, ਪਰ ਇਸ ਲਈ ਪੈਸੇ ਦੇ ਅਸਲੀ ਮਾਲਕਾਂ ਨੂੰ ਖੁਦ ਬੈਂਕ ਤੱਕ ਪਹੁੰਚ ਕਰਨ ਦੀ ਲੋੜ ਹੈ। ਬਹੁਤ ਸਾਰੇ ਖਾਤਾ ਧਾਰਕਾਂ ਨੂੰ ਜਾਂ ਤਾਂ ਆਪਣੀਆਂ ਜਮ੍ਹਾਂ ਰਕਮਾਂ ਦੇ ਬਾਰੇ 'ਚ ਜਾਣਕਾਰੀ ਨਹੀਂ ਹੈ ਜਾਂ ਉਨ੍ਹਾਂ ਦੀ ਮੌਤ ਹੋ ਚੁੱਕੀ ਹੈ। ਜੇਕਰ ਤੁਹਾਡੇ ਪਰਿਵਾਰ 'ਚ ਕਿਸੇ ਮੈਂਬਰ ਦੀ ਮੌਤ ਹੋ ਚੁੱਕੀ ਹੈ ਅਤੇ ਤੁਸੀਂ ਉਸ ਦੇ ਬੈਂਕ ਖਾਤੇ 'ਚ ਜਮ੍ਹਾਂ ਲਾਵਾਰਿਸ ਰਾਸ਼ੀ ਦੇ ਬਾਰੇ 'ਚ ਜਾਣਨਾ ਚਾਹੁੰਦੇ ਹੋ ਜਾਂ ਉਸ ਨੂੰ ਪ੍ਰਾਪਤ ਕਰਨਾ ਚਾਹੁੰਦੇ ਹੋ ਤਾਂ ਤੁਸੀਂ ਘਰ ਬੈਠੇ ਹੀ ਇਸ ਦੀ ਜਾਣਕਾਰੀ ਪ੍ਰਾਪਤ ਕਰ ਸਕਦੇ ਹੋ। ਬੈਂਕ ਦੀ ਭਾਸ਼ਾ 'ਚ ਇਨ੍ਹਾਂ ਰਾਸ਼ੀਆਂ ਨੂੰ 'ਅਨਕਲੇਮਡ ਡਿਪਾਜਿਟ' ਕਿਹਾ ਜਾਂਦਾ ਹੈ। ਇਸ ਦੇ ਲਈ ਰਿਜ਼ਰਵ ਬੈਂਕ ਆਫ਼ ਇੰਡੀਆ ਨੇ 'ਤੁਹਾਡੀ ਪੂੰਜੀ, ਤੁਹਾਡਾ ਅਧਿਕਾਰ' ਮੁਹਿੰਮ ਸ਼ੁਰੂ ਕੀਤੀ ਹੈ। ਇਸ ਮੁਹਿੰਮ ਦੇ ਤਹਿਤ ਤੁਸੀਂ ਲਾਵਾਰਿਸ ਰਾਸ਼ੀ ਨੂੰ ਪ੍ਰਾਪਤ ਕਰਨ ਦੀ ਪ੍ਰਕਿਰਿਆ ਸ਼ੁਰੂ ਕਰ ਸਕਦੇ ਹਨ। ਕਈ ਵਾਰ ਕਿਸੇ ਕਾਰਨ ਕੋਈ ਵਿਅਕਤੀ ਆਪਣੇ ਜਿਊਂਦਾ ਹੋਣ ਸਮੇਂ ਆਪਣੇ ਬੈਂਕ ਖਾਤਿਆਂ ਜਾਂ ਹੋਰ ਸੰਪਤੀਆਂ ਦਾ ਵਾਰਸ ਐਲਾਨ ਕਰਨ ਵਿਚ ਅਸਮਰੱਥ ਹੁੰਦਾ ਹੈ। ਜਿਸ ਕਾਰਨ ਉਸ ਦੀ ਮੌਤ ਤੋਂ ਬਾਅਦ, ਉਸ ਦੀ ਸੰਪਤੀ ਬੈਂਕਾਂ ਜਾਂ ਹੋਰ ਵਿੱਤੀ ਸੰਸਥਾਵਾਂ ਵਿਚ ਅਨਕਲੇਮਡ ਰਹਿ ਜਾਂਦੀ ਹੈ।

# ਆਸਟ੍ਰੇਲੀਆ ਦੇ ਮੰਤਰੀ Julian Hill ਨੇ ਨਸਲੀ ਟਿੱਪਣੀ ਲਈ ਦਿਲਜੀਤ ਦੁਸਾਂਝ ਤੋਂ ਮੰਗੀ ਮੁਆਫ਼ੀ



ਆਸਟ੍ਰੇਲੀਆ ਦੇ ਮੰਤਰੀ Julian Hill ਨੇ ਨਸਲੀ ਟਿੱਪਣੀ ਲਈ ਦਿਲਜੀਤ ਦੁਸਾਂਝ ਤੋਂ ਮੁਆਫ ਮੰਗੀ। ਉਨ੍ਹਾਂ ਨੇ ਦਿਲਜੀਤ ਖਿਲਾਫ ਨਸਲੀ ਟਿੱਪਣੀ ਨੂੰ ਬਕਵਾਸ ਦੱਸਿਆ। ਉਨ੍ਹਾਂ ਕਿਹਾ ਕਿ ਆਸਟ੍ਰੇਲੀਆ 'ਚ ਨਸਲੀ ਵਿਤਕਰੇ ਲਈ ਕੋਈ ਜਗ੍ਹਾ ਨਹੀਂ। ਇਹ ਮੂਰਖਾਂ ਦੇ ਛੋਟੇ ਜਿਹੇ ਗਰੁੱਪ ਦੀ ਬਕਵਾਸ ਹੈ। ਵਿਰੋਧੀਆਂ ਨੂੰ ਦਿਲਜੀਤ ਦਾ ਜਵਾਬ ਪ੍ਰਸ਼ੰਸਾਯੋਗ ਤੇ ਸਤਿਕਾਰਯੋਗ ਹੈ। ਮੈਨੂੰ ਦਿਲਜੀਤ ਦੇ Australia ਆਉਣ 'ਤੇ ਬਹੁਤ ਖੁਸ਼ੀ ਹੈ। ਦਿਲਜੀਤ ਨੇ ਜਵਾਬ ਦਿੰਦਿਆਂ ਕਿਹਾ- "No Problem" ਦੱਸ ਦੇਈਏ ਕਿ ਦਿਲਜੀਤ ਦੁਸਾਂਝ ਦੇ ਆਸਟ੍ਰੇਲੀਆ ਦੌਰੇ 'ਤੇ ਉਨ੍ਹਾਂ ਨੂੰ ਕਈ ਵਿਵਾਦਿਤ ਟਿੱਪਣੀਆਂ ਦਾ ਸ਼ਿਕਾਰ ਹੋਣਾ ਪਿਆ ਸੀ। ਪਰ ਦਿਲਜੀਤ ਦੁਸਾਂਝ ਵੱਲੋਂ ਬਹੁਤ ਹੀ ਸਹਿਜ ਤਰੀਕੇ ਨਾਲ ਇਨ੍ਹਾਂ ਵਿਵਾਦਿਤ ਟਿੱਪਣੀਆਂ ਦਾ ਜਵਾਬ ਦਿੱਤਾ ਗਿਆ। ਦਿਲਜੀਤ ਨੇ ਦੱਸਿਆ ਕਿ ਜਿਵੇਂ ਹੀ ਉਨ੍ਹਾਂ ਨੇ ਆਸਟ੍ਰੇਲੀਆ ਵਿਚ ਲੈਂਡ ਕੀਤਾ ਲੋਕਾਂ ਨੇ ਕਮੈਂਟ ਕਰਨਾ ਸ਼ੁਰੂ ਕੀਤਾ ਇਕ ਹੋਰ ਉਬਰ ਤੇ ਟਰੱਕ ਡਰਾਈਵਰ ਆ ਗਿਆ ਹੈ। 7-11 ਦੀ ਜੌਬ ਕਰਨ ਵਾਲਾ ਆਸਟ੍ਰੇਲੀਆ ਪਹੁੰਚ ਗਿਆ ਹੈ। ਇਨ੍ਹਾਂ ਟਿੱਪਣੀਆਂ ਦਾ ਜਵਾਬ ਦਿੰਦੇ ਹੋਏ ਦਿਲਜੀਤ ਦੁਸਾਂਝ ਨੇ ਕਿਹਾ ਕਿ ਜੇਕਰ ਉਬਰ ਡਰਾਈਵਰ 5 ਮਿੰਟ ਵੀ ਲੇਟ ਹੋਵੇ ਤਾਂ ਤੁਹਾਡਾ ਕੰਮ ਰੁਕ ਜਾਂਦਾ ਹੈ ਤੇ ਜੇਕਰ ਟਰੱਕ ਡਰਾਈਵਰ ਕੰਮ ਨਹੀਂ ਕਰਨਗੇ ਤਾਂ ਤੁਹਾਡੇ ਘਰ ਬ੍ਰੈੱਡ ਨਹੀਂ ਪਹੁੰਚੇਗੀ। ਦਿਲਜੀਤ ਨੇ ਕਿਹਾ ਕਿ ਮੈਨੂੰ ਨਫ਼ਰਤ ਫੈਲਾਉਣ ਵਾਲਿਆਂ 'ਤੇ ਕੋਈ ਗੁੱਸਾ ਨਹੀਂ ਸਗੋਂ ਮੈਂ ਹੈਰਾਨ ਹਾਂ ਕਿ ਲੋਕ ਅਜੇ ਵੀ ਕਿੱਥੇ ਖੜ੍ਹੇ ਆ।

# 'ਆਪ' MLA ਪਠਾਣਮਾਜਰਾ ਨੂੰ ਕੋਰਟ ਵੱਲੋਂ ਪੇਸ਼ ਹੋਣ ਦੇ ਹੁਕਮ

ਪਟਿਆਲਾ ਦੀ ਇੱਕ ਅਦਾਲਤ ਨੇ ਪੰਜਾਬ ਦੇ ਆਮ ਆਦਮੀ ਪਾਰਟੀ ਦੇ ਵਿਧਾਇਕ ਹਰਮੀਤ ਸਿੰਘ ਪਠਾਣਮਾਜਰਾ ਨੂੰ ਪੇਸ਼ ਹੋਣ ਦਾ ਹੁਕਮ ਦਿੱਤਾ ਹੈ। ਉਨ੍ਹਾਂ ਨੂੰ 12 ਨਵੰਬਰ ਤੱਕ ਦਾ ਸਮਾਂ ਦਿੱਤਾ ਗਿਆ ਹੈ। ਜੇ ਉਹ ਤੈਅ ਸਮੇਂ ਤੱਕ ਪੇਸ਼ ਨਹੀਂ ਹੁੰਦੇ ਤਾਂ ਉਨ੍ਹਾਂ ਨੂੰ ਭਗੌੜਾ ਐਲਾਨਣ ਦੀ ਕਾਰਵਾਈ ਕੀਤੀ ਜਾਵੇਗੀ। ਇਸ ਸਬੰਧ ਵਿੱਚ ਉਨ੍ਹਾਂ ਦੇ ਪਟਿਆਲਾ ਸਥਿਤ ਘਰ 'ਤੇ ਇੱਕ ਨੋਟਿਸ ਚਿਪਕਾ ਦਿੱਤਾ ਗਿਆ। ਮਾਹਿਰਾਂ ਮੁਤਾਬਕ ਇਸ ਤੋਂ ਬਾਅਦ ਜਾਇਦਾਦ ਨੂੰ ਕੁਰਕ ਕਰਨ ਦੇ ਹੁਕਮ ਜਾਰੀ ਕੀਤੇ ਗਏ ਹਨ।

# 11 ਕਰੋੜ ਰੁਪਏ ਦਾ ਦੀਵਾਲੀ ਬੰਪਰ ਜਿੱਤਣ ਵਾਲਾ ਲੱਭਿਆ

## ਪੰਜਾਬ ਵਾਪਸ ਆਉਣ ਲਈ ਕੋਲ ਨਹੀਂ ਸੀ ਕਿਰਾਇਆ ਤੇ ਫੋਨ ਵੀ ਖ਼ਰਾਬ




ਚੰਡੀਗੜ੍ਹ: ਪੰਜਾਬ ਸਰਕਾਰ ਵੱਲੋਂ ਕੱਢੀ ਗਈ ਦੀਵਾਲੀ ਬੰਪਰ ਲਾਟਰੀ ਨੇ ਇੱਕ ਟਿਕਟ ਧਾਰਕ ਦੀ ਜ਼ਿੰਦਗੀ ਬਦਲ ਦਿੱਤੀ ਹੈ। ਬਠਿੰਡਾ ਤੋਂ ਖਰੀਦੀ ਗਈ ਟਿਕਟ ਨੇ 11 ਕਰੋੜ ਰੁਪਏ ਦਾ ਪਹਿਲਾ ਇਨਾਮ ਜਿੱਤਿਆ, ਪਰ ਜੇਤੂ ਨੇ ਸ਼ੁਰੂ ਵਿੱਚ ਆਪਣਾ ਇਨਾਮ ਨਹੀਂ ਲਿਆ ਕਿਉਂਕਿ ਉਸ ਦਾ ਫ਼ੋਨ ਖ਼ਰਾਬ ਹੋ ਗਿਆ ਸੀ ਅਤੇ ਸੰਪਰਕ ਨਹੀਂ ਹੋ ਸਕਿਆ। ਹੁਣ ਕਈ ਦਿਨਾਂ ਬਾਅਦ ਜੇਤੂ ਵਿਅਕਤੀ ਲਾਟਰੀ ਦੀ ਦੁਕਾਨ 'ਤੇ ਪਹੁੰਚ ਕੇ ਆਪਣਾ ਇਨਾਮ ਲੈ ਰਿਹਾ ਹੈ। ਜੇਤੂ ਅਮਿਤ ਸੇਹਰਾ ਮੂਲ ਰੂਪ ਵਿੱਚ ਰਾਜਸਥਾਨ ਦੇ ਜੈਪੁਰ ਜ਼ਿਲ੍ਹੇ ਦੇ ਕਠਪੁਤਲੀ ਪਿੰਡ ਦਾ ਵਾਸੀ ਹੈ ਅਤੇ ਸਬਜ਼ੀ ਵੇਚਣ ਦਾ ਕੰਮ ਕਰਦਾ ਹੈ।

ਅਮਿਤ ਨੇ ਦੱਸਿਆ ਕਿ ਉਹ ਗਲੀਆਂ ਵਿੱਚ ਸਬਜ਼ੀ ਵੇਚ ਕੇ ਗੁਜ਼ਾਰਾ ਕਰਦਾ ਸੀ ਅਤੇ ਲਾਟਰੀ ਜਿੱਤਣ ਨਾਲ ਉਸ ਦੀ ਕਿਸਮਤ ਬਦਲ ਗਈ ਹੈ। ਉਹ ਹਨੂੰਮਾਨ ਜੀ ਦਾ ਧੰਨਵਾਦ ਕਰਦਾ ਹੈ। ਅਮਿਤ ਨੇ ਕਿਹਾ ਕਿ ਉਹ ਪਿਛਲੇ 20 ਸਾਲਾਂ ਤੋਂ ਲਾਟਰੀ ਟਿਕਟਾਂ ਖਰੀਦ ਰਿਹਾ ਹੈ। ਉਹ ਰਾਜਸਥਾਨ ਗਿਆ ਹੋਇਆ ਸੀ ਜਿੱਥੇ ਉਸ ਦਾ ਫ਼ੋਨ ਖ਼ਰਾਬ ਹੋ ਗਿਆ ਅਤੇ ਪੰਜਾਬ ਵਾਪਸ ਆਉਣ ਲਈ ਕਿਰਾਇਆ ਤੱਕ ਨਹੀਂ ਸੀ। ਹੁਣ ਉਹ ਆਪਣੇ ਬੱਚਿਆਂ ਨੂੰ ਚੰਗੀ ਸਿੱਖਿਆ ਦੇਵੇਗਾ। ਬਠਿੰਡਾ ਵਿੱਚ ਰਤਨ ਲਾਟਰੀ ਏਜੰਸੀ ਦੇ ਮਾਲਕ ਉਮੇਸ਼ ਕੁਮਾਰ ਨੇ ਜੇਤੂ ਦੀ ਭਾਲ 'ਚ ਲੱਗੇ ਹੋਏ ਸਨ। ਨਤੀਜੇ ਆਉਣ ਤੋਂ ਬਾਅਦ ਉਹ ਬਹੁਤ ਉਤਸ਼ਾਹਿਤ ਸਨ ਕਿ ਟਿਕਟ ਕਿਸ ਨੇ ਖਰੀਦੀ ਹੈ। ਜੇਕਰ ਜੇਤੂ 30 ਦਿਨਾਂ ਵਿੱਚ ਇਨਾਮ ਦਾ ਦਾਅਵਾ ਨਾ ਕਰਦਾ ਤਾਂ ਇਹ ਮੌਕਾ ਹੱਥੋਂ ਨਿਕਲ ਸਕਦਾ ਸੀ। ਇਸ ਲਈ ਲਾਟਰੀ ਵਾਲੇ ਨੇ ਸਾਰੇ ਟਿਕਟ ਧਾਰਕਾਂ ਨੂੰ ਆਪਣੀਆਂ ਟਿਕਟਾਂ ਚੈੱਕ ਕਰਨ ਅਤੇ ਇਨਾਮ ਜਿੱਤਣ ਵਾਲੇ ਨੂੰ ਤੁਰੰਤ ਸੰਪਰਕ ਕਰਨ ਦੀ ਵਾਰ ਵਾਰ ਅਪੀਲ ਕੀਤੀ ਸੀ।

ਅਜਵਾ ਖਜੂਰਾਂ ਖਾਓ ਤੰਦਰੁਸਤ ਰਹੋ
ਦਿਲ, ਦਿਮਾਗ, ਲਿਵਰ ਅਤੇ ਗੁਰਦਿਆਂ ਲਈ ਬਹੁਤ ਹੀ ਲਾਭਕਾਰੀ
AJWA DATE
FRESH SEED POWDER
UNROASTED | 100% NATURAL | PREMIUM QUALITY
HEART BRAIN LIVER KIDNEYS




100% NATURAL PRODUCT
PRODUCT OF CANADA

ਅਜਵਾ ਖਜੂਰ ਕੀ ਹੈ?
ਅਜਵਾ ਖਜੂਰ ਇਕ ਵਿਸ਼ੇਸ਼ ਤਰ੍ਹਾਂ ਦੀ ਖਜੂਰ ਹੈ ਜਿਹੜੀ ਸਿਹਤ ਸਬੰਧੀ ਆਪਣੇ ਚੰਗੇ ਗੁਣਾਂ ਕਰਕੇ ਜਾਣੀ ਜਾਂਦੀ ਹੈ। ਅਜਵਾ ਖਜੂਰਾਂ ਆਪਣੇ ਗੁਣਾਂ ਕਰਕੇ ਬਹੁਤ ਮਸ਼ਹੂਰ ਅਤੇ ਮਹਿੰਗੀਆਂ ਵੀ ਹਨ। ਕਿਉਂਕਿ ਅਜਵਾ ਖਜੂਰ ਦਾ ਬੀਜ ਬਹੁਤ ਹੀ ਗੁਣਕਾਰੀ ਹੈ ਮਨੁੱਖੀ ਸਰੀਰ 'ਤੇ ਇਸ ਦੇ ਪ੍ਰਭਾਵ ਬਹੁਤ ਹੀ ਲਾਜੁਆਬ ਅਤੇ ਲਾਭਦਾਇਕ ਹਨ।
ਅਜਵਾ ਖਜੂਰ ਦੇ ਫਾਇਦੇ:
ਅਜਵਾ ਖਜੂਰਾਂ ਵਿਚ ਐਂਟੀਔਕਸੀਡੈਂਟ, ਫਾਈਬਰ ਵਧੇਰੇ ਮਾਤਰਾ ਵਿਚ ਹੁੰਦਾ ਹੈ, ਐਂਟੀ ਇਨਫਲਮੇਟੋਰੀ ਅਤੇ ਐਂਟੀ ਮਾਈਕ੍ਰੋਬਲ ਗੁਣਾਂ ਕਰਕੇ ਦਿਲ ਦੇ ਰੋਗਾਂ, ਖਰਾਬ ਬਲੱਡ ਸਰਕੂਲੇਸ਼ਨ, ਹਾਈ ਬਲੱਡ ਪ੍ਰੈਸ਼ਰ, ਕਮਜ਼ੋਰੀ, ਇਨਫਰਟਿਲੀ ਅਤੇ ਬੰਦ ਨਾੜੀਆਂ ਨੂੰ ਖੋਲ੍ਹਣ, ਖਰਾਬ ਕੋਲੈਸਟ੍ਰੋਲ ਨੂੰ ਘਟਾਉਣ ਵਿੱਚ ਵੀ ਮਦਦਗਾਰ ਹੈ।
ਅਜਵਾ ਖਜੂਰ ਦਾ ਪਾਊਡਰ ਸਾਡੇ ਤੋਂ ਹੀ ਕਿਉਂ ਲਓ?
ਸਾਨੂੰ ਮਾਣ ਹੈ ਅਸੀਂ ਆਪਣੇ ਕਸਟਮਜ਼ ਲਈ ਵਧੀਆ ਕੁਆਇਲਟੀ ਦਾ ਅਜਵਾ ਪਾਊਡਰ ਕੈਨੇਡਾ ਵਿਚ ਹੀ ਤਿਆਰ ਕਰਦੇ ਹਾਂ, ਕਿਉਂਕਿ ਅਸੀਂ ਅਜਵਾ ਖਜੂਰਾਂ ਸਾਊਦੀ ਅਰਬ ਦੇ ਮਦੀਨਾ ਸ਼ਹਿਰ ਤੋਂ ਮੰਗਵਾਉਂਦੇ ਹਾਂ ਅਤੇ ਕੈਨੇਡਾ ਵਿਚ ਇਨ੍ਹਾਂ ਤੋਂ ਤਾਜ਼ਾ ਤਰੀਨ ਪਾਊਡਰ ਤਿਆਰ ਕਰਦੇ ਹਾਂ, ਇਸ ਲਈ ਇੱਥੇ ਤਿਆਰ ਹੋਣ ਕਰਕੇ ਸਾਰੇ ਗੁਣਕਾਰੀ ਤੱਤ 100% ਵਿਚ ਮਿਲਦੇ ਹਨ।
ਇਨ੍ਹਾਂ ਸਟੋਰ ਤੋਂ ਲੈ ਸਕਦੇ ਹੋ
Bestway Food Market 20 Red Maple Dr. Brampton
Indian Food Land 45 Dusk Drive, Brampton
ਸਾਡੀ ਕੰਪਨੀ ਨਿਊਟ੍ਰਾ ਸਲੈਕਟ ਕੈਨੇਡੀਅਨ ਕੰਪਨੀ ਹੈ ਅਤੇ ਹੈਲਥ ਕੈਨੇਡਾ ਦੇ ਨਿਯਮਾਂ ਅਨੁਸਾਰ ਕੰਮ ਕਰਦੇ ਹਾਂ, ਸਾਡੀਆਂ ਅਜਵਾ ਖਜੂਰਾਂ ਕਈ ਤਰ੍ਹਾਂ ਦੀਆਂ ਸਰਟੀਫਿਕੇਸ਼ਨਾਂ ਵਿੱਚੋਂ ਲੰਘ ਕੇ ਉਨ੍ਹਾਂ ਤੋਂ ਪਾਊਡਰ ਤਿਆਰ ਕੀਤਾ ਜਾਂਦਾ ਹੈ। ਇਸ ਲਈ ਨਿਊਟ੍ਰਾਸਲੈਕਟ ਦਾ ਅਜਵਾ ਪਾਊਡਰ ਜ਼ਰੂਰ ਅਜਮਾਓ।
NUTRA SELECT
ਅਜਵਾ ਖਜੂਰਾਂ ਦਾ ਪਾਊਡਰ ਮੰਗਵਾਉਣ ਲਈ ਫੋਨ ਕਰੋ
905-923-0414

ਲਾਈਫ, ਵਿਜ਼ਟਰ, ਡਿਸਅਬਿਲਟੀ, ਮੌਰਗੇਜ ਇੰਸ਼ੋਰੈਂਸ
Special Rates for Super Visa Insurance
- Disability Income Insurance
- No Income Proof for up to $2000/month benefit (injury or sickness)
- $10,000-$20,000 of Accidental death included NEW!!
- Up tp $18,000 of rehabilitation benefit included
- $100/day cash of hospitalization for upto one full year
- You can also qualify for up to $2000/month on top from any other providers
- Get all or partial of your paid premium refunded on death and at maturity even if you make a claim
- Life Insurance
- Disability Insurance
- Visitor Insurance
- Save Tax R.R.S.P.
- Mortgage Insurance
- Income Tax Planning
- Drug & Dental Plan
- R.E.S.P.



Guaranteed issued Critical Illness Insurance with premium refund
- Have High Blood Pressure, No Problem!!
- Have High Cholestrol, No Problem!!
- You are qualified!! & will pay the claim!!
- Get peace of mind
RAJPAL BRAR
Your Insurance Specialist
Call for Consultation
416-917-1456
Consolidate your insurance under one policy to save the high cost rather wasting too much money on just policy fees
Trusted Name in the community from the last 12 years for our professional, honest, dedicated & committed service
PRAIRIE FINANCIAL GROUP LTD. 2355 Derry Road, E., Unit#29, Mississauga, ON. L5S 1V6

Action Auto Collision
ਵੱਡੀ ਅਤੇ ਖੁੱਲ੍ਹੀ ਜਗ੍ਹਾ



Salvage Inspection Station
Government Approved Licensed Body Shop
We Welcome ALL INSURANCE CLAIMS
Jessie Srai
Specializes In Collision Custom Paint
ਕੁਲੀਜ਼ਨ ਦਾ ਹਰ ਤਰ੍ਹਾਂ ਦਾ ਕੰਮ ਕਰਦੇ ਹਾਂ ਅਤੇ ਸਾਰੀਆਂ ਇੰਸ਼ੋਰੈਂਸ ਕੰਪਨੀਆਂ ਨਾਲ ਡੀਲ ਕਰਦੇ ਹਾਂ
We deal with all Insurance Claim
Tel: (416) 746-6699
Fax: (416) 746-6667
2662 Drew Road, Mississauga

ਕੀ ਤੁਹਾਡਾ ਪਿਛਲੇ ਸਮੇਂ ਵਿੱਚ
ਕੈਨੇਡਾ ਦਾ
ਵੀਜ਼ਾ ਰੱਦ ਹੋਇਆ ਹੈ ਜਾਂ
ਕੇਸ ਨੂੰ ਫਾਈਲ ਕਰਨ ਤੋਂ ਬਾਅਦ
ਤੁਹਾਨੂੰ ਆਪਣੇ CASE ਦਾ STATUS ਨਹੀਂ ਪਤਾ ਚੱਲਿਆ ਤਾਂ
ਅੱਜ ਹੀ ਕਾਨੂੰਨੀ ਅਧਿਕਾਰ ਜਾਣਨ ਲਈ ਹੇਠਾਂ ਦਿੱਤੇ ਪਤੇ ਤੇ ਸੰਪਰਕ ਕਰੋ
CWC IMMIGRATION SOLUTIONS
2565 STEELES AVE. EAST, UNIT-19, BRAMPTON, ON L6T4L6
905 670 4444

GET PRE-APPROVED & SHOP WITH CONFIDENCE
MORTGAGE ALLIANCE
THE RIGHT BROKER™ THE RIGHT MORTGAGE®
Save Money ...with one application you get access to many lenders, from major banks to private lenders, so we can find you the mortgage with the best rate and terms that fit your needs.
Get Pre-Approved ...find out how much you qualify for and get pre-approved so you can choose your dream home with peace of mind.
Expert Advice ...with many years of experience in the financial industry, you'll get the Right counsel.
No Cost ...all my services are at no cost to you. OAC. Some restrictions apply.
- PURCHASES
- REFINANCES
- RENEWALS
- DEBT CONSOLIDATION
- SELF-EMPLOYED
- NEW TO CANADA
- HOME RENOVATIONS
- PRIVATE MORTGAGE
- INVESTMENTS



CONTACT ME TODAY FOR DETAILS
Parminder Mangat
Mortgage Agent | Lic# 10530
647-285-9119
pmangat@mortgagealliance.com
mortgagealliance.com/ParminderMangat
NOW HIRING
Start your career as a Mortgage Professional.
20 Maritime Blvd, Unit #11, Brampton, ON L6S0C2

ਪੰਜਾਬ ਸਟਾਰ

To Contact Us:

Editor:
Simrat Grewal
905-673-7666

Marketing Director:
Lakhwinder Singh Sandhu
647-400-7314

Senior Advisors:
Harkirat Singh
Abnash Nijjor
Davinder Sandhu
Onkar Grewal

Technical Director :
Bobby Bhamra

Accounts Advisor:
Sandeep Assi (CGA)
905-450-8999

Correspondant:
Raghbir Singh Kahlon (Ludhiana)
Amolak Mann (San jose)
Kulwinder Singh (New Jersey)
Ragvir Singh (Jalandhar)

Registered Office:
7035 Maxwell Rd.,
Suite#203, Mississauga, ON.
L5S 1R5
Ph: 905-673-7666
Fax: 289-206-8611

website:-
www.punjabstar.com
Email:-
editor@punjabstar.com

Annual Subscription
Canada:- $1:00
International:-$1:50

ਪੰਜਾਬ ਸਟਾਰ ਦੇ ਸੰਪਾਦਕ ਜਾਂ ਇਸ ਨਾਲ ਜੁੜੇ ਲੋਕਾਂ ਦਾ ਪੰਜਾਬ ਸਟਾਰ ਵਿੱਚ ਛਪਦੀਆਂ ਲਿਖਤਾਂ ਅਤੇ ਇਸ਼ਤਿਹਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।

The Punjab Star management & people associated with it are not responsible for any claims made by the advertisers & do not endorse any product or services advertised in Punjab star. We sell the space in the newspaper, and the clains are those of the advertisers. Please consult your lawyer before buying through the advertisements published in Punjab Star.

## ਬੁੱਧ ਬਾਣ

### ਦੂਜੇ ਉਜਾੜੇ ਨੂੰ ਸਮਰਪਿਤ

# ਸੰਭਾਲੋ ਪੰਜਾਬੀਓ ! ਪੰਜਾਬ ਰੁੜ੍ਹ ਚੱਲਿਆ !

ਦੇਸ਼ ਦੀ ਵੰਡ ਤੋਂ ਬਾਅਦ ਦੁਬਾਰਾ ਸੱਤਾ ਦੇ ਭੁੱਖਿਆਂ ਸਿਆਸੀ ਆਗੂਆਂ ਨੇ ਪੰਜਾਬ ਆਪਣੇ ਹੱਥੀਂ ਵੱਢਿਆ। ਉਹਨਾਂ ਨੇ ਦਿੱਲੀ ਦੇ ਹਾਕਮਾਂ ਨਾਲ ਰਲ ਕੇ ਇਹ ਕੁੱਝ ਕਰਵਾਇਆ। ਪੰਜਾਬ ਸਰਕਾਰ ਵੱਲੋਂ ਅੱਜ ਦੇ ਜਸ਼ਨ ਮਨਾਏ ਜਾਣ ਲੱਗੇ। ਪੰਜਾਬ ਆਪਣੀ ਲਾਸ਼ ਉਪਰ ਖੜ ਕੇ ਖੁਸ਼ੀਆਂ ਮਨਾਉਣ ਲੱਗਿਆ ਹੈ। ਛੇ ਦਹਾਕਿਆਂ ਤੋਂ ਬਾਅਦ ਅੱਜ ਪੰਜਾਬ ਨੂੰ ਲੁੱਟਣ ਵਾਲੇ ਸਿਆਸੀ ਪਾਰਟੀਆਂ ਦੇ ਆਗੂ, ਸਿਵਲ ਤੇ ਪੁਲਿਸ ਪ੍ਰਸ਼ਾਸਨ ਤੇ ਉਹਨਾਂ ਦੇ ਦਲਾਲ (ਦੱਲੇ) ਸਰਗਰਮ ਹਨ। ਲੋਕ ਪੈਰ ਪੈਰ ਤੇ ਖੱਜਲ ਖੁਆਰ ਹੋ ਰਹੇ ਹਨ। ਜਿਉਂਦੇ ਤੇ ਜਾਗਦੇ ਲੋਕ ਤਮਾਸ਼ਾ ਦੇਖ ਰਹੇ ਹਨ। ਜਿਹੜਾ ਕੋਈ ਪੰਜਾਬ ਦੇ ਲੋਕਾਂ ਨੂੰ ਜਾਗਰੂਕ ਕਰਨ ਲਈ ਸਾਹਮਣੇ ਆਇਆ, ਉਸਨੂੰ ਡਰਾਉਣ, ਦਬਾਉਣ ਤੇ ਦਫ਼ਨਾਉਣ ਲਈ ਭਾੜੇ ਦੇ ਟੱਟੂ ਤਿਆਰ ਹਨ। ਹੁਣ ਤਾਂ ਥਾਂ ਥਾਂ ਤੇ ਗੋਲੀਆਂ ਚਲਾਈਆਂ ਜਾ ਰਹੀਆਂ ਹਨ। ਮਨੁੱਖਤਾ ਦੇ ਕਾਤਲ ਹੱਥ ਵਿੱਚ ਮੌਤ ਫੜ ਕੇ ਗਲੀਆਂ ਤੇ ਬਾਜ਼ਾਰਾਂ ਵਿੱਚ ਦਨਦਨਾਉਂਦੇ ਫਿਰਦੇ ਹਨ। ਸਰਕਾਰ ਜਨਤਕ ਅਦਾਰਿਆਂ ਨੂੰ ਤਾਲੇ ਲਗਾ ਰਹੀ ਹੈ। ਲੋਕ ਚੁਟਕਲੇ ਸੁਣਨ ਵਿੱਚ ਮਸ਼ਰੂਫ ਹਨ। ਸਿਹਤ ਤੇ ਸਿੱਖਿਆ ਕ੍ਰਾਂਤੀ ਨੇ ਇਨਕਲਾਬ ਲਿਆਂਦਾ ਹੈ। ਹੱਸਦੇ ਵੱਸਦੇ ਪੰਜਾਬ ਨੂੰ ਬਾਰ ਬਾਰ ਉਜਾੜਨ ਲਈ ਭਾਰਤੀ ਹਾਕਮਾਂ ਨੇ ਦੇਸ (ਅਸਲ ਵਿੱਚ ਪੰਜਾਬ) ਦੀ ਵੰਡ ਵੇਲੇ ਤੋਂ ਹੀ ਮਨਸੂਬਾਬੰਦੀ ਸ਼ੁਰੂ ਕਰ ਦਿੱਤੀ ਸੀ। ਜਿਵੇਂ ਪਾਣੀ ਨਿਵਾਣ ਵੱਲ ਵਗਦਾ ਹੈ,ਅੱਜ ਉਹੀ ਹਾਲ ਹੋਇਆ ਪਿਆ ਹੈ। ਪੰਜਾਬੀਆਂ ਨੂੰ ਕਦੇ ਚੰਭਲਾਅ ਕੇ, ਕਦੇ ਲਾਲਚ ਦੇਕੇ, ਕਦੇ ਉਲਝਾਅ ਕੇ, ਕਦੇ ਵਿਕਾਸ ਦੇ ਨਾਂ 'ਤੇ ਤੇ ਕਦੇ ਕਾਨੂੰਨ ਦੇ ਜਾਲ਼ ਵਿੱਚ ਫਸਾ ਕੇ ਉਜਾੜਿਆ ਜਾ ਰਿਹਾ ਹੈ। ਪੰਜਾਬ ਨੂੰ ਇਸ ਨਿੱਘਰੀ ਹਾਲਤ ਤੱਕ ਪਹੁੰਚਾਉਣ ਵਿਚ ਭਾਰਤੀ ਸਟੇਟ ਦਾ ਜਿੰਨਾਂ ਹੱਥ ਹੈ ਓਨਾ ਹੀ ਪੰਜਾਬੀਆਂ ਦਾ ਆਪਣਾ ਵੀ ਹੈ ਜਿਹੜੇ ਹੁਣ ਤੱਕ ਮਦਾਰੀ ਦੇ ਝੁਰਲੂ ਦੇ ਰੁਤਬੇ ਤੋਂ ਉਤਾਂਹ ਨਹੀਂ ਉੱਠ ਸਕੇ। ਸਿਆਸੀ ਪਾਰਟੀਆਂ ਦੇ ਸ਼ਾਤਰ, ਭ੍ਰਿਸ਼ਟ, ਬੇਈਮਾਨ ਤੇ ਵਿਕਾਊ ਆਗੂਆਂ ਨੇ ਉਨ੍ਹਾਂ ਨੂੰ ਕਾਂਗਰਸ, ਅਕਾਲੀ ਦਲ ਤੇ ਕਈ ਜਾਤਪਾਤੀ ਟੋਲਿਆਂ ਵਿੱਚ ਵੰਡ ਕੇ ਆਪਣਾ ਉੱਲੂ ਤਾਂ ਸਿੱਧਾ ਕਰ ਲਿਆ ਹੈ ਪਰ ਨਾਲ਼ ਹੀ ਕਿਰਤ ਕਰਨ ਤੋਂ ਕਦੇ ਵੀ ਮੂੰਹ ਨਾ ਮੋੜਨ ਵਾਲ਼ੇ ਪੰਜਾਬੀਆਂ ਹੱਥ ਠੂਠਾ ਵੀ ਫੜਾ ਦਿੱਤਾ ਹੈ। ਇਹ ਆਦਿ ਜੁਗਾਦੀ ਸੱਚ ਹੈ ਕਿ ਜਦੋਂ ਹਾਕਮ ਆਪਣੇ ਨਿੱਜੀ ਮੁਫਾਦਾਂ ਲਈ ਧਰਮ ਦੀ ਆੜ ਵਿਚ ਆਪਣਾ 'ਉੱਲੂ ਸਿੱਧਾ' ਕਰਨ ਲੱਗ ਪੈਣ ਤਾਂ ਆਮ ਲੋਕਾਂ ਦੇ ਘਰਾਂ ਵਿੱਚ 'ਉਲੂ ਬੋਲਣ' ਲੱਗ ਪੈਂਦੇ ਹਨ। ਜਿਹਨਾਂ ਨੇ ਜ਼ਿੰਦਗੀ ਦਾ ਫ਼ਲਸਫਾ ਦੱਸਣਾ ਹੁੰਦਾ ਹੈ, ਉਹ ਦਾਨੇ ਬੰਦੇ ਉੱਚਿਆਂ ਚੁਬਾਰਿਆਂ ਨਾਲ਼ ਆੜੀ ਪਾ ਕੇ ਆਪਣਿਆਂ ਦੀ ਹੀ ਮੰਜੀ ਠੋਕਦੇ ਹਨ। ਉਹਨਾਂ ਤੋਂ ਡਰਦੇ ਆਮ ਲੋਕ ਵੀ ਉੱਚੇ ਦੁਆਰੇ ਤੇ ਚੁਬਾਰੇ ਲੱਭਣ ਦੇ ਚੱਕਰ 'ਚ ਫਸ ਜਾਂਦੇ ਹਨ। ਸਿਆਸੀ ਆਗੂ ਜਦੋਂ 'ਊਟਪਟਾਂਗ ਗੱਲਾਂ' ਮਾਰਨ ਲੱਗ ਜਾਣ ਤਾਂ 'ਲੋਕ ਉਜਾੜ' ਮੱਲਣ ਤੁਰ ਪੈਂਦੇ ਹਨ। ਜਿਹੜੇ 'ਉਚਾ ਝਾਕਣ' ਲੱਗਦੇ ਹਨ, ਉਨ੍ਹਾਂ ਨੂੰ ਨੀਵਿਆਂ ਦੀਆਂ ਗੱਲਾਂ ਸਮਝ ਨਹੀਂ ਆਉਦੀਆਂ ਤੇ ਉਹਨਾਂ ਨੂੰ ਉਡਦੇ ਸੱਪ ਕੀਲਣੇ ਮੁਸ਼ਕਿਲ ਹੋ ਜਾਂਦੇ ਹਨ। ਜਿਹੜੇ ਹਰ ਕੰਮ ਲਈ ਉਡ ਉਡ ਪੈਣ ਉਹ ਉਤਲੇ ਮੂੰਹੋਂ ਤੇਰਾ ਤੇਰਾ ਕਹਿਣ ਦੇ ਆਦੀ ਬਣ ਜਾਂਦੇ ਹਨ। ਪਰ ਲੋਕ ਵੀ ਉਹਨਾਂ ਨੂੰ ਉਡਣ ਜੋਗਾ ਨਹੀਂ ਛੱਡਦੇ। ਇਕ ਦਿਨ ਧਰਤੀ 'ਤੇ ਪਟਕਾ ਕੇ ਮਾਰਦੇ ਹਨ। ਜਿਹੜੇ ਐਂਵੇ ਹੀ ਹਰ ਕਿਸੇ ਦੇ ਸਵੈਮਾਣ ਨੂੰ ਰੋਲਣ ਦੀ ਹਿਮਾਕਤ ਕਰਦੇ ਹਨ, ਉਨ੍ਹਾਂ ਨੂੰ ਦੁਬਾਰਾ ਕੋਈ ਉਂਗਲ ਨਹੀਂ ਫੜ੍ਹਦਾ। ਜਿਹੜੇ ਹਰ ਕਿਸੇ ਦੇ ਨਾਲ਼ ਉਸਤਾਦੀ ਘੋਟਣ ਲੱਗ ਪੈਣ ਉਹਨਾਂ ਨੂੰ ਇੱਕ ਦਿਨ ਉਂਗਲਾਂ ਟੁੱਕਣੀਆਂ ਪੈਂਦੀਆਂ ਹਨ, ਫੇਰ ਉਹਨਾਂ ਦੀ ਕੋਈ ਉਘ ਸੁੱਘ ਨਹੀਂ ਲੱਗਦੀ। ਜਿਨ੍ਹਾਂ ਦੇ ਮਨਾਂ ਵਿੱਚ ਸੁਪਨੇ ਉਸਲਵੱਟੇ ਭੰਨਣ ਲੱਗ ਪੈਣ, ਉਨ੍ਹਾਂ ਨੂੰ ਸੁਪਨੇ ਪੂਰੇ ਕਰਨ ਲਈ ਉੱਖਲੀ ਵਿੱਚ ਸਿਰ ਦੇਣਾ ਹੀ ਪੈਂਦਾ ਹੈ। ਜਦੋਂ ਕਿਸੇ ਨੂੰ ਕੋਈ ਉਲਟੀ ਪੱਟੀ ਪੜ੍ਹਾਉਣ ਲੱਗ ਪਏ ਤਾਂ ਲੋਕ ਉਸ ਉਪਰ ਉਂਗਲਾਂ ਚੁੱਕਣ ਲੱਗ ਪੈਂਦੇ ਹਨ। ਉਹਨਾਂ ਦੇ ਸਦਾ ਉਖੜੇ-ਉੱਖੜੇ ਰਹਿਣ ਕਰਕੇ ਉਸ ਦੇ ਮੂੰਹ 'ਤੇ ਉਦਾਸੀ ਸਦਾ ਹੀ ਛਾਈ ਰਹਿੰਦੀ ਹੈ। ਮੁਫ਼ਤ ਦੀਆਂ ਰੋਟੀਆਂ ਖਾਣ ਪੀਣ ਵਾਲਿਆਂ ਨੇ ਪੰਜਾਬ ਦਾ ਸੱਭਿਆਚਾਰ ਤਬਾਹ ਕਰ ਦਿੱਤਾ ਹੈ। ਜਿਨ੍ਹਾਂ ਨੂੰ ਉਧਾਰ ਖਾਣ ਦੀ ਆਦਤ ਪੈ ਜਾਵੇ, ਉਹ ਹਮੇਸ਼ਾ ਕਿਸੇ ਉਧੇੜ ਬੁਣ ਵਿੱਚ ਪਏ ਰਹਿੰਦੇ ਹਨ। ਜਿਹੜੇ ਭੌਰੇ ਰਸ ਚੂਸ ਕੇ ਉੱਡ ਜਾਣ ਉਨ੍ਹਾਂ ਲਈ ਕੋਈ ਉਡ ਉਡ ਨਹੀਂ ਪੈਂਦਾ। ਫਿਰ ਇਹੋ ਜਿਹਿਆਂ ਨੂੰ ਉਚਾ ਸੁਣਨ ਲੱਗਦਾ ਹੈ। ਜਦੋਂ ਬੰਦੇ ਦਾ ਸੁਭਾਅ ਜਿਵੇਂ ਕਿਵੇਂ ਟਾਈਮ ਪਾਸ ਕਰਨ ਵਾਲ਼ਾ ਬਣ ਜਾਂਦਾ ਹੈ ਤਾਂ ਫਿਰ ਉਸ ਲਈ ਉਲਝੀ ਤਾਣੀ ਸੁਲਝਾਉਣੀ ਹੋਰ ਵੀ ਔਖੀ ਹੋ ਜਾਂਦੀ ਹੈ। ਇਹੀ ਹਾਲਤ ਸਿਆਸਤਦਾਨਾਂ ਨੇ ਸਾਡੀ ਬਣਾਈ ਹੋਈ ਹੈ। ਸਮੇਂ ਨੇ ਸਾਨੂੰ ਉਲ਼ਟੇ ਛੁਰੇ ਨਾਲ਼ ਮੁੰਨਣਾ ਸ਼ੁਰੂ ਕੀਤਾ ਹੋਇਆ ਹੈ ਤੇ ਅਸੀਂ ਉਲਟੇ ਪੈਰੀਂ ਵਾਪਸ ਭੱਜੇ ਜਾ ਰਹੇ ਹਾਂ। ਪਰ ਹਰ ਵੇਲ਼ੇ ਵੀ ਲੋਕਾਂ ਨੂੰ ਉੱਲੂ ਨਹੀਂ ਬਣਾਇਆ ਜਾ ਸਕਦਾ। ਅਸੀਂ ਉਲੂ ਬਣ ਰਾਤਾਂ ਨੂੰ ਉਡਦੇ ਹਾਂ। ਜਦੋਂ ਕੋਈ ਊਚ-ਨੀਚ ਵਿਚਾਰਨੀ ਭੁੱਲ ਜਾਵੇ ਤਾਂ ਉਸ ਦੇ ਆਲ਼ੇ ਦੁਆਲ਼ੇ ਉਲ਼ਟੀ ਹਵਾ ਚੱਲ ਪੈਂਦੀ ਹੈ। ਜਦੋਂ ਕੋਈ ਹਰ ਕਿਸੇ ਨਾਲ਼ ਉਲਝ ਪੈਣ ਦੀ ਆਦਤ ਬਣਾ ਲਵੇ, ਉਹ ਛੇਤੀ ਹੀ ਕੈਨਵਸ ਤੋਂ ਗਾਇਬ ਹੋ ਜਾਂਦਾ ਹੈ। ਫੇਰ ਦੁਬਾਰਾ ਓਹੜ-ਪੋਹੜ ਕਰਦਿਆਂ ਕਈ ਵਰ੍ਹੇ ਲੰਘ ਜਾਂਦੇ ਹਨ। ਹਾਲਤ ਉਸ ਊਠ ਵਰਗੀ ਬਣ ਜਾਂਦੀ ਹੈ ਜੋ ਲੋਕਾਂ ਵੱਲ ਮੂੰਹ ਚੁੱਕੀ ਖੜ੍ਹਾ ਹੈ ਪਰ ਲੋਕ ਉਸ ਨੂੰ ਓਪਰੀ ਨਜ਼ਰੇ ਵੀ ਨਹੀਂ ਵੇਖਦੇ। ਜਦੋਂ ਊੜਾ ਐੜਾ ਨਾ ਜਾਨਣ ਵਾਲ਼ੇ ਲੋਕ ਸਮਾਜ ਦੇ ਚੌਧਰੀ ਬਣ ਜਾਣ ਫੇਰ ਉਨ੍ਹਾਂ ਦੇ 'ਉਡਦਾ ਛਾਪਾ' ਵੀ ਗਲ਼ੇ ਆ ਲੱਗਦਾ ਹੈ। ਫੇਰ ਉਹਦੀ ਉਤੋਂ ਦੀ ਪੈਣ ਦੀ ਰੀਤ ਨੂੰ ਉਠਾਲਾ ਕਰਨਾ ਪੈਂਦਾ ਹੈ ਤੇ ਕੋਈ ਉਨ੍ਹਾਂ ਦੀ ਵੱਢੀ ਉਂਗਲ 'ਤੇ ਵੀ ਨਹੀਂ ਮੂਤਦਾ। ਜਿਹੜੇ ਆਪਣੇ ਆਪ ਨੂੰ ਉਸਤਾਦ ਮੰਨਣ ਦਾ ਭਰਮ ਪਾਲ਼ ਲੈਂਦੇ ਹਨ, ਉਹ ਉੱਚਾ-ਨੀਵਾਂ ਬੋਲਣ ਲੱਗੇ ਥਾਂ-ਕੁਥਾਂ ਨਹੀਂ ਦੇਖਦੇ। ਇਹੋ ਜਿਹੇ ਸਿਆਸਤਦਾਨਾਂ ਦਾ ਉਧਾਰ ਜਦੋਂ ਲੋਕ ਬਿਆਜ਼ ਸਮੇਤ ਮੋੜਦੇ ਹਨ ਤਾਂ ਉਹ ਅੱਖਾਂ ਚੁੱਕ ਕੇ ਉਤਾਂਹ ਦੇਖਣਾ ਹੀ ਭੁੱਲ ਜਾਂਦੇ ਹਨ। ਭਾਵੇਂ ਹਰ ਵੇਲੇ ਉਲੂ ਸਿੱਧਾ ਨਹੀਂ ਹੁੰਦਾ, ਪਰ ਉੱਲੂ ਬਣਾਉਣ ਵਾਲ਼ੇ ਜਦੋਂ ਉਸਤਾਦੀ ਘੋਟਣ ਲੱਗਦੇ ਹਨ ਤਾਂ ਲੋਕ ਉਸ ਨੂੰ ਨਜ਼ਰ ਅੰਦਾਜ਼ ਕਰਨ ਲੱਗਦੇ ਹਨ। 'ਉਂਗਲ਼ਾਂ' ਉਤੇ ਨੱਚਣਾ ਤੇ ਨਚਾਉਣਾ ਔਖਾ ਹੁੰਦਾ ਹੈ। ਜਦੋਂ ਸੱਤਾ ਉਜਾੜ ਭਾਲਣ ਦੇ ਰਸਤੇ ਤੁਰਦਿਆਂ ਵਿਕਾਸ ਦੀਆਂ ਗੱਲਾਂ ਕਰਦੀ ਹੈ ਤਾਂ ਉਲਟੀ ਗੰਗਾ ਪਹੋਵੇ ਵੱਲ ਨੂੰ ਵਗਣ ਲੱਗਦੀ ਹੈ। ਇਹਨਾਂ ਸਮਿਆਂ ਵਿੱਚ ਜਦੋਂ ਸ਼ਬਦਾਂ ਦੇ ਖਿਡਾਰੀ ਸ਼ਬਦਾਂ ਦੀਆਂ ਬੁੱਚੀਆਂ ਪਾਉਣ ਲਈ ਮਦਾਰੀ ਬਣ ਜਾਣ ਤਾਂ ਆਮ ਲੋਕਾਂ ਦੇ ਪੱਲੇ ਕੱਖ ਨਹੀਂ ਪੈਂਦਾ। ਲੋਕ ਪੱਲੇ ਝਾੜਦੇ ਊਠ ਦੇ ਡਿੱਗਦੇ ਬੁੱਲ੍ਹ ਵਾਂਗੂੰ ਮਗਰ ਮਗਰ ਤੁਰ ਤੁਰ ਕੇ ਖਾਲੀ ਹੱਥ ਘਰਾਂ ਨੂੰ ਪਰਤ ਆਉਂਦੇ ਹਨ। ਕਈ ਵਾਰ ਘਰਾਂ ਨੂੰ ਮੁੜਨਾ ਔਖਾ ਹੁੰਦਾ ਹੈ ਪਰ ਘਰ ਅਸੀਂ ਆਏ ਨੂੰ ਕਦੇ ਦੁਰਕਾਰਦੇ ਨਹੀਂ। ਘਰ ਹਮੇਸ਼ਾਂ ਬਾਹਰ ਗਿਆਂ ਦੀ ਉਡੀਕ ਵਿੱਚ ਦਰਵਾਜ਼ੇ ਖੁੱਲ੍ਹੇ ਰੱਖਦੇ ਹਨ। ਜਦੋਂ ਕੋਈ ਢਿੱਡ ਰੋਟੀ ਟੁੱਕ ਦੀ ਭਾਲ਼ ਕਰਨ ਲਈ ਪਰਵਾਸ ਕਰਦਾ ਹੈ ਤਾਂ ਘਰ ਉਦਾਸ ਨਹੀਂ ਹੁੰਦੇ, ਪਰ ਜਦੋਂ ਪਰਵਾਸੀਆਂ ਦੀਆਂ ਮੋਹ ਭਰੀਆਂ ਖ਼ਬਰਾਂ ਦੀ ਬਜਾਏ ਮਾੜੀਆਂ ਖ਼ਬਰਾਂ ਆਉਣ ਲੱਗ ਪੈਣ ਤਾਂ ਘਰ ਭੁੱਬਾਂ ਮਾਰ ਮਾਰ ਕੇ ਰੋਂਦੇ ਹਨ। ਘਰਾਂ ਵਿੱਚ ਭੁੱਜਦੀ ਭੰਗ ਵੀ, ਚੁਗਲੀਆਂ ਕਰਦੀ ਹੋਈ ਨਸੀਹਤਾਂ ਦੇਣ ਲੱਗਦੀ ਹੈ। ਉਲ਼ਟੀ ਪੁਲ਼ਟੀ ਗੱਲ ਕਰਨੀ ਹੁਣ ਜਿੰਨੀ ਔਖੀ ਹੋ ਗਈ ਹੈ, ਉਸ ਤੋਂ ਵੀ ਵਧੇਰੇ ਔਖੀ ਹਜ਼ਮ ਕਰਨੀ ਹੋ ਗਈ ਹੈ। ਕਿਉਂਕਿ ਹੁਣ ਹਰੇਕ ਦਾ ਹਾਜ਼ਮਾ ਖਰਾਬ ਹੀ ਰਹਿੰਦਾ ਹੈ। ਸ਼ਬਦਾਂ ਦੇ 'ਲਿਖਾਰੀ' ਹੁਣ 'ਵਪਾਰੀ' ਬਣ ਗਏ ਹਨ। ਇਸੇ ਕਰਕੇ ਊੜੇ ਐੜੇ ਹੋਰੀਂ ਪੁਕਾਰ ਰਹੇ ਹਨ ਕਿ ਕੋਈ ਤਾਂ ਸਾਡੀ ਆਵਾਜ਼ ਸੁਣੇ। ਊੜੇ ਤੇ ਜੂੜੇ ਨੂੰ ਅਸਾਂ ਘਰਾਂ ਵਿੱਚੋਂ ਕੱਢ ਕੇ 'ਅੰਗਰੇਜ਼ੀ' ਨੂੰ ਆਪਣੀ ਰਖੇਲ ਬਣਾ ਲਿਆ ਹੈ। ਅਸੀਂ ਭਰਮ ਦੇ ਗੁਲਾਮ ਬਣ ਗਏ ਹਾਂ। ਹੁਣ ਵਿਚਾਰਾ ਊੜਾ ਕਰੇ ਤਾਂ ਕੀ ਕਰੇ ? ਊੜੇ ਦੀਆਂ ਪੈਂਦੀਆਂ ਚੀਕਾਂ ਕੌਨਵੈਂਟ ਸਕੂਲਾਂ, ਸਰਕਾਰੀ ਤੇ ਗੈਰ ਸਰਕਾਰੀ ਦਫ਼ਤਰਾਂ ਵਿਚ ਸੁਣੀਆਂ ਜਾ ਸਕਦੀਆਂ ਹਨ। ਊੜੇ ਦਾ ਕੋਈ ਵਾਲੀ ਵਾਰਿਸ ਨਹੀਂ ਤੇ ਸਾਹਿਤਕਾਰ ਤੇ ਸਾਹਿਤਕ ਸੰਸਥਾਵਾਂ ਮਾਂ ਬੋਲੀ ਦੇ ਨਾਂ 'ਤੇ ਰੋਟੀਆਂ ਸੇਕਦੀਆਂ ਹਨ ਪਰ ਊੜੇ ਦੀ ਕੋਈ ਨਹੀਂ ਸੁਣਦਾ । ਇਸੇ ਕਰਕੇ ਇਹ ਅਪਣੇ ਹੀ ਘਰ ਵਿੱਚ ਪਰਾਇਆ ਹੋ ਗਿਆ ਹੈ। ਇਸਨੂੰ ਆਪਣਾ ਘਰ ਕਦੋਂ ਮਿਲੇਗਾ ? ਪਤਾ ਨਹੀਂ। ਊੜੇ ਨੂੰ ਘਰ ਮਿਲੇ ਨਾ ਮਿਲੇ ਪਰ ਅਗਲੀਆਂ ਚੋਣਾਂ ਤੱਕ ਸਰਕਾਰ ਦੀ ਯੋਜਨਾ ਹੈ ਕਿ ਉਹ ਗਰੀਬਾਂ ਨੂੰ ਮਕਾਨ ਬਣਾ ਕੇ ਦੇ ਦੇਵੇਗੀ। ਆਮ ਕਿਰਤੀ ਬੰਦਾ ਤਾਂ ਆਪਣਾ ਘਰ ਸਾਰੀ ਉਮਰ ਨਹੀਂ ਬਣਾ ਸਕਦਾ । ਅੱਜ ਸਾਡੇ ਆਲ਼ੇ ਦੁਆਲ਼ੇ ਕੋਠੀਆਂ, ਮਹਿਲ, ਮੁਨਾਰੇ, ਮਕਾਨ ਤੇ ਪਤਾ ਨਹੀਂ ਘਰਾਂ ਦੇ ਨਾ 'ਤੇ ਕੀ ਕੀ ਬਣਾਇਆ ਜਾ ਰਿਹਾ ਹੈ। ਇਹਨਾਂ ਕੋਠੀਆਂ ਤੇ ਮਹਿਲਾਂ ਵਿਚੋਂ 'ਊੜਾ ਤੇ ਜੂੜਾ' ਹੀ ਨਹੀਂ, ਸਾਡੇ ਮਾਪੇ ਵੀ ਬੇਦਖ਼ਲ ਹੋ ਰਹੇ ਹਨ। ਮਕਾਨਾਂ ਤੇ ਕੋਠੀਆਂ ਵਿਚ ਕੁੱਤੇ, ਬਿੱਲੀਆਂ, ਡੈਣਾਂ ਦਾ ਵਸੇਰਾ ਹੋ ਰਿਹਾ ਹੈ। ਇਸੇ ਕਰਕੇ ਸਾਡੇ ਆਲ਼ੇ ਦੁਆਲ਼ੇ ਬਿਰਧ ਆਸ਼ਰਮ ਵਧਦੇ ਜਾ ਰਹੇ ਹਨ ਜਿਹਨਾਂ ਵਿਚ ਇਨਸਾਨ ਹੱਸਦੇ ਤੇ ਢੋਲੇ ਦੀਆਂ ਲਾਉਂਦੇ ਹਨ ਜਦੋਂ ਕਿ ਕੋਠੀਆਂ ਤੇ ਮਕਾਨਾਂ ਵਿਚ ਚੀਕ ਚਿਹਾੜਾ ਤੇ ਚੀਕਾਂ ਪੈਂਦੀਆਂ ਹਨ। ਘਰ ਉਦਾਸ ਹਨ ਪਰ ਮਕਾਨ ਨੱਚਦੇ, ਟੱਪਦੇ ਤੇ ਜਸ਼ਨ ਮਨਾਉਂਦੇ ਹਨ। ਊੜਾ ਵੀ ਜਾਣਦਾ ਹੈ ਕਿ ਹਰ ਕੋਈ ਹੁਣ ਆਪਣੀ ਆਮਦਨ ਵਧਾਉਣ ਲਈ ਆਪਣਿਆਂ ਨੂੰ ਮਾਰ ਰਿਹਾ ਹੈ। ਹੁਣ ਕਈ ਘਰ ਤਾਂ ਕਤਲਗਾਹ ਹੀ ਬਣਦੇ ਜਾ ਰਹੇ ਹਨ। ਹੁਣ ਇੱਥੇ ਲੜਾਈ ਕਿਸੇ ਇੱਕ ਦੀ ਨਹੀਂ, ਸਭ ਦੀ ਬਣਦੀ ਜਾ ਰਹੀ ਹੈ ਪਰ ਸਾਨੂੰ ਸਮਝ ਨਹੀਂ ਲੱਗੀ ਕਿ ਲੜ੍ਹਾਈ ਕਿਸਦੇ ਨਾਲ਼ ਕਰਨੀ ਹੈ। ਅਸੀਂ ਆਪਸ ਵਿੱਚ ਹੀ ਲੜੀ ਜਾ ਰਹੇ ਤੇ ਅਣਿਆਈ ਮੌਤੇ ਮਾਰੇ ਜਾ ਰਹੇ ਹਾਂ।




ਹੁਣ ਸਾਡੇ ਆਪਣਿਆਂ ਨੇ ਹੀ ਸਾਡੇ ਗਲ਼ਾਂ ਨੂੰ ਫਾਹਾ ਪਾ ਦਿੱਤਾ ਹੈ। ਅਸੀਂ ਆਪੋ ਆਪਣੀ ਡੱਫਲੀ ਵਜਾ ਰਹੇ ਹਾਂ, 'ਕੱਲੇ 'ਕੱਲੇ ਕੁੱਟ ਖਾ ਰਹੇ ਹਾਂ ਤੇ ਮਾਰੇ ਜਾ ਰਹੇ ਹਾਂ। ਅਸੀਂ ਹਰ ਵੇਲ਼ੇ ਅਰਦਾਸ ਸਰਬੱਤ ਦੇ ਭਲੇ ਦੀ ਕਰਦੇ ਹਾਂ ਪਰ ਘਰ ਆਪਣੇ ਭਰਦੇ ਹਾਂ ਤੇ ਗੱਲਾਂ ਸਮਾਜਵਾਦ ਤੇ ਬਰਾਬਰਤਾ ਦੀਆਂ ਕਰਦੇ ਹਾਂ। ਸਾਡੀ ਫੁੱਟ ਦਾ ਸਿਆਸੀ ਲੋਕ ਮੌਕੇ ਮੁਤਾਬਕ ਫਾਇਦਾ ਚੁੱਕਦੇ ਹਨ। ਅਸੀਂ ਕਿਸੇ ਲੁੱਟੇ ਜੁਆਰੀਏ ਵਾਂਗੂੰ ਹੱਥ ਮਲਦੇ ਰਹਿ ਜਾਂਦੇ ਹਾਂ। ਹੁਣ ਸਾਹਮਣਿਓਂ ਲੜਨ ਦੀ ਲੋੜ ਹੈ। ਦੁਸ਼ਮਣ ਸਾਂਝਾ ਹੈ ਤੇ ਸਾਹਮਣੇ ਖੜ੍ਹਾ ਦਿਖਦਾ ਹੈ। ਹੁਣ ਕਰੋ ਜਾਂ ਮਰੋ ਦੀ ਜੰਗ ਕਰਨ ਦੀ ਲੋੜ ਹੈ। ਹੁਣ ਸਾਂਝੀ ਜੰਗ ਦੀ ਜਰੂਰਤ ਹੈ, ਇਹ ਹੁਣ ਸਮੇਂ ਦੀ ਵੀ ਮੰਗ ਹੈ। ਜੰਗ ਲੜਿਆਂ ਹੀ ਹੁਣ ਕੰਮ ਸੌਰਨਾ ਹੈ। ਡਰ ਕੇ ਵਿਦੇਸ਼ਾਂ ਨੂੰ ਨਾ ਭੱਜੋ। ਸਮੇਂ ਦੀ ਚਾਲ ਸਮਝੋ। ਆਪਣੀਆਂ ਅਗਲੀਆਂ ਨਸਲਾਂ ਦੇ ਕਾਤਲ ਨਾ ਬਣੋ, ਸਗੋਂ ਹਿੱਕ ਤਾਣ ਕੇ ਖੜ੍ਹੋ। ਇਕ ਦਿਨ ਮਰਨਾ ਤਾਂ ਸਭ ਨੇ ਹੈ। ਦੇਸ ਕੌਮ ਤੇ ਸਮਾਜ ਲਈ ਮਰੋ। ਮੂੰਹ ਉਤੇ ਵਿਕਾਸ ਦਾ ਨਕਾਬ ਪਾ ਕੇ ਧਾੜਵੀ ਆ ਗਏ ਹਨ। ਹੁਣ ਸਾਹਵੇਂ ਜੂਝਣ ਦੀ ਲੋੜ ਹੈ, 'ਕੱਲੇ 'ਕੱਲੇ ਨਾ ਮਰੋ। ਹੁਣ ਜੰਗ ਕਿਸੇ ਅਬਦਾਲੀ ਜਾਂ ਗੋਰੇ ਦੇ ਵਿਰੁਧ ਨਹੀਂ, ਆਪਣਿਆਂ ਖਿਲਾਫ਼ ਲੜਨੀ ਪੈਣੀ ਹੈ। ਆਓ ! ਸਾਂਝੀ ਜੰਗ ਲੜੀਏ ਤੇ 'ਕੱਲੇ 'ਕੱਲੇ ਨਾ ਮਰੀਏ। ਜਿੱਤ ਸਦਾ ਲੋਕਾਂ ਦੀ ਹੁੰਦੀ ਆਈ ਹੈ। ਜੈ ਜਨਤਾ ਦੀ ਹੁੰਦੀ ਹੈ। ਹੁਣ ਜਿੱਤ ਲੋਕਾਂ ਦੀ ਤੇ ਹਾਰ ਖੂਨ ਪੀਣੀਆਂ ਜੋਕਾਂ ਦੀ ਹੋਵੇਗੀ।

ਹੁਣ ਸਿਰ ਜੋੜਨ ਦਾ ਵੇਲਾ ਐ,
ਪਹਿਲਾਂ ਹੀ ਬਹੁਤ ਕੁਵੇਲਾ ਐ;

ਆਪਣੇ ਨਿੱਜੀ ਲਾਲਚ ਛੱਡਕੇ ਹੋਵੋ ਇਕਜੁੱਟ, ਹੁਣ ਹਰ ਬਾਰ ਉੱਜੜ ਕੇ ਵਸਣਾ ਮੁਸ਼ਕਿਲ ਹੈ। ਉੱਜੜ ਰਹੇ ਪੰਜਾਬ ਨੂੰ ਬਚਾ ਲਵੋ ਤੇ ਗਿਰਝਾਂ ਦੇ ਗਲ਼ੇ ਨੂੰ ਹੱਥ ਪਾ ਲਵੋ। ਆਪਣੇ ਤੇ ਚਿੜੀਆਂ ਜਨੌਰਾਂ ਦੇ ਆਲ੍ਹਣੇ ਬਚਾ ਲਵੋ ! ਪੰਜਾਬ ਨੂੰ ਬਚਾਉਣ ਲਈ ਲੋਕ ਪੱਖੀ ਲਹਿਰ ਉਸਾਰਨ ਦੀ ਲੋੜ ਹੈ। ਉਂਝ ਲੋਕ ਪੱਖੀ ਹੋਣ ਦਾ ਦਾਅਵਾ ਕਰਨ ਵਾਲਿਆਂ ਦੀ ਗਿਣਤੀ ਬਹੁਤ ਹੈ, ਸੋਚਣਾ ਚਾਹੀਦਾ ਕਿ ਉਹਨਾਂ ਨੇ ਹੁਣ ਤੱਕ ਕੀ ਖੱਟਿਆ ਹੈ ਅਤੇ ਗਵਾਇਆ ਹੈ? ਕਦੇ ਵੀ ਕਿਸੇ ਅਜਿਹਾ ਮੰਥਨ ਨਹੀਂ ਕੀਤਾ ਜਿਸਦੇ ਨਾਲ ਉਹਨਾਂ ਸ਼ਰਮਸਾਰ ਹੋਣਾ ਪਵੇ। ਇਸ ਸਮੇਂ ਪੰਜਾਬ ਨੂੰ ਲੋਕ ਪੱਖੀ ਵਿਚਾਰਧਾਰਾ ਵਾਲ਼ੀ ਸੱਚੀਂ ਮੁੱਚੀਂ ਲੋਕਾਂ ਦੀ ਲਹਿਰ ਉਸਾਰਨ ਦੀ ਲੋੜ ਹੈ। ਭਾਵੇਂ ਹੁਣ ਤਾਂ ਪੰਜਾਬ ਦਾ ਪਿੰਜਰ ਹੀ ਬਚਿਆ ਹੈ। ਜੇ ਹੋਰ ਕੁੱਝ ਬਚਿਆ ਹੈ ਤਾਂ ਜ਼ਰੂਰ ਦੱਸਿਓ।



ਬੁੱਧ ਸਿੰਘ ਨੀਲੋਂ
94643 70823

# ਸਾਡਾ 'ਰੰਗਲਾ ਪੰਜਾਬ'..!

ਅੱਜ ਪੰਜਾਬ ਦਾ ਸਥਾਪਨਾ ਦਿਵਸ ਹੈ। ਰੰਗਲੇ ਪੰਜਾਬ ਦੇ ਖ਼ੁਸ਼ੀ 'ਚ ਪੈਰ ਨਹੀਂ ਲੱਗ ਰਹੇ ਸਨ ਕਿ ਸਰਕਾਰੀ ਘਰੋਂ ਵਧਾਈ ਆਊ, ਟਵੀਟ 'ਤੇ ਟਵੀਟ ਹੋਣਗੇ। ਗੁਲਦਸਤੇ ਵੀ ਅੱਜ ਭਾਸ਼ਾ ਵਿਭਾਗ ਦੇ ਵਿਹੜੇ 'ਚ ਕਾਹਲੇ ਨਜ਼ਰ ਆਏ ਪਰ ਭਾਸ਼ਾ ਮੰਤਰੀ ਹਰਜੋਤ ਸਿੰਘ ਬੈਂਸ ਕਿਧਰੇ ਨਜ਼ਰ ਨਾ ਆਏ ਜਿਨ੍ਹਾਂ ਬਤੌਰ ਮੁੱਖ ਮਹਿਮਾਨ ਭਾਸ਼ਾ ਵਿਭਾਗ ਦੇ ਸੱਦੇ 'ਤੇ ਪੁੱਜਣਾ ਸੀ। ਸੱਦਾ ਪੱਤਰਾਂ 'ਤੇ ਪਹਿਲਾਂ ਦੀ ਤਰ੍ਹਾਂ ਨਾਮ ਛਪੇ ਛਪਾਏ ਰਹਿ ਗਏ।

ਜਦ ਅੱਜ ਦਿਨ ਚੜ੍ਹਦੇ ਹੀ 'ਰੰਗਲਾ ਪੰਜਾਬ' ਦੇ ਹਰ ਛੋਟੇ ਵੱਡੇ ਨੇਤਾ ਦਾ 'ਐਕਸ' ਖਾਤਾ ਫਰੋਲਿਆ ਤਾਂ ਮੁਬਾਰਕਾਂ ਦੇ ਟਵੀਟ ਨਾਲ ਖਾਤੇ ਜਾਮ ਹੋਏ ਪਏ ਸਨ। ਪਹਿਲਾਂ ਤਾਂ ਮਨੋ ਮਨ ਖ਼ੁਸ਼ੀ ਮਹਿਸੂਸ ਹੋਈ ਕਿ ਚਲੋ 'ਪੰਜਾਬ ਦਿਵਸ' ਦੇ ਹਿੱਸੇ ਨੇਤਾਵਾਂ ਦੇ ਰੰਗਲੇ ਟਵੀਟ ਤਾਂ ਆਏ। ਜਦ ਗਹੁ ਨਾਲ ਨੇੜਿਓਂ ਦੇਖਿਆ ਤਾਂ ਮੁਬਾਰਕਾਂ ਨਾਲ 'ਆਪ' ਦੇ ਪੰਜਾਬ ਇੰਚਾਰਜ ਮਨੀਸ਼ ਸਿਸੋਦੀਆ ਦੀ ਝੋਲੀ ਭਰੀ ਪਈ ਸੀ ਕਿਉਂਜੋ ਲੰਘੇ ਦਿਨ ਉਨ੍ਹਾਂ ਦੇ ਵਿਆਹ ਦੀ ਵਰ੍ਹੇਗੰਢ ਸੀ।



ਪਹਿਲੀ ਨਵੰਬਰ ਦਾ ਦਿਨ, ਅੱਠ ਸੂਬਿਆਂ ਦਾ ਸਥਾਪਨਾ ਦਿਵਸ ਹੁੰਦਾ ਹੈ। ਹਰ ਸੂਬੇ ਨੇ ਆਪੋ ਆਪਣੇ ਸਥਾਪਨਾ ਦਿਵਸ ਮੌਕੇ ਜਸ਼ਨ ਮਨਾਏ ਹਨ। ਕਰਨਾਟਕਾ ਸਰਕਾਰ ਨੇ 70 ਅਹਿਮ ਹਸਤੀਆਂ ਨੂੰ ਅੱਜ ਪੁਰਸਕਾਰ ਵੰਡੇ। ਛੱਤੀਸਗੜ੍ਹ 'ਚ ਪ੍ਰਧਾਨ ਮੰਤਰੀ ਨੇ ਪ੍ਰੋਗਰਾਮਾਂ 'ਚ ਸ਼ਮੂਲੀਅਤ ਕੀਤੀ। ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸੈਣੀ ਨੇ ਵਿਸ਼ੇਸ਼ ਸਮਾਗਮ ਕੀਤੇ। ਪੰਜਾਬ ਸਰਕਾਰ ਨੇ ਅੱਜ 'ਪੰਜਾਬ ਦਿਵਸ' ਮੌਕੇ ਚੁੱਪ ਵੱਟੀ ਰੱਖੀ।

ਸਮਝ ਨੀ ਪੈਂਦੀ ਕਿ ਸਿਆਸਤਦਾਨ 'ਪੰਜਾਬ ਦਿਵਸ' ਦੇ ਮੌਕੇ 'ਤੇ ਡੁੰਨ ਵੱਟੇ ਕਿਉਂ ਬਣ ਜਾਂਦੇ ਹਨ। ਮਾਂ ਬੋਲੀ ਦਾ ਹੋਕਾ ਦੇਣ ਨਾਲ ਕਿਤੇ ਵੋਟਾਂ ਵਾਲੀ ਸੰਦੂਕੜੀ ਭਰਦੀ ਤਾਂ ਅੱਜ 'ਰੰਗਲੇ ਪੰਜਾਬ' ਦੇ ਵਿਹੜੇ 'ਚ ਵਾਜੇ ਵੱਜਣੇ ਸਨ। ਹਰ ਨੇਤਾ ਮਾਂ ਬੋਲੀ ਦੇ ਸਕੇ ਪੁੱਤ ਹੋਣ ਦਾ ਡਰਾਮਾ ਕਰਦਾ। ਉਂਜ, ਜਦੋਂ ਕਿਤੇ ਵਿਰੋਧੀ ਟਿਕਾਣੇ ਲਾਉਣੇ ਹੁੰਦੇ ਹਨ, ਉਦੋਂ ਮਦਾਰੀ ਵਾਂਗੂ ਪਤਾ ਨੀ ਕਿਧਰੋਂ ਮਾਂ ਬੋਲੀ ਆਲਾ ਝੁਰਲੂ ਕੱਢ ਲਿਆਉਂਦੇ ਨੇ।

ਚਰਨਜੀਤ ਭੁੱਲਰ

# ਬਾਬਾ ਨਾਨਕ...




ਬਾਬਾ ਨਾਨਕ ਨਾ ਸਿਰਫ ਮੇਰਾ ਹੈ ਨਾ ਸਿਰਫ ਤੇਰਾ ਹੈ ਉਹ ਕੁੱਲ ਲੋਕਾਈ ਦਾ ਹੈ। ਉਹਨਾਂ ਦੀ ਦਿੱਤੀ ਜੀਵਨ ਜਾਚ ਜਿੰਦਗੀ ਨੂੰ ਸਹੀ ਮਾਇਨਿਆਂ ਵਿੱਚ ਸਮਝ ਲਾਈ ਹੈ। ਬਾਬਾ ਨਾਨਕ ਨੇ ਆਮ ਲੋਕਾਂ ਦੀ ਭਾਸ਼ਾ ਵਿੱਚ ਆਪਣੀ ਗੱਲ ਕਹੀ। ਉਹਨਾਂ ਦਲੇਰੀ ਵਿਖਾਈ ਬਾਬਰ ਨੂੰ ਜਾਬਰ ਕਹਿਣ ਦੀ। ਹੱਕ ਸੱਚ ਦਾ ਹੋਕਾ ਦਿੱਤਾ। ਧਰਮ ਦਾ ਮਰਮ ਸਮਝਾਇਆ। ਇਹ ਦੱਸਿਆ ਕਿ ਵੱਡਾ ਕੌਣ ਹੈ। ਉਹ ਨਹੀਂ ਜਿਸ ਕੋਲ ਬਹੁਤ ਪੈਸਾ ਹੈ ਵੱਡਾ ਉਹ ਹੈ ਜਿਸ ਕੋਲ ਕਿਰਤ ਹੈ ਉਹ ਵੱਡਾ ਹੈ। ਜੋ ਹੱਕ ਸੱਚ ਦੀ ਕਮਾਈ ਕਰਦਾ ਹੈ ਉਹ ਵੱਡਾ ਹੈ। ਜੋ ਵੰਡ ਕੇ ਛਕਦਾ ਹੈ ਉਹ ਵੱਡਾ ਹੈ। ਬਾਬਾ ਨਾਨਕ ਨੇ ਦੱਸਿਆ ਕਿ ਸਾਨੂੰ ਨਾਮ ਜਪਣ ਲਈ ਪਰਮਾਤਮਾ ਨੂੰ ਪ੍ਰਾਪਤ ਕਰਨ ਲਈ ਗਿਆਨ ਪ੍ਰਾਪਤੀ ਲਈ ਘਰ ਬਾਰ ਛੱਡ ਕੇ ਜਾਣ ਦੀ ਲੋੜ ਨਹੀਂ। ਅਸੀਂ ਗ੍ਰਹਿਸਤ ਜੀਵਨ ਵਿੱਚ ਰਹਿੰਦਿਆਂ ਵੀ ਇਹ ਪ੍ਰਾਪਤੀ ਕਰ ਸਕਦੇ ਹਾਂ। ਬਾਬਾ ਨਾਨਕ ਨੇ ਸਾਨੂੰ ਇਕ ਰਾਹ ਵਿਖਾਈ ਹੈ ਸੁਖਾਲੀ ਤੇ ਸੰਤੁਸ਼ਟ ਜਿੰਦਗੀ ਦੀ। ਇਸੇ ਲਈ ਉਹ ਸਭ ਦਾ ਹੈ।

ਨਾਨਕ ਸ਼ਾਹ ਫਕੀਰ
ਹਿੰਦੂ ਕਾ ਗੁਰੂ
ਮੁਸਲਮਾਨ ਕਾ ਪੀਰ

ਜੇਕਰ ਤੁਸੀਂ ਬਾਬੇ ਨਾਨਕ ਦੇ ਸੁਨੇਹੇ ਨੂੰ ਉਸ ਦੀ ਬਾਣੀ ਨੂੰ ਉਸਦੇ ਸ਼ਬਦਾਂ ਨੂੰ ਸਮਝਦੇ ਹੋ ਤਾਂ ਕਰਮ ਕਾਂਡ ਚੋਂ ਨਿਕਲ ਆਓ। ਇਹ ਬਰਬਾਦ ਫੇਰੀਆਂ ਕਰਨੀਆਂ ਪਟਾਕੇ ਚਲਾਉਣੇ ਇਹ ਪ੍ਰਕਾਸ਼ ਉਤਸਵ ਬਣਾਉਣ ਦਾ ਕੋਈ ਤਰੀਕਾ ਨਹੀਂ। ਹਰ ਦੂਜੀ ਦੁਕਾਨ ਤੇ ਲੰਗਰ ਲੱਗਾ ਹੋਇਆ ਹੈ। ਇਸ ਦਾ ਕੀ ਫਾਇਦਾ ਹੈ। ਲੰਗਰ ਉੱਥੇ ਲਾਓ ਜਿੱਥੇ ਉਸਦੀ ਜਰੂਰਤ ਹੈ। ਕੋਸ਼ਿਸ਼ ਕਰੋ ਕੋਈ ਰਾਤ ਨੂੰ ਭੁੱਖਾ ਨਾ ਸੌਂਵੇ।

ਕਿਸੇ ਬਿਮਾਰ ਦੀ ਇਲਾਜ ਵਿੱਚ ਮਦਦ ਕਰੋ। ਇਮਾਨਦਾਰੀ ਨਾਲ ਆਪਣਾ ਕੰਮ ਕਰੋ। ਵਹਿਮਾਂ ਭਰਮਾਂ ਚੋਂ ਬਾਹਰ ਨਿਕਲੋ। ਜਾਤ ਪਾਤ ਨੂੰ ਛੱਡ ਦਿਓ। ਅਸੀਂ ਸਾਰੇ ਮਨੁੱਖ ਇੱਕੋ ਜਿਹੇ ਹਾਂ ਇਸ ਗੱਲ ਨੂੰ ਹਮੇਸ਼ਾ ਯਾਦ ਰੱਖੋ। ਉਹ ਕਰੋ ਜੋ ਬਾਬੇ ਨਾਨਕ ਨੇ ਕਿਹਾ ਹੈ। ਜਿਸਨੇ ਸਾਰਾ ਉਪਦੇਸ਼ ਪਖੰਡਾਂ ਚੋਂ ਕਰਮਕਾਂਡ ਚੋਂ ਭਰਮਾਂ ਚੋਂ ਬਾਹਰ ਨਿਕਲਣ ਲਈ ਦਿੱਤਾ ਉਸ ਨੂੰ ਮੰਨਣ ਲਈ ਅਸੀਂ ਉਹੀ ਸਭ ਅਪਣਾ ਰਹੇ ਹਾਂ। ਅੱਜ ਬਾਬਾ ਨਾਨਕ ਕਿਤੇ ਵੇਖਦਾ ਹੋਵੇ ਤਾਂ ਉਸਨੂੰ ਜਰੂਰ ਦੁੱਖ ਹੋਵੇਗਾ। ਉਸ ਦੇ ਰਾਹ ਤੇ ਚੱਲਣਾ ਹੈ ਤਾਂ ਸੱਚ ਦੇ ਮਾਰਗ ਤੇ ਚੱਲੋ।

ਬਸ ਤਿੰਨ ਮਹੀਨੇ ਹੀ ਤਾਂ ਗੱਲਾਂ ਹਨ।
ਕਿਰਤ ਕਰੋ
ਨਾਮ ਜਪੋ
ਵੰਡ ਛਕੋ

ਆਓ ਬਾਬੇ ਨਾਨਕ ਦੇ ਦਿਖਾਏ ਰਾਹ ਤੇ ਚਲੀਏ।

ਹਰਪ੍ਰੀਤ ਕੌਰ ਸੰਧੂ

# ਮੈਂ ਬਰੂਹਾਂ ਟੱਪੀਆਂ ਵੇਹੜੇ 'ਚ ਦਾਖਿਲ ਹੋਈ...

ਗੋਹਾ ਫੇਰਦੀ ਮਾਂ ਨੂੰ ਚਾਅ ਚੜ ਗਿਆ..ਕੂਹਣੀਆਂ ਨਾਲ ਖਿੱਲਰੇ ਵਾਲ ਉਤਾਂਹ ਕਰਦੀ ਹੋਈ ਮੇਰੇ ਵੱਲ ਨੱਸੀ ਆਈ..!

ਲਿੱਬੜੇ ਹੱਥ ਧੋਣਾ ਵੀ ਭੁੱਲ ਗਈ...।

ਸ਼ਾਇਦ ਕਾਹਲ ਸੀ..ਮੇਰਾ ਹਾਲ ਜਾਨਣ ਦੀ..ਸਹੁਰਿਆਂ ਦੀਆਂ ਕਨਸੋਆਂ ਲੈਣ ਦੀ..! ਪਰ ਉਸਦੀਆਂ ਅੱਖੀਆਂ ਕੁਝ ਲੱਭ ਰਹੀਆਂ ਸਨ..ਸ਼ਾਇਦ ਆਪਣੇ ਫੌਜੀ ਜਵਾਈ ਨੂੰ..ਫੇਰ ਇੱਕੋ ਸਾਹੇ ਕਿੰਨੇ ਸਾਰੇ ਸਵਾਲ..ਸੁਖ ਨਾਲ ਈ ਆਈ ਏਂ..ਉਹ ਨਾਲ ਨੀ ਆਇਆ..ਤੈਨੂੰ ਛੱਡ ਕੇ ਕੌਣ ਗਿਆ..ਸੁਨੇਹਾ ਘੱਲ ਦਿੰਦੀ..ਅੱਗੋਂ ਲੈਣ ਆ ਜਾਂਦੇ..! ਫੇਰ ਮੇਰੇ ਢਿੱਡ ਵੱਲ ਵੇਖਦੀ ਹੋਈ ਹੱਸ ਪਈ..ਅੱਖੀਆਂ ਨਾਲ ਪੁੱਛਿਆ ਇੱਕ ਸਵਾਲ ਮੇਰੇ ਵਜੂਦ ਅੰਦਰ ਧਸ ਗਿਆ..!

ਮੈਂ ਗੱਲ ਹੋਰ ਪਾਸੇ ਪਾਉਣੀ ਚਾਹੀ..ਪਰ ਪਾਣੀ ਦਾ ਗਲਾਸ ਫੜਾਉਂਦੀ ਹੋਈ ਲਗਾਤਾਰ ਮੇਰੇ ਮੂੰਹ ਵੱਲ ਵੇਖੀ ਜਾ ਰਹੀ ਸੀ..ਭੱਜ ਕੇ ਗਈ..ਨਲਕਾ ਗੇੜ ਲਿੱਬੜੇ ਹੱਥ ਧੋਤੇ..ਫੇਰ ਕਿਸੇ ਕਨਸੋਅ ਦੀ ਕੰਨੀ ਫੜ ਮੈਨੂੰ ਅੰਦਰ ਲੈ ਗਈ..!

ਸ਼ਾਇਦ ਸੋਚ ਰਹੀ ਸੀ ਕੇ ਇਸਤੋਂ ਪਹਿਲਾਂ ਕੋਈ ਹੋਰ ਨਾ ਆ ਜਾਵੇ..ਸਾਰੀਆਂ ਗੱਲਾਂ ਪੁੱਛ ਲਵਾਂ!

ਮੈਂ ਫੌਜੀ ਬਾਰੇ ਦੱਸਿਆ..ਉਹ ਮੈਨੂੰ ਲਾਹ ਕੇ ਸਿੱਧਾ ਖੂਹ ਵੱਲ ਨੂੰ ਹੋ ਤੁਰਿਆ..ਮਾਹੌਲ ਵਿਚ ਖਿੱਲਰੀ ਨਿੱਕਲਦੇ ਤਾਜੇ ਗੁੜ ਦੀ ਖੁਸ਼ਬੋ ਉਸਨੂੰ ਓਧਰ ਨੂੰ ਲੈ ਤੁਰੀ..!

ਮੇਰੀ ਵੀ ਕੋਸ਼ਿਸ਼ ਸੀ..ਸਾਰਾ ਕੁਝ ਇੱਕੋ ਸਾਹੇ ਵੇਖ ਲਵਾਂ..ਲਾਵਾਂ ਫੇਰਿਆਂ ਮਗਰੋਂ ਤੋਰ ਦਿੱਤੀ ਗਈ ਦੇ ਘਰ ਦੀ ਇੱਕ ਇੱਕ ਨੁੱਕਰ..ਫੇਰ ਬਹਾਨੇ ਜਿਹੇ ਨਾਲ ਚੋਂਕੇ ਵਿਚ ਗਈ..!

ਏਨੇ ਨੂੰ ਵੇਹੜੇ ਵਿਚ ਰੌਣਕਾਂ ਲੱਗਣੀਆਂ ਸ਼ੁਰੂ ਹੋ ਗਈਆਂ..ਮਾਂ ਮੇਰੇ ਕੰਨ ਵਿਚ ਕੁਝ ਗੱਲਾਂ ਦੱਸਦੀ ਗਈ..ਫਲਾਣੇ ਨੇ ਇੰਝ ਕੀਤਾ..ਉਂਝ ਕੀਤਾ..ਉਸ ਨਾਲ ਬੋਲਚਾਲ ਹੈਨੀ..ਫਲਾਣੇ ਦੇ ਮੁੰਡਾ..ਫਲਾਣੇ ਦੇ ਕੁੜੀ..ਹੋਰ ਵੀ ਕਿੰਨਾ ਕੁਝ ! ਰਹਿ ਗਏ ਬਾਕੀ ਦੇ ਵੇਹੜੇ ਵਿਚ ਗੋਹਾ ਫੇਰਨ ਕਿਸੇ ਨੂੰ ਸੁਨੇਹਾ ਘੱਲ ਦਿੱਤਾ..! ਜਲੰਧਰ ਰੇਡੀਓ ਤੋਂ ਦੁਪਹਿਰ ਵੇਲੇ ਚੱਲਦਾ ਇੱਕ ਗੀਤ ਮੇਰੇ ਲੂ-ਕੰਡੇ ਖੜੇ ਕਰ ਗਿਆ "ਮਾਵਾਂ ਤੇ ਧੀਆਂ ਰਲ ਬੈਠੀਆਂ ਨੀ ਮਾਏਂ..ਕੋਈ ਕਰਦੀਆਂ ਗੱਲਾਂ ਨੀ ਆਣ..ਨੀ ਕਣਕਾਂ ਲੰਮੀਆਂ ਧੀਆਂ ਕਿਓਂ ਜੰਮੀਆਂ ਨੀ ਮਾਏਂ"

ਮੇਰੀਆਂ ਅੱਖਾਂ ਭਰ ਆਈਆਂ..ਹੰਝੂ ਵੇਖ ਉਸਦਾ ਸ਼ੱਕ ਹੋਰ ਪੱਕਾ ਹੋ ਗਿਆ..ਦੋਬਾਰਾ ਜ਼ੋਰ ਦੇ ਕੇ ਪੁੱਛਣ ਲੱਗੀ "ਦੱਸ ਸਭ ਕੁਝ ਠੀਕ ਤੇ ਹੈਂ ਨਾ..ਕੋਈ ਤੰਗ ਪ੍ਰੇਸ਼ਾਨ ਤੇ ਨੀ ਕਰਦਾ"?

ਏਨੇ ਨੂੰ ਗੀਤ ਦੀ ਅਗਲੀ ਲਾਈਨ ਵੱਜ ਤੁਰੀ.."ਮਾਵਾਂ ਤੇ ਧੀਆਂ ਦੀ ਦੋਸਤੀ ਨੀ ਮਾਏ..ਕੋਈ ਟੁੱਟਦੀ ਈ ਕਹਿਰਾਂ ਦੇ ਨਾਲ..ਨੀ ਕਣਕਾਂ ਨਿੱਸਰੀਆਂ..ਧੀਆਂ ਕਿਓਂ ਵਿਸਰੀਆਂ ਨੀ ਮਾਏਂ"..ਇਸ ਵਾਰ ਮੈਂ ਮਾਂ ਨੂੰ ਜੱਫੀ ਪਾ ਲਈ..ਉਸਦੇ ਵੀ ਹੰਝੂ ਵਹਿ ਤੁਰੇ..!

ਅਚਾਨਕ ਮੇਰਾ ਤ੍ਰਾਹ ਨਿੱਕਲ ਗਿਆ.."ਹਾਇ ਮੇਰਾ ਮਨੀ-ਪਲਾਂਟ ਕਿਥੇ ਗਿਆ..ਆਖਣ ਲੱਗੀ..ਜਗਾ ਬਦਲੀ ਸੀ ਫੇਰ ਸੁੱਕ ਗਿਆ..!

ਮੈਂ ਗੁੱਸੇ ਨਾਲ ਪੁੱਛਿਆ "ਉਸਦੀ ਜਗਾ ਬਦਲੀ ਹੀ ਕਿਓਂ ਸੀ ਤੁਸਾਂ?

ਆਖਣ ਲੱਗੀ ਤੇਰੇ ਵੀਰ ਦੇ ਵਿਆਹ ਦੇ ਨਵੇਂ ਕੋਠੇ ਲਈ ਮਿਸਤਰੀ ਡਾਹੇ ਸਨ...ਉਹਨਾਂ ਦੇ ਰਾਹ ਵਿਚ ਆਉਂਦਾ ਸੀ..ਇੱਕ ਦਿਨ ਬਿਨਾ ਦੱਸਿਆ ਚੁੱਕ ਕੇ ਧੁੱਪੇ ਰੱਖ ਦਿੱਤਾ!

ਮਨ ਵਿਚ ਸੋਚ ਰਹੀ ਸਾਂ..ਜੇ ਮਨੀ ਪਲਾਂਟ ਜਗਾ ਬਦਲਣ ਤੇ ਸੁੱਕ ਸਕਦਾ ਏ ਤਾਂ ਧੀਆਂ ਕਿਓਂ ਨਹੀਂ..ਪਰ ਅਸੀਂ ਤੇ ਸੁੱਕ ਵੀ ਨਹੀਂ ਸਕਦੀਆਂ..ਸਾਡੇ ਦੁਖਾਂ ਸੁਖਾਂ ਨਾਲ ਤੇ ਜੰਮਣ ਵਾਲਿਆਂ ਦੀ ਸ਼ਾਹ ਰਗ ਜੁੜੀ ਹੁੰਦੀ ਏ..ਸਾਨੂੰ ਹਰ ਹਾਲਤ ਵਿਚ ਖੁਸ਼ ਹੋ ਕੇ ਵਿਖਾਉਣਾ ਹੀ ਪੈਂਦਾ!

ਨਹੀਂ ਤੇ ਇਹ ਸਦੀਵੀਂ ਸੁੱਕ ਜਾਣਗੇ..ਸੜ ਜਾਣਗੇ..ਅੰਦਰੋਂ ਅੰਦਰੀ ਮਰ ਵੀ ਜਾਣਗੇ..ਢਿੱਡੋਂ ਜੰਮੀਆਂ ਦੇ ਦੁੱਖ ਜਰਨੇ ਕਿਹੜੇ ਸੌਖੇ..! ਏਨੀ ਗੱਲ ਸੋਚ ਮੈਂ ਖਿੜ ਖਿੜਾ ਕੇ ਹੱਸ ਪਈ..ਉਚੀ ਸਾਰੀ..ਕਹਿਕਹੇ ਲਾ ਕੇ..ਮਾਂ ਹੈਰਾਨ ਪ੍ਰੇਸ਼ਾਨ ਪਰ ਦੂਰੋਂ ਦੱਬੀ ਜਿਹੀ ਇੱਕ ਅਵਾਜ ਕੰਨੀ ਪਈ.."ਕਰਮਾ ਵਾਲੀ ਏ..ਕਿੰਨੇ ਚੰਗੇ ਸਹੁਰੇ ਮਿਲੇ..ਰੂਪ ਡੁੱਲ ਡੁੱਲ ਪੈ ਰਿਹਾ ਏ"।

ਪਰ ਸਿਰੇ ਦੇ ਕਲਾਕਾਰ ਇਹ ਧੀ ਅੰਦਰੋਂ ਅੰਦਰ ਰੋ ਰਹੀ ਸੀ..ਜ਼ਾਰੋ-ਜਾਰ..ਸ਼ਾਇਦ ਆਪਣੇ ਸੁੱਕ ਗਏ ਮਨੀ ਪਲਾਂਟ ਨੂੰ ਯਾਦ ਕਰਕੇ..ਪਰ ਅਸਲ ਵਿਚ ਇਸਤੋਂ ਕਲਾਕਾਰੀ ਦਾ ਬੋਝ ਝੱਲਿਆ ਨਹੀਂ ਸੀ ਜਾ ਰਿਹਾ!

ਹਰਪ੍ਰੀਤ ਸਿੰਘ ਜਵੰਦਾ

CANADIAN TRUCK TRAINING CENTRE





ਹਰਪਾਲ ਸਿੰਘ ਮਾਨ

ਤਸੱਲੀਬਖਸ਼ ਸੇਵਾਵਾਂ ਲਈ
* ਪੰਜਾਬੀ ਵਿੱਚ ਰਿਟਨ ਟੈਸਟ ਦਾ ਵਿਸ਼ੇਸ਼ ਪ੍ਰਬੰਧ,
* ਕੰਮ ਲੱਭ ਕੇ ਦੇਣ ਦੀ ਵੀ ਗਰੰਟੀ

Approved private career college,
Training Classes for Air Brakes,
Dangerous Goods & Log Book

7270 Torbram Road, Unit 2 & 3
Mississauga (Torbram & Drew)
905-673-7200
416-294-1662

UNIVERSAL MORTGAGES
CALL MUNISH TEGI
Mortgage Agent Level1
LIC# M14000011
BROKERAGE LIC#10039



416-317-3487
Need to refinance or payout an existing mortgage?
WE'VE SOLUTION FOR ALL YOUR MORTGAGE NEEDS

# 'ਬੋਨੀਗਲੇਨ ਫਾਰਮ ਪਾਰਕ ਸੀਨੀਅਰਜ਼ ਕਲੱਬ' ਨੇ ਮੈਂਟਲ ਹੈੱਲਥ ਸਬੰਧੀ ਕਰਵਾਇਆ ਸੈਮੀਨਾਰ

## ਮੁੱਖ-ਬੁਲਾਰੇ ਕਮਿਊਨਿਟੀ ਦੀ ਜਾਣੀ-ਪਛਾਣੀ ਸ਼ਖ਼ਸੀਅਤ ਸੁਖਦੇਵ ਸਿੰਘ ਬੇਦੀ ਸਨ





ਕੈਲੇਡਨ, (ਡਾ. ਝੰਡ) – ਪਿਛਲੇ ਮੰਗਲਵਾਰ 28 ਅਕਤੂਬਰ ਨੂੰ 'ਬੋਨੀਗਲੇਨ ਫਾਰਮ ਪਾਰਕ ਸੀਨੀਅਰਜ਼ ਕਲੱਬ' ਵੱਲੋਂ ਮੈਂਟਲ ਹੈੱਲਥ ਸਬੰਧੀ ਸੈਮੀਨਾਰ ਆਯੋਜਿਤ ਕੀਤਾ ਗਿਆ ਜਿਸ ਵਿੱਚ ਮੁੱਖ-ਬੁਲਾਰੇ ਕਮਿਊਨਿਟੀ ਦੀ ਜਾਣੀ-ਪਛਾਣੀ ਸ਼ਖ਼ਸੀਅਤ ਪੰਜਾਬ ਐਂਡ ਸਿੰਧ ਬੈਂਕ ਦੇ ਸਾਬਕਾ ਅਧਿਕਾਰੀ ਸੁਖਦੇਵ ਸਿੰਘ ਬੇਦੀ ਸਨ। ਆਪਣੇ ਸੰਬੋਧਨ ਵਿੱਚ ਉਨ੍ਹਾਂ ਵੱਲੋਂ ਬੁਢਾਪੇ ਵਿੱਚ ਬਜ਼ੁਰਗਾਂ ਨੂੰ ਦਰਪੇਸ਼ ਮੁਸ਼ਕਲਾਂ ਦਿਮਾਗ਼ੀ ਪ੍ਰੇਸ਼ਾਨੀ, ਚਿੰਤਾ, ਕਮਜ਼ੋਰ ਯਾਦ-ਸ਼ਕਤੀ, ਡਿਪਰੈਸ਼ਨ ਤੇ ਡੇਮੈਂਸ਼ੀਆ, ਆਦਿ ਹਾਲਤਾਂ ਦੇ ਕਾਰਨ, ਚੁਣੌਤੀਆਂ ਅਤੇ ਇਨ੍ਹਾਂ ਦੇ ਇਲਾਜ ਬਾਰੇ ਬਹੁਮੁੱਲੇ ਵਿਚਾਰ ਪੇਸ਼ ਕੀਤੇ ਗਏ। ਕਲੱਬ ਦੇ 75-80 ਮੈਂਬਰਾਂ ਨੇ ਇਸ ਸੈਮੀਨਾਰ ਦਾ ਲਾਭ ਉਠਾਇਆ।

ਪ੍ਰੋਗਰਾਮ ਦੇ ਆਰੰਭ ਵਿੱਚ ਕਲੱਬ ਦੇ ਜਨਰਲ ਸਕੱਤਰ ਮਲੂਕ ਸਿੰਘ ਕਾਹਲੋਂ ਵੱਲੋਂ ਸਮਾਗਮ ਦੀ ਰੂਪ-ਰੇਖਾ ਬਾਰੇ ਸੰਖੇਪ ਵਿੱਚ ਦੱਸਦਿਆਂ ਕਿਹਾ ਕਿ ਇਹ ਕਲੱਬ ਮਹਿਜ਼ ਇਸਦੇ ਮੈਂਬਰਾਂ ਦਾ ਇਕੱਠ ਨਹੀਂ ਹੈ, ਸਗੋਂ ਇਹ ਇੱਕ ਪਰਿਵਾਰ ਦੀ ਨਿਆਈਂ ਹੈ, ਜਿੱਥੇ ਇਸ ਦੇ ਮੈਂਬਰ ਭਾਵਨਾਤਮਿਕ ਮਾਹੌਲ ਵਿੱਚ ਵਿਚਰਦਿਆਂ ਹੋਇਆਂ ਆਪਣਾ ਦੁੱਖ-ਸੁੱਖ ਸਾਂਝਾ ਕਰਦੇ ਹਨ। ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਦੇ ਸੈਮੀਨਾਰਾਂ ਰਾਹੀਂ ਅਸੀਂ ਦਿਮਾਗ਼ੀ ਸਿਹਤ ਨਾਲ ਸਬੰਧਿਤ ਬੀਮਾਰੀਆਂ ਬਾਰੇ ਕਲੱਬ ਦੇ ਮੈਂਬਰਾਂ ਵਿੱਚ ਜਾਗਰੂਕਤਾ ਪੈਦਾ ਕਰਨ ਦੀ ਕੋਸ਼ਿਸ਼ ਕਰਦੇ ਹਾਂ ਅਤੇ ਆਪਣੇ ਸੀਨੀਅਰ ਸਾਥੀਆਂ ਨੂੰ ਤੰਦਰੁਸਤੀ, ਖ਼ੁਸ਼ੀ ਤੇ ਸ਼ਾਂਤੀ ਭਰਪੂਰ ਜੀਵਨ ਜਿਊਣ ਵਿੱਚ ਸਹਾਇਤਾ ਕਰਦੇ ਹਾਂ।

ਕਲੱਬ ਦੇ ਪ੍ਰਧਾਨ ਤਰਲੋਚਨ ਸਿੰਘ ਗਰੇਵਾਲ ਵੱਲੋਂ ਆਏ ਹੋਏ ਮੈਂਬਰਾਂ ਤੇ ਮਹਿਮਾਨਾਂ ਨੂੰ ਨਿੱਘੀ 'ਜੀ ਆਇਆਂ' ਕਹੇ ਜਾਣ ਤੋਂ ਬਾਅਦ ਸਮਾਗਮ ਦੇ ਮੁੱਖ-ਵਕਤਾ ਸ. ਸੁਖਦੇਵ ਸਿੰਘ ਬੇਦੀ ਨੂੰ ਮੈਂਟਲ ਹੈੱਲਥ ਬਾਰੇ ਆਪਣੇ ਵਿਚਾਰ ਪੇਸ਼ ਕਰਨ ਲਈ ਬੇਨਤੀ ਕੀਤੀ ਗਈ। ਆਪਣੇ ਸੰਬੋਧਨ 'ਚ ਮੈਂਟਲ ਹੈੱਲਥ ਬਾਰੇ ਨੁਕਤੇ ਸਾਂਝੇ ਕਰਦਿਆਂ ਉਨ੍ਹਾਂ ਨੇ ਕਿਹਾ, "ਮੈਂਟਲ ਹੈੱਲਥ ਕੋਈ ਦਿਮਾਗ਼ੀ ਕਮਜ਼ੋਰੀ ਜਾਂ ਬੀਮਾਰੀ ਨਹੀਂ ਹੈ, ਸਗੋਂ ਇਹ ਸਮੁੱਚੀ ਸਿਹਤ ਦਾ ਇੱਕ ਮਹੱਤਵਪੂਰਨ ਭਾਗ ਹੈ, ਜਿਸ ਦੇ ਨਾਲ ਨਜਿੱਠਣ ਲਈ ਅਸੀਂ ਇੱਕ ਦੂਸਰੇ ਦੀ ਮਦਦ ਕਰ ਸਕਦੇ ਹਾਂ। ਅਸੀਂ ਆਪਣੇ ਸਾਥੀਆਂ ਦੀਆਂ ਗੱਲਾਂ ਆਰਾਮ ਨਾਲ ਸੁਣ ਕੇ ਉਨ੍ਹਾਂ ਦੀ ਹੌਸਲਾ-ਅਫ਼ਜ਼ਾਈ ਕਰ ਸਕਦੇ ਹਾਂ ਅਤੇ ਕਮਿਊਨਿਟੀ ਮੈਂਬਰਾਂ ਵਿੱਚ ਨਵੇਂ ਜੀਵਨ ਦੀ ਆਸ ਪੈਦਾ ਕਰ ਸਕਦੇ ਹਾਂ।"

ਉਨ੍ਹਾਂ ਹੋਰ ਕਿਹਾ ਕਿ ਪੰਜਾਬੀ ਕਮਿਊਨਿਟੀ ਵਿੱਚ ਸਾਡੇ ਬਹੁਤ ਸਾਰੇ ਸਾਥੀ ਪੰਜਾਬ ਵਿੱਚ ਬਿਤਾਏ ਹੋਏ ਆਪਣੇ ਵਧੀਆ ਦਿਨਾਂ ਨੂੰ ਯਾਦ ਕਰਕੇ ਝੂਰਦੇ ਰਹਿੰਦੇ ਹਨ ਜੋ ਦਿਮਾਗ਼ੀ ਪ੍ਰੇਸ਼ਾਨੀ ਤੇ ਚਿੰਤਾ ਦਾ ਮੁੱਖ ਕਾਰਨ ਬਣਦਾ ਹੈ। ਡੇਮੈਂਸ਼ਿਆ ਦੇ ਮੁੱਢਲੇ ਲੱਛਣਾਂ ਬਾਰੇ ਗੱਲ ਕਰਦਿਆਂ ਉਨ੍ਹਾਂ ਦੱਸਿਆ ਕਿ ਕਿਵੇਂ ਅਸੀਂ ਆਪਣੇ ਜੀਵਨ ਵਿੱਚ ਕਾਰਜਸ਼ੀਲ ਰਹਿ ਕੇ ਅਤੇ ਸਮਾਜ ਵਿੱਚ ਘੁਲ-ਮਿਲ ਕੇ ਵਿਚਰਦਿਆਂ ਹੋਇਆਂ ਆਪਣੇ ਆਪ ਨੂੰ ਇਸ ਰੋਗ ਤੋਂ ਦੂਰ ਰੱਖ ਸਕਦੇ ਹਾਂ।

ਉਨ੍ਹਾਂ ਇਹ ਵੀ ਕਿਹਾ ਕਿ ਚੱਲਣ ਲੱਗਿਆਂ ਅਸੀਂ ਆਮ ਤੌਰ 'ਤੇ ਸੱਜਾ ਪੈਰ ਪਹਿਲਾਂ ਅੱਗੇ ਧਰਦੇ ਹਾਂ ਅਤੇ ਹੋਰ ਕਈ ਕੰਮ ਕਰਦਿਆਂ ਵੀ ਆਪਣੇ ਸੱਜੇ ਹੱਥ ਦੀ ਵਧੇਰੇ ਵਰਤੋਂ ਕਰਦੇ ਹਾਂ। ਦਿਮਾਗ਼ ਨੂੰ ਚੁਸਤ-ਦਰੁੱਸਤ ਰੱਖਣ ਲਈ ਸਾਨੂੰ ਆਪਣੀ ਇਸ ਆਦਤ ਨੂੰ ਵਿੱਚ-ਵਾਰ ਕਦੇ ਕਦੇ ਬਦਲ ਲੈਣਾ ਚਾਹੀਦਾ ਹੈ। ਉਨ੍ਹਾਂ ਦੱਸਿਆ ਕਿ ਮਨੋ-ਵਿਗਿਆਨੀਆਂ ਦਾ ਕਹਿਣਾ ਹੈ ਕਿ ਇਸ ਤਰ੍ਹਾਂ ਕਰਨ ਨਾਲ ਵੀਅਸੀਂ ਡਿਮੈਂਸ਼ੀਆ ਨੂੰ ਵੱਧਣ ਤੋਂ ਰੋਕ ਸਕਦੇ ਹਾਂ। ਸਮਾਜ-ਸੇਵੀ ਕੰਮਾਂ ਵਿੱਚ ਭਾਗ ਲੈਣ ਅਤੇ ਕਮਿਊਨਿਟੀ ਵਿੱਚ ਵਾਲੰਟੀਅਰ ਵਜੋਂ ਕੰਮ ਕਰਨ ਨਾਲ ਆਪਣੇ ਆਪ ਨੂੰ ਰੁਝੇਵਿਆਂ ਭਰਪੂਰ ਰੱਖਿਆ ਜਾ ਸਕਦਾ ਹੈ ਜਿਸ ਨਾਲ ਇਸ ਰੋਗ ਅਤੇ ਦਿਮਾਗ਼ੀ ਪ੍ਰੇਸ਼ਾਨੀਆਂ ਤੋਂ ਕਾਫ਼ੀ ਹੱਦ ਤੀਕ ਛੁਟਕਾਰਾ ਪਾਇਆ ਜਾ ਸਕਦਾ ਹੈ। ਕਲੱਬ ਦਾ ਇਹ ਸਮਾਗਮ ਗੁਰੂ ਨਾਨਕ ਦੇਵ ਜੀ ਨੂੰ ਸਮੱਰਪਿਤ ਕੀਤਾ ਗਿਆ। ਸੈਮੀਨਾਰ ਤੋਂ ਬਾਅਦ ਸਮਾਗਮ ਦੇ ਦੂਸਰੇ ਭਾਗ ਦੇ ਆਰੰਭ ਵਿੱਚ ਉੱਘੀ-ਗਾਇਕਾ ਰਿੰਟੂ ਭਾਟੀਆ ਨੇ ਗੁਰੂ ਨਾਨਕ ਦੇਵ ਜੀ ਦੀ 'ਬ੍ਰਹਿਮੰਡੀ ਆਰਤੀ' ਦਾ ਸ਼ਬਦ "ਕੈਸੀ ਆਰਤੀ ਹੋਇ ਭਵਖੰਡਨਾ ਤੇਰੀ ਆਰਤੀ" ਆਪਣੀ ਸੁਰੀਲੀ ਆਵਾਜ਼ ਵਿੱਚ ਗਾਇਆ। ਉਪਰੰਤ, ਹਰਮੇਸ਼ ਜੀਂਦੋਵਾਲ ਤੇ ਬੇਅੰਤ ਕੌਰ ਗੋਰਾਇਆ ਨੇ ਗੁਰੂ ਸਾਹਿਬ ਬਾਰੇ ਗੀਤ ਗਾਏ ਅਤੇ ਜਗਸੀਰ ਸਿੰਘ ਧੀਰ ਤੇ ਮਲੂਕ ਸਿੰਘ ਕਾਹਲੋਂ ਵੱਲੋਂ ਕਵਿਤਾਵਾਂ ਪੇਸ਼ ਕੀਤੀਆਂ ਗਈਆਂ। ਇਸ ਦੌਰਾਨ ਮਾਸਟਰ ਭੁਪਿੰਦਰ ਸਿੰਘ ਨੇ ਆਪਣੇ ਸੰਬੋਧਨ ਵਿੱਚ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ 'ਤੇ ਅਮਲ ਕਰਨ ਲਈ ਜ਼ੋਰ ਦਿੱਤਾ। ਸਮਾਗ਼ਮ ਵਿੱਚ ਕਲੱਬ ਦੇ ਅਹੁਦੇਦਾਰ ਕੈਸ਼ੀਅਰ ਗੁਰਦੇਵ ਸਿੰਘ ਸੇਖੋਂ ਅਤੇ ਕਾਰਜਕਾਰਨੀ ਕਮੇਟੀ ਦੇ ਮੈਂਬਰਾਂ ਰਘਬੀਰ ਸਿੰਘ ਉਭੀ, ਬਲਦੇਵ ਸਿੰਘ ਢੇਸੀ, ਸੁਰਜੀਤ ਸਿੰਘ ਵਿਰਕ, ਹਰਚਰਨ ਸਿੰਘ ਟਿਵਾਣਾ, ਜਰਨੈਲ ਸਿੰਘ ਬਰਾੜ ਤੇ ਬਲਜੀਤ ਸਿੰਘ ਗਿੱਲ ਤੋਂ ਇਲਾਵਾ ਕੁਲਦੀਪ ਸਿੰਘ, ਸੁਰਜੀਤ ਸਿੰਘ ਖਹਿਰਾ, ਮਿਹਰ ਸਿੰਘ ਸੋਹੀ, ਜਸਵੰਤ ਸਿੰਘ ਗਰੇਵਾਲ, ਹਰਬੰਸ ਸਿੰਘ ਗਿੱਲ, ਅਮਰਜੀਤ ਸਿੰਘ ਸੈਂਪਲੇ, ਮੇਜਰ ਸਿੰਘ ਸਰਾਂ, ਹਰਪਾਲ ਸਿੰਘ ਭਾਟੀਆ, ਹੁਨਰਪ੍ਰੀਤ ਸਿੰਘ ਕਾਹਲੋਂ, ਹਰਲਿਵਲੀਨ ਸਿੰਘ ਕਾਹਲੋਂ, ਕੁਲਭੂਸ਼ਨ ਕੌੜਾ, ਜਗਦੀਸ਼ ਕੌਰ ਕਾਹਲੋਂ ਤੇ ਕਈ ਹੋਰ ਅਹਿਮ ਸ਼ਖ਼ਸੀਅਤਾਂ ਸ਼ਾਮਲ ਸਨ। 'ਫ਼ਲਾਵਰ ਸਿਟੀ ਫ਼ਰੈਂਡਜ਼ ਕਲੱਬ' ਦੇ ਚੇਅਰਪਰਸਨ ਗਿਆਨ ਪਾਲ ਅਤੇ ਇਸ ਦੀ ਕਾਰਜਕਾਰਨੀ ਕਮੇਟੀ ਦੇ ਸਰਗਰਮ ਮੈਂਬਰ ਰਾਮ ਸਿੰਘ ਵੱਲੋਂ ਇਸ ਸਮਾਗਮ ਵਿੱਚ ਉਚੇਚੇ ਤੌਰ 'ਤੇ ਸ਼ਮੂਲੀਅਤ ਕੀਤੀ ਗਈ। ਇਸ ਮੌਕੇ ਚਾਹ-ਪਾਣੀ ਤੇ ਖਾਣ-ਪੀਣ ਦਾ ਪ੍ਰਬੰਧ ਮਲੂਕ ਸਿੰਘ ਕਾਹਲੋਂ ਤੇ ਉਨ੍ਹਾਂ ਦੇ ਪਰਿਵਾਰ ਵੱਲੋਂ ਕੀਤਾ ਗਿਆ।

# ਪੰਜਾਬ ਕਾਂਗਰਸ ਪ੍ਰਧਾਨ ਰਾਜਾ ਵੜਿੰਗ 'ਤੇ FIR, ਬੂਟਾ ਸਿੰਘ ਖਿਲਾਫ਼ ਦਿੱਤੇ ਬਿਆਨ 'ਤੇ ਹੋਇਆ ਐਕਸ਼ਨ



ਪੰਜਾਬ ਕਾਂਗਰਸ ਦੇ ਪ੍ਰਧਾਨ ਅਤੇ ਲੁਧਿਆਣਾ ਕਾਂਗਰਸ ਦੇ ਸੰਸਦ ਮੈਂਬਰ ਅਮਰਿੰਦਰ ਸਿੰਘ ਰਾਜਾ ਵੜਿੰਗ ਵਿਰੁੱਧ ਕਪੂਰਥਲਾ ਵਿੱਚ ਐਫਆਈਆਰ ਦਰਜ ਕੀਤੀ ਗਈ ਹੈ। ਇਹ ਮਾਮਲਾ ਸਾਬਕਾ ਗ੍ਰਹਿ ਮੰਤਰੀ ਬੂਟਾ ਸਿੰਘ ਵਿਰੁੱਧ ਉਨ੍ਹਾਂ ਦੀਆਂ ਟਿੱਪਣੀਆਂ ਤੋਂ ਦਰਜ ਕੀਤਾ ਗਿਆ ਹੈ। ਬੂਟਾ ਸਿੰਘ ਦੇ ਪੁੱਤਰ ਸਰਬਜੋਤ ਸਿੰਘ ਸਿੱਧੂ ਨੇ ਪੁਲਿਸ ਕੋਲ ਸ਼ਿਕਾਇਤ ਦਰਜ ਕਰਵਾਈ ਸੀ।

ਰਾਜਾ ਵੜਿੰਗ ਵਿਰੁੱਧ ਆਈਪੀਸੀ ਦੀ ਧਾਰਾ 353 ਅਤੇ 196 ਦੇ ਨਾਲ-ਨਾਲ SC/ST ਐਕਟ ਦੀ ਧਾਰਾ 3(1)(u) ਅਤੇ 3(1)(v) ਦੇ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ। ਕੱਲ੍ਹ ਹੀ 'ਆਪ' ਸਰਕਾਰ ਦੇ ਵਿੱਤ ਮੰਤਰੀ ਹਰਪਾਲ ਚੀਮਾ ਨੇ ਐਲਾਨ ਕੀਤਾ ਸੀ ਕਿ ਵੜਿੰਗ ਵਿਰੁੱਧ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਰਾਜਾ ਵੜਿੰਗ ਨੇ ਮੁਆਫ਼ੀ ਮੰਗ ਲਈ ਹੈ, ਪਰ ਮਾਮਲਾ ਅਜੇ ਵੀ ਸੁਲਝਿਆ ਨਹੀਂ ਹੈ। ਰਾਸ਼ਟਰੀ ਐਸਸੀ ਕਮਿਸ਼ਨ ਨੇ ਤਰਨਤਾਰਨ ਦੇ ਡਿਪਟੀ ਕਮਿਸ਼ਨਰ ਅਤੇ ਐਸਐਸਪੀ ਤੋਂ ਵੜਿੰਗ ਵਿਰੁੱਧ ਕਾਰਵਾਈ ਸਬੰਧੀ ਸੱਤ ਦਿਨਾਂ ਦੇ ਅੰਦਰ ਜਵਾਬ ਮੰਗਿਆ ਹੈ।

ਪੰਜਾਬ ਐਸਸੀ ਕਮਿਸ਼ਨ ਨੇ ਜ਼ਿਲ੍ਹਾ ਚੋਣ ਅਧਿਕਾਰੀ ਨੂੰ ਵੀ ਤਲਬ ਕਰ ਲਿਆ, ਜਿਸ ਵਿਚ ਪੁੱਛਿਆ ਕਿ ਉਨ੍ਹਾਂ ਨੇ ਅਜੇ ਤੱਕ ਵੜਿੰਗ ਨੂੰ ਜ਼ਿਲ੍ਹੇ ਤੋਂ ਬਾਹਰ ਤੜੀਪਾਰ ਕਿਉਂ ਨਹੀਂ ਕੀਤਾ। ਦੱਸ ਦੇਈਏ ਕਿ ਬੂਟਾ ਸਿੰਘ ਸੀਨੀਅਰ ਸ਼ਫ਼ ਕਾਂਗਰਸ ਨੇਤਾ ਤ ਕੌਮੀ ਪੱਧਰ ਦੇ ਸਿਆਸਤਦਾਨ ਸਨ। ਉਹ ਅੱਠ ਵਾਰ ਲੋਕ ਸਭਾ ਸਾਂਸਦ ਬਣੇ, ਦੇਸ਼ ਦੇ ਗ੍ਰਹਿ ਮੰਤਰੀ ਤੇ ਰੇਲ ਮੰਤਰੀ ਰਹੇ। ਬਿਹਾਰ ਦੇ ਰਾਜਪਾਲ ਤੇ ਐੱਸ.ਸੀ. ਕਮਿਸ਼ਨ ਦੇ ਚੇਅਰਮੈਨ ਰਹੇ। ਉਨ੍ਹਾਂ ਨੇ 1982 ਦੇ ਦਿੱਲੀ ਏਸ਼ੀਆਈ ਖੇਡਾਂ ਦੇ ਆਯੋਜਨ ਵਿਚ ਵੀ ਅਹਿਮ ਭੂਮਿਕਾ ਨਿਭਾਈ ਸੀ।

# ਐਸੋਸੀਏਸ਼ਨ ਆਫ਼ ਸੀਨੀਅਰਜ ਕਲੱਬਜ ਦੇ ਮੈਂਬਰ 1 ਨਵੰਬਰ ਨੂੰ ਐਪਲ ਵੈਲੀ ਵੇਅ ਦੇ ਸਥਾਨ ਤੇ ਰੁੱਖ ਲਗਾਉਣ ਦੀ ਮੁਹਿੰਮ 'ਚ ਸ਼ਾਮਲ ਹੋਏ




ਮਹਿੰਦਰ ਸਿੰਘ ਮੋਹੀ



ਨਵੰਬਰ 1984 ਵਿੱਚ ਦਿੱਲੀ ਤੇ ਭਾਰਤ ਦੇ ਹੋਰ ਸ਼ਹਿਰਾਂ ਵਿੱਚ ਹੋਏ ਸਿਖਾਂ ਦੇ ਪਰਿਵਾਰਾਂ ਦੇ ਕਤਲੇਆਮ ਵਿੱਚ ਮਾਰੇ ਗਏ ਹਜ਼ਾਰਾ ਬੇਕਸੂਰ ਲੋਕਾਂ ਦੀ ਯਾਦ ਵਿੱਚ ਬਰੈਂਪਟਨ ਦੀ ਸਿਟੀ ਕੌਂਸਲ ਤੇ ਹੋਰ ਜਥੇਬੰਦੀਆਂ ਵਲੋਂ 1984 ਰੁੱਖ ਲਗਾਉਣ ਦਾ ਪ੍ਰੋਗਰਾਮ ਉਲੀਕਿਆ ਗਿਆ ਸੀ। ਇਸ ਵਿੱਚ ਐਸੋਸੀਏਸ਼ਨ ਆਫ ਸੀਨੀਅਰਜ ਕਲੱਬ ਵਲੋਂ ਜੰਗੀਰ ਸਿੰਘ ਸੈਂਬੀ ਦੀ ਅਗਵਾਈ ਵਿੱਚ ਬਹੁਤ ਸਾਰੀਆਂ ਕਲੱਬਾਂ ਦੇ ਪ੍ਰਧਾਨ ਤੇ ਹੋਰ ਅਹੁਦੇਦਾਰ ਸ਼ਾਮਲ ਹੋਏ। ਬਰੈਂਪਟਨ ਦੇ ਐਪਲ ਵੈਲੀ ਵੇਅ ਦੇ ਨਿਸਚਿਤ ਸਥਾਨ ਤੇ ਹਰ ਵਰਗ ਤੇ ਉਮਰ ਦੇ ਲੋਕਾਂ ਦਾ ਭਾਰੀ ਇਕੱਠ ਹੋ ਗਿਆ। ਉਹ 1984 ਵਿੱਚ ਵਾਪਰੇ ਅਣਮਨੁੱਖੀ ਦੁਖਾਂਤ ਨੂੰ ਯਾਦ ਕਰਦਿਆਂ ਉਸ ਸਮੇ ਦੀ ਸਰਕਾਰ ਵਲੋਂ ਕੀਤੀ ਗਈ ਅਣਗਹਿਲੀ ਤੇ ਧਾਰਨ ਕੀਤੇ ਵਤੀਰੇ ਨੂੰ ਕੋਸ ਰਹੇ ਸਨ। ਨਾਲ ਹੀ ਉਹ 1984 ਰੁੱਖ ਲਗਾਉਣ ਦੀ ਮਹਿਮ ਵਿੱਚ ਸ਼ਾਮਲ ਹੋਕੇ ਉਸ ਦਰਦਨਾਕ ਸਮੇ ਦੇ ਸ਼ਹੀਦਾਂ ਨੂੰ ਯਾਦ ਰੱਖਦਿਆ ਵਾਤਾਵਰਣ ਨੂੰ ਸਾਫ ਸੁਥਰਾ ਰੱਖਣ ਵਿੱਚ ਆਪਣਾ ਹਿਸਾ ਪਾ ਰਹੇ ਸਨ। ਇਸ ਮੌਕੇ ਤੇ ਹਾਜ਼ਰ ਬਹੁਤ ਸਾਰੇ ਗਾਈਡ ਸਾਰੇ ਵਲੰਟੀਅਰਜ ਨੂੰ ਠੀਕ ਢੰਗ ਨਾਲ ਬੂਟੇ ਲਗਾਉਣ ਦੇ ਢੰਗ ਤਰੀਕੇ ਸਮਝਾ ਰਹੇ ਸਨ। ਵਧੀਆ ਮੌਸਮ ਦਾ ਲਾਹਾ ਲੈਂਦੇ ਐਸੋਸੀਏਸ਼ਨ ਆਫ ਸੀਨੀਅਰ ਕਲੱਬ ਦੇ ਮੈਂਬਰ ਤੇ ਹੋਰ ਜਨਤਕ ਜੱਥੇਬੰਦੀਆ ਦੇ ਵਲੰਟੀਅਰਜ ਨਿਸਚਿਤ ਕੀਤੀਆ ਥਾਵਾਂ ਤੇ ਬੂਟੇ ਲਗਾ ਕੇ, ਇਸ ਬੀਤੇ ਦੁਖਾਂਤ ਨੂੰ ਹਾਂ ਪੱਖੀ ਸੋਚ ਤੇ ਵਾਤਾਵਰਣ ਪੱਖੀ ਤੇ ਮਾਨਵਵਾਦੀ ਕਦਮ ਨਾਲ ਇਕ ਵੱਖਰੀ ਮਿਸਾਲ ਪੇਸ਼ ਕਰ ਰਹੇ ਸਨ। ਕੁਝ ਕੁ ਘੰਟਿਆ ਦੇ ਇਸ ਸਾਝੇ ਉੱਦਮ ਨੇ ਸਾਰੇ ਪ੍ਰੋਜੈਕਟ ਨੂੰ ਤੇਜੀ ਨਾਲ ਸਿਖਰ ਵਲ ਲਿਜਾ ਕੇ ਸਮਾਪਤ ਕਰ ਦਿੱਤਾ। ਮੌਸਮ ਵਿੱਚ ਥੋੜੀ ਜਿਹੀ ਠੰਡਕ ਵਧਣ ਲਗੀ। ਚਾਹ ਦੀਆ ਚੁਸਕੀਆਂ ਭਰਦਿਆਂ, ਜਦੋਂ ਪਿਛੇ ਵਲ ਲਗਾਏ ਬੂਟਿਆਂ ਵਲ ਸਰਸਰੀ ਝਾਤ ਮਾਰੀ ਤਾਂ ਇਕ ਦਿਲਕਸ਼ ਤਸਵੀਰ ਵਿਖਾਈ ਦਿੱਤੀ। ਥੋੜੀ ਦੂਰ, ਵੱਡੇ ਹਵਾਂ 'ਚ ਲਹਿਰਾਉਂਦੇ ਰੁੱਖਾਂ ਦੇ ਸਾਹਮਣੇ ਉਹਨਾਂ ਦੇ ਵਿਹੜੇ ਵਿੱਚ, ਸਾਡੇ ਵਲੋਂ ਲਗਾਏ ਬੂਟੇ, ਉਹਨਾਂ ਰੁੱਖਾਂ ਦੇ ਨਵੇਂ ਜਨਮੇ ਬਚਿਆ ਵਰਗੇ ਲਗੇ, ਜਿੰਨਾਂ ਨੂੰ ਵੇਖ ਵੇਖ ਮਾਪੇ ਬਣੇ ਵੱਡੇ ਰੁੱਖ, ਤੇਜ ਵਗਦੀ ਹਵਾ ਵਿੱਚ ਖੁਸ਼ੀ ਨਾਲ ਝੂਮਦੇ ਦਿਖਾਈਦੇਣ ਲੱਗੇ। 1984 ਲਗਾਏ ਬੂਟਿਆਂ ਦੀ ਇਹ ਗਿਣਤੀ, ਰੁੱਖ ਬਣ ਕੇ ਸਾਡੇ ਵਾਤਾਵਰਣ ਨੂੰ ਸਾਫ ਤੇ ਹਰਿਆ ਭਰਿਆ ਬਣਾਉਣ ਦੇ ਸਮਰੱਥ ਹੋਵੇਗੀ। ਨਾਲ-ਨਾਲ ਉਹਨਾਂ ਹਜ਼ਾਰਾਂ ਅਣਜਾਣ ਤੇ ਬੇਕਸੂਰ ਮਨੁੱਖੀ ਜਾਨਾਂ ਲਈ ਜਿੰਮੇਵਾਰ ਲੋਕਾਂ ਨੂੰ ਮਨੁੱਖਤਾ ਦੇ ਸਭ ਤੋਂ ਵੱਡਾ ਧਰਮ ਹੋਣ ਦਾ ਪਾਠ ਪੜ੍ਹਾਉਣ ਦੀ ਕੋਸ਼ਿਸ਼ ਵੀ ਕਰੇਗੀ।

# ਕੈਮਬ੍ਰਿਜ ਗੁਰਦੁਆਰਾ ਸਾਹਿਬ ਦੀ ਨਵੀਂ ਕਮੇਟੀ ਦੀ ਸਰਬ ਸੰਮਤੀ ਨਾਲ ਹੋਈ ਚੋਣ



ਸਟਾਰ ਨਿਊਜ਼:- ਸ੍ਰੀ ਗੁਰੂ ਸਿੰਘ ਸਭਾ, ਕੈਮਬ੍ਰਿਜ ਗੁਰਦੁਆਰਾ ਸਾਹਿਬ ਦੀ ਸਾਲ 2026-2027 ਲਈ ਨਵੀਂ ਕਮੇਟੀ ਦੀ ਚੋਣ ਲਈ ਪਿਛਲੇ ਮਹੀਨੇ ਤੋਂ ਚੋਣ ਪ੍ਰਕੀਰਿਆ ਚੱਲ ਰਹੀ ਸੀ। ਸ੍ਰੀ ਗੁਰੂ ਸਿੰਘ ਸਭਾ, ਕੈਮਬ੍ਰਿਜ ਗੁਰਦੁਆਰਾ ਸਾਹਿਬ ਦੇ ਸੰਵਿਧਾਨ ਮੁਤਾਬਿਕ ਨਵੀਂ ਕਮੇਟੀ ਦੀ ਚੋਣ ਸੰਵਿਧਾਨਿਕ ਢਾਂਚੇ ਵਿੱਚ ਰਹਿ ਕੇ ਅਤੇ ਪਾਰਦਰਸ਼ਤਾ ਨਾਲ ਕਰਵਾਉਣ ਲਈ 5 ਮੈਂਬਰੀ ਚੋਣ ਕਮੇਟੀ ਦਾ ਗਠਣ ਕੀਤਾ ਗਿਆ ਸੀ ਇਸ ਵਿੱਚ ਮੱਖਣ ਸਿੰਘ ਸਮਰਾ, ਸ਼ਮਸ਼ੇਰ ਸਿੰਘ ਭੰਗੂ, ਗੁਰਦੀਪ ਸਿੰਘ ਨਾਗਰਾ, ਰਣਜੀਤ ਸਿੰਘ ਕੰਦੋਲਾ ਅਤੇ ਕਿਰਨਦੀਪ ਸਿੰਘ ਢਿੱਲੋਂ ਸ਼ਾਮਿਲ ਸਨ। ਇਨ੍ਹਾਂ ਵਲੋਂ ਨਵੀਂ ਕਮੇਟੀ ਵਿੱਚ ਸੇਵਾ ਕਰਨ ਦੇ ਚਾਹਵਾਨ ਸਜਣਾਂ ਦੀਆਂ ਪ੍ਰਾਪਤ ਅਰਜ਼ੀਆਂ ਦੀ ਕਾਫੀ ਡੂੰਘਾਈ ਨਾਲ ਘੋਖ ਪੜਤਾਲ ਕੀਤੀ ਗਈ ਅਤੇ ਗੰਭੀਰ ਵਿਚਾਰ ਚਰਚਾ ਤੋਂ ਬਾਅਦ ਲੰਘੇ ਸਨਿੱਚਰਵਾਰ ਨੂੰ ਸਰਬ ਸੰਮਤੀ ਨਾਲ 15 ਮੈਂਬਰੀ ਕਮੇਟੀ ਦੀ ਚੋਣ ਕੀਤੀ ਗਈ ਹੈ।

ਚੋਣ ਕਮੇਟੀ ਅਤੇ ਚੁਣੇ ਹੋਏ ਬਿਨੇਕਾਰਾਂ ਦੀ ਸਹਿਮਤੀ ਨਾਲ ਸਾਲ 2026-2027 ਲਈ 15 ਮੈਬਰੀ ਨਵੀਂ ਕਮੇਟੀ ਦੇ ਮੈਬਰ ਹਨ ਜਸਬੀਰ ਸਿੰਘ ਬਰਾੜ, ਸੁੱਖਵਿੰਦਰ ਸਿੰਘ ਸਮਰਾ, ਮੱਖਣ ਸਿੰਘ ਬੜਿਆਲ, ਹਰਜਿੰਦਰ ਸਿੰਘ ਗਰਚਾ, ਹਰਜਿੰਦਰ ਸਿੰਘ ਬੈਂਸ, ਬਲਜੀਤ ਸਿੰਘ ਭੁੱਲਰ, ਮਹਾ ਸਿੰਘ ਗਰੇਵਾਲ, ਤਰਲੋਕ ਸਿੰਘ ਚਤਰੱਥ, ਤੇਜਵਿੰਦਰ ਸਿੰਘ ਸਹੋਤਾ, ਰਜਿੰਦਰ ਸਿੰਘ ਨਾਗਰਾ, ਅਮਨਦੀਪ ਸਿੰਘ ਹੰਸ, ਜਸਵੀਰ ਸਿੰਘ ਸਾਧੜਾ, ਮਨਮੋਹਣ ਸਿੰਘ ਸੰਧੂ, ਜਗਦੀਪ ਸਿੰਘ ਪੁਰਬਾ ਅਤੇ ਸਰਬਜੀਤ ਸਿੰਘ ਸੰਧੂ।

ਮੌਜੂਦਾ ਕਮੇਟੀ ਦੇ ਪ੍ਰਧਾਨ ਸੁਖਵਿੰਦਰ ਸਿੰਘ ਸਮਰਾ ਨੇ ਦੱਸਿਆ ਕਿ ਦਸੰਬਰ ਵਿੱਚ ਗੁਰਦੁਆਰਾ ਸਾਹਿਬ ਦੇ ਮੈਂਬਰਾਂ ਦੀ ਜਨਰਲ ਬਾਡੀ ਮੀਟਿੰਗ ਸੱਦੀ ਜਾਵੇਗੀ ਅਤੇ ਉਸ ਵਿੱਚ ਨਵੀਂ ਕਮੇਟੀ ਦਾ ਰਸਮੀ ਤੌਰ 'ਤੇ ਐਲਾਨ ਕੀਤਾ ਜਾਵੇਗਾ। ਉਤੇ ਜਨਵਰੀ ਦੇ ਪਹਿਲੇ ਹਫ਼ਤੇ ਚੋਣ ਕਮੇਟੀ ਦੇ ਸਹਿਯੋਗ ਨਾਲ ਪੁਰਾਣੀ ਕਮੇਟੀ ਤੋਂ ਨਵੀਂ ਕਮੇਟੀ ਨੂੰ ਪ੍ਰਬੰਧ ਸੌਂਪਿਆ ਜਾਵੇਗਾ। ਸ੍ਰੀ ਗੁਰੂ ਸਿੰਘ ਸਭਾ, ਕੈਮਬ੍ਰਿਜ ਗੁਰਦੁਆਰਾ ਸਾਹਿਬ ਦੀ ਸੰਗਤ ਵਲੋਂ ਪਿਛਲੇ ਲੰਬੇ ਸਮੇਂ ਤੋਂ ਪ੍ਰਬੰਧਕ ਕਮੇਟੀ ਦੀ ਚੋਣ ਸਰਬ ਸੰਮਤੀ ਨਾਲ ਹੀ ਹੁੰਦੀ ਆਈ ਹੈ। ਕਿਸੇ ਵੀ ਧਾਰਮਿਕ ਸੰਸਥਾ ਨੂੰ ਚਲਾਉਣ ਲਈ ਇਹ ਇੱਕ ਚੰਗੀ ਪਿਰਤ ਹੈ। ਇਸ ਲਈ ਕੈਮਬ੍ਰਿਜ ਦੀ ਸੰਗਤ ਦੀ ਪ੍ਰਸ਼ੰਸਾ ਕਰਨੀ ਬਣਦੀ ਹੈ।

GTA Plumbing & Electrical Supplies
GTA Plumbling & Electrical Supplies
ONE STOP SHOP FOR ALL PLUMBING & ELECTRICAL SUPPLIES
* Potlight for sale $8 (min. order 60 pcs.)
* Shower door $285, * Shower base $180
* 14/2 wire on sale $110, * Toilets on sale $100
* Faucets on sale starting from $30
* 24" Vanity with Quartz Top $200
* 30" Vanity with Quartz Top $220
* 36" Vanity with Quartz Top $250
* Range Hud for Sale $250
* Electrical wire, plugs, switches * Pot lights, LED bulbs
* Toilet Sets, Washroom Vanities * Kitchen & Washroom Faucets
* Range Hoods and many more
Moen, American Standard Pfister, Faucets, ABS, Copper and all type of fitting
905-792-0036
18 Strathearn Ave South A, Unit#25-27
Brampton (Steeles & Dixie)

ASK Mortgage Ltd.
Business Loan
Credit Line
Truck/Taxi Loan
New Immigrant Package
416-366-1234
Jaswinder Khosa
416-894-9400
1332 Khalsa Drive Unit 12

ਦੇਸੀ ਦਵਾਈਆਂ ਦਾ ਚਮਤਕਾਰ
ਹਰਬਲ ਵਿਆਗਰਾ:-ਮਰਦਾਨਾ ਤਾਕਤ ਦਾ ਦੇਸੀ ਨੁਸਖਾ ਇਸ ਨੂੰ ਖਾਣ ਨਾਲ ਕੋਈ ਨੁਕਸਾਨ ਨਹੀਂ ਹੈ
STOP
ਨਸ਼ਾ ਛੁਡਾਓ
ਸ਼ਰਾਬ, ਅਫੀਮ, ਪੋਸਤ, ਭੁੱਕੀ ਆਦਿ ਹਰ ਤਰ੍ਹਾਂ ਦੇ ਨਸ਼ਾ ਬਗੈਰ ਤਕਲੀਫ ਤੋਂ ਛੁਡਵਾਇਆ ਜਾਂਦਾ ਹੈ
ਔਰਤਾਂ ਤੇ ਮਰਦਾਂ ਦੇ ਗੁਪਤ ਰੋਗਾਂ ਦਾ ਇਲਾਜ
ਮਾਹਵਾਰੀ ਅੱਗੇ/ਪਿੱਛੇ ਆਉਣੀ, ਪਾਣੀ ਪੈਣਾ, ਲੁਕੋਰੀਆ, ਗਰਭਪਾਤ ਵਾਰ-ਵਾਰ ਹੋਣਾ ਆਦਿ ਦਾ ਇਲਾਜ ਧਾਤ, ਸੁਪਨਦੋਸ਼, ਨਾਮਰਦੀ ਆਦਿ ਦਾ ਇਲਾਜ ਦੇਸੀ ਦਵਾਈਆਂ ਨਾਲ ਕੀਤਾ ਜਾਂਦਾ ਹੈ।
ਜੋੜਾਂ ਦਾ ਦਰਦ, ਸਿਰ ਦਰਦ, ਲੱਕ ਦਰਦ, ਪਿੱਠ ਦਰਦ,ਗੋਡਿਆਂ ਆਦਿ ਹਰ ਤਰ੍ਹਾਂ ਦੀਆਂ ਦਰਦਾਂ ਦਾ ਸਫ਼ਲ ਇਲਾਜ
ਚਮੜੀ ਦੇ ਰੋਗਾਂ ਦਾ ਸਫ਼ਲ ਇਲਾਜ
ਚੰਬਲ, ਦਦਰੀ, ਸ਼ਪਾਕੀ, ਐਲਰਜੀ, ਵਾਲ ਝਵਨੇ, ਐਗਜ਼ੀਮਾ ਅਤੇ ਹੋਰ ਰੋਗਾਂ ਦਾ ਸਫ਼ਲ ਇਲਾਜ ਕੀਤਾ ਜਾਂਦਾ ਹੈ
PH: 416-425-0138
514-632-0138
ਕੰਮ ਕਾਰ ਵਿੱਚ ਰੁਕਾਵਟ, ਘਰ ਕਲੇਸ਼, ਮਾਨਸਿਕ ਪਰੇਸ਼ਾਨੀ, ਇਮੀਗਰੇਸ਼ਨ ਦਾ ਮਸਲਾ ਹੱਲ ਨਹੀਂ ਹੋ ਰਿਹਾ? ਤਾਂ ਵੀ ਮਿਲੋ
ਸ਼ੂਗਰ ਦੀ ਦਵਾਈ ਵੀ ਦਿੱਤੀ ਜਾਂਦੀ ਹੈ
ਨੋਟ: ਸਾਰੇ ਇਲਾਜ ਦੇਸੀ ਜੜੀਆਂ ਬੂਟੀਆਂ ਨਾਲ ਕੀਤੇ ਜਾਂਦੇ ਹਨ
Solve Your Life Problems with Easy Opay & Lucky Stone, Book and Appointment Today!

# ਆਤਮ ਵਿਸ਼ਵਾਸ਼ ਦਾ ਵਿਗਿਆਨ



ਆਤਮ ਵਿਸ਼ਵਾਸ਼ ਮਨੋਵਿਗਿਆਨਕ ਸਿਹਤ ਅਤੇ ਸਮਾਜਿਕ ਕਾਰਗੁਜ਼ਾਰੀ ਦਾ ਮੁੱਖ ਸਰੋਤ ਹੈ। ਇਹ ਫੈਸਲਾ ਕਰਨ, ਕਾਰਗੁਜ਼ਾਰੀ ਅਤੇ ਤਣਾਅ ਦੇ ਹੇਠਾਂ ਸਫਲਤਾ ਦੀਆਂ ਮੰਜਿਲਾਂ ਸਰ ਕਰਨ ਲਈ ਨਿਰਣਾਇਕ ਤੱਤ ਹੈ। ਅਕਸਰ ਆਤਮ ਵਿਸ਼ਵਾਸ ਨੂੰ ਇੱਕ ਅੰਦਰੂਨੀ ਗੁਣ ਵਜੋਂ ਸਮਝਿਆ ਜਾਂਦਾ ਹੈ, ਪਰ ਆਤਮ ਵਿਸ਼ਵਾਸ ਵਾਸਤਵ ਵਿੱਚ ਇੱਕ ਗਤੀਸ਼ੀਲ ਸੰਰਚਨਾ ਹੈ ਜੋ ਨਿਊਰੋਬਾਇਓਲੋਜੀ, ਵਾਤਾਵਰਨ ਅਤੇ ਸੰਵੇਦਨਸ਼ੀਲ ਭਾਵਨਾਵਾਂ ਦੁਆਰਾ ਪ੍ਰਭਾਵਿਤ ਹੁੰਦੀ ਹੈ।

**ਆਤਮ ਵਿਸ਼ਵਾਸ਼ ਦਾ ਮੂਲ ਸਾਰ**

ਆਤਮ ਵਿਸ਼ਵਾਸ ਲਾਤੀਨ ਸ਼ਬਦ ਕਾਨਫੀਡੇਅਰ (confidere) ਤੋਂ ਆਇਆ ਹੈ, ਜਿਸਦਾ ਮਤਲਬ ਹੈ ਪੂਰਨ ਭਰੋਸਾ ਰੱਖਣਾ, ਜੋ ਕਿ ਇੱਕ ਮਨੋਵਿਗਿਆਨਕ ਹਾਲਤ ਹੈ ਜੋ ਆਪਣੇ ਯੋਗਤਾਵਾਂ, ਫੈਸਲਿਆਂ ਅਤੇ ਕੀਮਤ 'ਤੇ ਵਿਸ਼ਵਾਸ ਕਰਨਾ ਦਰਸਾਉਂਦੀ ਹੈ। ਆਧੁਨਿਕ ਮਨੋਵਿਗਿਆਨ ਵਿੱਚ ਆਤਮ ਵਿਸ਼ਵਾਸ ਨੂੰ ਮਨੋਵਿਗਿਆਨਕ ਹਾਲਤ ਵਜੋਂ ਪਰਿਭਾਸ਼ਿਤ ਕੀਤਾ ਗਿਆ ਹੈ ਜੋ ਯਥਾਰਥਾਤਮਕ ਆਤਮ-ਮੂਲਾਂਕਣ ਅਤੇ ਸਕਾਰਾਤਮਕ ਉਮੀਦ 'ਤੇ ਅਧਾਰਿਤ ਹੈ। ਇਹ ਸਿਰਫ ਭਾਵਨਾਤਮਕ ਉਤਸ਼ਾਹ ਨਹੀਂ ਹੈ ਇਹ ਇੱਕ ਸੰਵਿਦਾਨਕ ਅਤੇ ਨਿਊਰੋਕੈਮੀਕਲ ਸੰਤੁਲਨ ਹੈ ਜੋ ਵਿਅਕਤੀਆਂ ਨੂੰ ਚੁਣੌਤੀਆਂ ਦੀ ਧਾਰਨਾ ਕਰਨ, ਸਮਾਜਿਕ ਤੌਰ 'ਤੇ ਇੰਟਰੈਕਟ ਕਰਨ ਅਤੇ ਬਦਲਦੇ ਵਾਤਾਵਰਨ ਨਾਲ ਅਨੁਕੂਲਤਾ ਕਰਨ 'ਤੇ ਪ੍ਰਭਾਵਿਤ ਕਰਦਾ ਹੈ।

ਵਿਗਿਆਨਿਕ ਨਜ਼ਰੀਏ ਅਨੁਸਾਰ ਆਤਮ ਵਿਸ਼ਵਾਸ ਇੱਕ ਮਨੋ-ਸਰੀਰੀਕ ਨਿਯੰਤ੍ਰਕ ਵਜੋਂ ਕੰਮ ਕਰਦਾ ਹੈ: ਇਹ ਤਣਾਅ ਦੇ ਹਾਰਮੋਨ ਨੂੰ ਮੋਡੂਲੇਟ ਕਰਦਾ ਹੈ, ਸਮੱਸਿਆ-ਸਮਾਧਾਨ ਦੀ ਸਮਰੱਥਾ ਨੂੰ ਵੱਧਾਉਂਦਾ ਹੈ ਅਤੇ ਭਾਵਨਾਤਮਕ ਸੰਤੁਲਨ ਨੂੰ ਸੁਧਾਰਦਾ ਹੈ। ਇਸ ਲਈ ਆਤਮ ਵਿਸ਼ਵਾਸ ਸਿਰਫ ਇੱਕ ਨਿੱਜੀ ਗੁਣ ਨਹੀਂ, ਬਲਕਿ ਇੱਕ ਜੀਵ ਵਿਗਿਆਨਿਕ ਅਤੇ ਸਮਾਜਿਕ ਜ਼ਰੂਰਤ ਹੈ।

**ਆਤਮ ਵਿਸ਼ਵਾਸ ਦਾ ਸਰੀਰਕ ਸਿਹਤ ਅਤੇ ਨਿਊਰੋਬਾਇਓਲੋਜੀਕਲ ਆਧਾਰ**

ਨਿਊਰੋਸਾਇੰਟਿਫਿਕ ਅਧਿਐਨਾਂ ਤੋਂ ਪਤਾ ਲੱਗਦਾ ਹੈ ਕਿ ਆਤਮ ਵਿਸ਼ਵਾਸ ਦਿਮਾਗ ਦੇ ਕਈ ਖੇਤਰਾਂ ਦੇ ਆਪਸੀ ਸੰਪਰਕ ਤੋਂ ਉਭਰਦਾ ਹੈ—ਖਾਸ ਕਰਕੇ ਪ੍ਰੀਫ੍ਰੰਟਲ ਕੋਰਟੈਕਸ, ਐਮੀਗਡਾਲਾ ਅਤੇ ਐਨੀਟਰੀਅਰ ਸਿੰਗੂਲੇਟ ਕੋਰਟੈਕਸ।

ਪ੍ਰੀਫ੍ਰੰਟਲ ਕੋਰਟੈਕਸ ਫ਼ੈਸਲਾ ਕਰਨ ਅਤੇ ਆਪਣੇ ਆਪ ਦਾ ਮੁਲਾਂਕਣ ਕਰਨ ਦਾ ਪ੍ਰਬੰਧਨ ਕਰਦਾ ਹੈ।

ਐਮੀਗਡਾਲਾ ਡਰ ਦੇ ਪ੍ਰਤੀਕਿਰਿਆਵਾਂ ਨੂੰ ਨਿਯੰਤ੍ਰਿਤ ਕਰਦਾ ਹੈ; ਸੰਤੁਲਿਤ ਆਤਮ ਵਿਸ਼ਵਾਸ਼ ਇਸਦੀ ਹਾਈਪਰਐਕਟੀਵਿਟੀ ਨੂੰ ਘੱਟਾਉਂਦਾ ਹੈ।

ਡੋਪਾਮਾਈਨ ਊਰਜਾ ਸਿਸਟਮ, ਖਾਸ ਕਰਕੇ ਵੈਂਟਰਲ ਸਟ੍ਰਾਇਟਮ ਨਾਲ ਜੁੜਿਆ ਹੋਇਆ, ਯੋਗਤਾ ਅਤੇ ਸਫਲਤਾ ਦੇ ਅਹਿਸਾਸਾਂ ਨੂੰ ਮਜ਼ਬੂਤ ਕਰਦਾ ਹੈ ਜਿਸ ਨਾਲ ਪ੍ਰਾਪਤ ਕੀਤੀਆਂ ਗਈਆਂ ਉਪਲਬਧੀਆਂ ਦੇ ਇਨਾਮ ਵਜੋਂ ਡੋਪਾਮਾਈਨ ਛੱਡਿਆ ਜਾਂਦਾ ਹੈ।

ਇਸ ਤੋਂ ਇਲਾਵਾ, ਹਾਰਮੋਨਲ ਪ੍ਰਭਾਵ ਜਿਵੇਂ ਕਿ ਸਿਰੋਟੋਨਿਨ, ਟੈਸਟੋਸਟੇਰੋਨ ਅਤੇ ਕੋਰਟੀਸੋਲ ਆਤਮ ਵਿਸ਼ਵਾਸ ਦੇ ਪੱਧਰਾਂ ਨੂੰ ਆਕਾਰ ਦਿੰਦੇ ਹਨ। ਸਿਰੋਟੋਨਿਨ ਉਮੀਦ ਅਤੇ ਆਤਮ-ਭਰੋਸਾ ਨੂੰ ਉਤਸ਼ਾਹਿਤ ਕਰਦਾ ਹੈ; ਟੈਸਟੋਸਟੇਰੋਨ ਅਸਰਦਾਰੀ ਨੂੰ ਵੱਧਾਉਂਦਾ ਹੈ, ਜਦੋਂ ਕਿ ਜ਼ਿਆਦਾ ਕੋਰਟੀਸੋਲ—ਜੋ ਕਿ ਲੰਬੇ ਸਮੇਂ ਤਣਾਅ ਦੇ ਹੇਠਾਂ ਉਤਪੰਨ ਹੁੰਦਾ ਹੈ—ਆਤਮ ਵਿਸ਼ਵਾਸ਼ ਨੂੰ ਖ਼ਤਮ ਕਰ ਸਕਦਾ ਹੈ ਅਤੇ ਚਿੰਤਾ, ਡਰ ਅਤੇ ਬੇਚੈਨੀ ਦਾ ਕਾਰਨ ਬਣ ਸਕਦਾ ਹੈ।

ਇਸ ਤਰ੍ਹਾਂ ਅਸੀਂ ਕਹਿ ਸਕਦੇ ਹਾਂ ਕਿ ਆਤਮ ਵਿਸ਼ਵਾਸ ਇੱਕ ਜਟਿਲ ਨਿਊਰੋਕੈਮੀਕਲ ਸੰਤੁਲਨ ਨੂੰ ਦਰਸਾਉਂਦਾ ਹੈ—ਇੱਕ ਜੀਵ ਵਿਗਿਆਨਿਕ ਤਿਆਰੀ ਜੋ ਆਪਣੀ ਸਰਵੋਤਮ ਯੋਗਤਾ (perceived) ਦੇ ਅਨੁਸਾਰ ਕੰਮ ਕਰਨ ਲਈ ਹੁੰਦੀ ਹੈ।

**ਔਖੇ ਸਮਿਆਂ ਵਿੱਚ ਆਤਮ ਵਿਸ਼ਵਾਸ ਇੱਕ ਮਨੋਵਿਗਿਆਨਿਕ ਢਾਲ**

ਔਖੇ ਸਮਿਆਂ ਦੌਰਾਨ, ਆਤਮ ਵਿਸ਼ਵਾਸ ਇੱਕ ਮਨੋਵਿਗਿਆਨਿਕ ਟੀਕਾਕਰਨ ਵਜੋਂ ਕੰਮ ਕਰਦਾ ਹੈ। ਇਹ ਲਚਕੀਲੇਪਣ, ਕੋਪਿੰਗ ਮਕੈਨਜ਼ਮ ਅਤੇ ਸਮੱਸਿਆ-ਕੇਂਦ੍ਰਿਤ ਦੀ ਯੋਗਤਾ ਨੂੰ ਵੱਧਾਉਂਦਾ ਹੈ। ਉੱਚ ਆਤਮ ਵਿਸ਼ਵਾਸ ਵਾਲੇ ਵਿਅਕਤੀ ਨਿਮਨਲਿਖਤ ਖੂਬੀਆਂ ਦਰਸਾਉਂਦੇ ਹਨ:

- ਵਧੀਆ ਤਣਾਅ ਸਹਿਣਸ਼ੀਲਤਾ, ਜਿਸ ਕਾਰਨ ਕੋਰਟੀਸੋਲ ਦੇ ਉਤਪਾਦਨ ਵਿੱਚ ਕਮੀ ਹੁੰਦੀ ਹੈ।
- ਸੁਚੱਜੇ ਫ਼ੈਸਲੇ ਕਰਨ ਦੀ ਸਮਰੱਥਾ, ਕਿਉਂਕਿ ਉਹ ਮਨ ਦੇ ਤਰੱਕੀਸ਼ੀਲ ਕੇਂਦ੍ਰਾਂ ਨੂੰ ਸ਼ਾਮਿਲ ਕਰਦੇ ਹਨ ਨਾ ਕਿ ਪ੍ਰਤੀਕਿਰਿਆ ਵਾਲੇ।
- ਨਾਕਾਮੀਆਂ ਤੋਂ ਤੇਜ਼ ਉੱਭਰਨਾ ਕਿਉਂਕਿ ਉਹ ਪਿੱਛੇ ਹਟਣ ਨੂੰ ਅਸਥਾਈ ਅਤੇ ਸਿੱਖਣਯੋਗ ਦੇ ਤੌਰ 'ਤੇ ਸਮਝਦੇ ਹਨ।

ਸਿਹਤ ਦੇ ਨਜ਼ਰੀਏ ਤੋਂ, ਆਤਮ ਵਿਸ਼ਵਾਸ ਲੰਬੇ ਸਮੇਂ ਤਣਾਅ ਦੇ ਸਰੀਰਕ ਬੋਝ ਨੂੰ ਘਟਾਉਂਦਾ ਹੈ—ਹਾਈਪਰਟੈਂਸ਼ਨ, ਡਰ, ਚਿੰਤਾ ਅਤੇ ਡਿਪ੍ਰੈਸ਼ਨ ਅਤੇ ਇਮੀਊਨ ਸੁਪ੍ਰੈਸ਼ਨ ਦੇ ਖਿਲਾਫ ਸੁਰੱਖਿਆ ਕਰਦਾ ਹੈ। ਸਮਾਜਿਕ ਨਜ਼ਰੀਏ ਤੋਂ ਇਹ ਵਿਅਕਤੀਆਂ ਨੂੰ ਔਖੇ ਸਮਿਆਂ ਵਿੱਚ ਵੀ ਆਪਣੀ ਇੱਜ਼ਤ, ਟੀਚੇ ਅਤੇ ਯਥਾਰਥਾਤਮਿਕ ਉਮੀਦ ਬਣਾਈ ਰੱਖਣ ਵਿੱਚ ਮਦਦ ਕਰਦਾ ਹੈ, ਨਿਰਾਸ਼ਾ ਅਤੇ ਉਮੀਦ ਦਰਮਿਆਨ ਇੱਕ ਪੁੱਲ ਵਜੋਂ ਕੰਮ ਕਰਦਾ ਹੈ।

**ਆਤਮ ਵਿਸ਼ਵਾਸ਼ ਦੇ ਫਾਇਦੇ ਅਤੇ ਨੁਕਸਾਨ**

**ਫਾਇਦੇ:**

**1. ਉੱਚਿਤ ਕਾਰਗੁਜ਼ਾਰੀ:**

ਆਤਮ ਵਿਸ਼ਵਾਸ਼ ਦਿਮਾਗ ਵਿੱਚ ਪ੍ਰੇਰਨਾ ਦੇ ਸਰਕਿਟਾਂ ਨੂੰ ਚਾਲੂ ਕਰਦਾ ਹੈ, ਜੋ ਕਿ ਦ੍ਰਿੜਤਾ ਅਤੇ ਟੀਚਾ ਪ੍ਰਾਪਤੀ ਦੀਆਂ ਮਨੋਵਿਗਿਆਨਕ ਤਰੰਗਾਂ ਨੂੰ ਲਿਆਉਂਦਾ ਹੈ।

**2. ਮਨੋਵਿਗਿਆਨਕ ਸਿਹਤ ਦੀ ਸਥਿਰਤਾ:**

ਇਹ ਚਿੰਤਾ, ਸਮਾਜਿਕ ਵਾਪਸੀ ਅਤੇ ਬੇਚੈਨੀ (ਡਿਪ੍ਰੈਸ਼ਨ) ਦੇ ਵਿਚਾਰਾਂ ਦੇ ਖਿਲਾਫ ਸੁਰੱਖਿਆ ਪ੍ਰਦਾਨ ਕਰਦਾ ਹੈ।

**3.ਸਕਰਾਤਮਕ ਪ੍ਰਭਾਵ:**

ਆਤਮ ਵਿਸ਼ਵਾਸ਼ ਵਾਲੇ ਵਿਅਕਤੀਆਂ ਨੂੰ ਆਮ ਤੌਰ 'ਤੇ ਭਰੋਸੇਯੋਗ ਸਮਝਿਆ ਜਾਂਦਾ ਹੈ ਜਿਸ ਨਾਲ ਉਹ ਕੁਦਰਤੀ ਨੇਤਾ ਅਤੇ ਸੰਚਾਰਕ ਬਣ ਜਾਂਦੇ ਹਨ।

**4. ਸਰੀਰਕ ਲਾਭ:**

ਉਮੀਦ ਅਤੇ ਆਪਣੇ ਆਪ 'ਤੇ ਵਿਸ਼ਵਾਸ ਨੇਕ ਦਿਲ ਦੀ ਸਿਹਤ ਅਤੇ ਘੱਟ ਇਨਫਲੇਮੇਸ਼ਨ ਮਾਰਕਰਾਂ ਨੂੰ ਉਤਸ਼ਾਹਿਤ ਕਰਦਾ ਹੈ।

**ਨੁਕਸਾਨ:**

**1. ਅਤਿਆਤਮ ਵਿਸ਼ਵਾਸ਼ ਪੱਖਪਾਤ:**

ਅੱਤ ਦਾ ਆਤਮ ਵਿਸ਼ਵਾਸ ਖ਼ਤਰੇ ਦੀ ਧਾਰਨਾ ਨੂੰ ਵਿਰੋਧ ਕਰ ਸਕਦਾ ਹੈ, ਜੋ ਕਿ ਗਲਤ ਫੈਸਲੇ ਜਾਂ ਹੰਕਾਰ ਦਾ ਕਾਰਨ ਬਣਦਾ ਹੈ।

**2. ਸਿੱਖਣ ਦੀ ਘਾਟ:**

ਜੇ ਆਤਮ ਵਿਸ਼ਵਾਸ ਕਠੋਰ ਹੋ ਜਾਵੇ, ਤਾਂ ਇਹ ਆਲੋਚਨਾ ਜਾਂ ਨਾਕਾਮੀ ਤੋਂ ਸਿੱਖਣ ਵਿੱਚ ਰੁਕਾਵਟ ਪੈਦਾ ਕਰ ਸਕਦਾ ਹੈ।

**3. ਸਮਾਜਿਕ ਗਲਤਫਹਮੀ:**

ਵਧੇਰੇ ਆਤਮ ਵਿਸ਼ਵਾਸ਼ ਨਾਲ ਸਾਥੀਆਂ ਨੂੰ ਦੂਰ ਕਰਨ ਦਾ ਕਾਰਨ ਬਣ ਸਕਦਾ ਹੈ, ਜੋ ਕਿ ਨਾਰਸਿਸਟਿਕ ਰੁਝਾਨ ਜਾਂ ਪ੍ਰਭੁਤਾ ਦੇ ਵਰਤਾਅ ਨੂੰ ਉਤਸ਼ਾਹਿਤ ਕਰਦਾ ਹੈ।

ਇਸ ਲਈ ਢੰਗ ਨਾਲ ਬਣਾ ਆਤਮ ਵਿਸ਼ਵਾਸ਼ ਅਤੇ ਸਮੇਂ ਦੀ ਲੋੜ ਅਨੁਸਾਰ ਆਪਣੇ ਆਪ 'ਤੇ ਵਿਸ਼ਵਾਸ—ਮਨੋਵਿਗਿਆਨਕ ਤੌਰ 'ਤੇ ਸਭ ਤੋਂ ਸਿਹਤਮੰਦ ਰੂਪ ਹੈ।

**ਕੀ ਆਤਮ ਵਿਸ਼ਵਾਸ਼ ਜਨਮਜਾਤ ਹੈ ਜਾਂ ਧਾਰਣ ਕੀਤਾ ਜਾ ਸਕਦਾ ਹੈ ?**

ਆਤਮ ਵਿਸ਼ਵਾਸ਼ ਜੀਨਾਤਮਕ ਅਤੇ ਗੈਰ ਕੁਦਰਤੀ ਢੰਗ ਨਾਲ ਵੀ ਪ੍ਰਾਪਤ ਕੀਤਾ ਜਾ ਸਕਦਾ ਹੈ। ਜੀਨਾਤਮਕ ਪੂਰਵ-ਪੱਖਤਾ ਰੁਝਾਨ ਅਤੇ ਬੇਸਲਾਈਨ ਆਤਮ-ਸਮਰਥਾ ਨੂੰ ਪ੍ਰਭਾਵਿਤ ਕਰਦੀ ਹੈ। ਹਾਲਾਂਕਿ, ਨਿਊਰੋਸਾਇੰਸ ਅਤੇ ਵਰਤੀਸ਼ੀਲ ਅਧਿਐਨਾਂ ਨੇ ਇਹ ਦਰਸਾਇਆ ਹੈ ਕਿ ਆਤਮ ਵਿਸ਼ਵਾਸ ਨੂੰ ਅਨੁਭਵ, ਵਾਤਾਵਰਨ ਅਤੇ ਨਿਊਰੋਪਲਾਸਟਿਸਿਟੀ ਦੁਆਰਾ ਵਿਕਸਤ ਕੀਤਾ ਜਾ ਸਕਦਾ ਹੈ।

ਬੱਚਪਨ ਦੀ ਪਾਲਣਾ, ਸਕਾਰਾਤਮਕ ਵਿਚਾਰ ਅਤੇ ਸੁਰੱਖਿਅਤ ਵਾਤਾਵਰਨ ਦੇ ਢਾਂਚੇ ਸ਼ੁਰੂਆਤੀ ਆਤਮ ਵਿਸ਼ਵਾਸ ਦੇ ਢਾਂਚੇ ਨੂੰ ਵਿਕਸਤ ਕਰਦੇ ਹਨ।

ਕੋਗਨਿਟਿਵ ਵਿਉਹਾਰ ਥੈਰੇਪੀ (CBT) ਅਤੇ ਮਾਈਂਡਫੁਲਨੈੱਸ ਟ੍ਰੇਨਿੰਗ ਆਤਮ-ਸੰਦੇਹ ਨਾਲ ਜੁੜੇ ਨਿਊਰਲ ਪੱਧਰਾਂ ਨੂੰ ਦੁਬਾਰਾ ਬਣਾਉਂਦੀਆਂ ਹਨ।

ਕੌਸ਼ਲ ਦੀ ਮੁਹਾਰਤ ਅਤੇ ਪ੍ਰਗਤੀਸ਼ੀਲ ਸਫਲਤਾ ਦੇ ਅਨੁਭਵ ਇਨਾਮ ਦੇ ਕੇਂਦਰਾਂ ਨੂੰ ਚਾਲੂ ਕਰਦੇ ਹਨ, ਜੋ ਸਮੇਂ ਦੇ ਨਾਲ ਆਤਮ ਵਿਸ਼ਵਾਸ ਦੇ ਨਿਊਰੋਕੈਮੀਕਲ ਆਧਾਰ ਨੂੰ ਮਜ਼ਬੂਤ ਕਰਦੇ ਹਨ।

ਇਸ ਤਰ੍ਹਾਂ ਆਤਮ ਵਿਸ਼ਵਾਸ ਕੋਈ ਕੁਦਰਤੀ ਗੁਣ ਨਹੀਂ ਬਲਕਿ ਇਹ ਇੱਕ ਵਿਕਸਤ ਕੀਤਾ ਜਾ ਸਕਦਾ ਨਿਊਰੋਮਨੋਵਿਗਿਆਨਿਕ ਹੁਨਰ ਹੈ।

**ਆਤਮ ਵਿਸ਼ਵਾਸ ਦੀ ਬਦਲਾਉਣ ਵਾਲੀ ਤਾਕਤ**

ਆਤਮ ਵਿਸ਼ਵਾਸ ਨਿੱਜੀ ਅਤੇ ਸਮੂਹਿਕ ਦ੍ਰਿਸ਼ਟੀਕੋਣ ਵਿੱਚ ਗਹਿਰੇ ਬਦਲਾਅ ਲਿਆਉਂਦਾ ਹੈ:

**ਨਿੱਜੀ ਬਦਲਾਅ:**

ਇਹ ਰਚਨਾਤਮਕਤਾ, ਸਮਾਜਿਕ ਕਾਰਜਾਂ ਲਈ ਸ਼ਾਮਿਲ ਹੋਣਾ ਅਤੇ ਟੀਚਾ ਕੇਂਦ੍ਰਿਤ ਦ੍ਰਿੜਤਾ ਨੂੰ ਵੱਧਾਉਂਦਾ ਹੈ। ਆਤਮ ਵਿਸ਼ਵਾਸ ਵਾਲੇ ਵਿਅਕਤੀ ਨਵੇਂ ਗਿਆਨ ਅਤੇ ਤਕਨੀਕ ਨਾਲ ਸੁਚੱਜੇ ਢੰਗ ਨਾਲ ਇੱਕਮਿਕ ਹੁੰਦੇ ਹਨ।

**ਸਮਾਜਿਕ ਬਦਲਾਅ:**

ਇੱਕ ਸਮੁਦਾਇ ਵਿੱਚ ਸਮੂਹਿਕ ਆਤਮ ਵਿਸ਼ਵਾਸ ਨਵੀਨੀਕਰਨ, ਨਾਗਰਿਕ ਭਾਗੀਦਾਰੀ ਅਤੇ ਸਮਾਜਿਕ ਲਚਕੀਲੇਪਣ ਨੂੰ ਉਤਸ਼ਾਹਿਤ ਕਰਦਾ ਹੈ। ਉਹ ਦੇਸ਼ ਜਿਨ੍ਹਾਂ ਵਿੱਚ ਉੱਚ ਮਨੋਵਿਗਿਆਨਕ ਆਤਮ ਵਿਸ਼ਵਾਸ ਦੇ ਇੰਡੈਕਸ ਹੁੰਦੇ ਹਨ, ਉਹ ਜ਼ਿਆਦਾ ਮਜ਼ਬੂਤ ਅਰਥਵਿਵਸਥਾ ਅਤੇ ਸਿਹਤਮੰਦ ਅਬਾਦੀ ਦਰਸਾਉਂਦੇ ਹਨ।

**ਸਿੱਖਿਆ ਅਤੇ ਸਿਹਤ ਖੇਤਰ ਦੇ ਨਤੀਜ਼ੇ:**

ਸਿੱਖਿਆ ਵਿੱਚ ਆਤਮ ਵਿਸ਼ਵਾਸ਼ ਅਕਾਦਮਿਕ ਟੀਚਿਆਂ ਦੀ ਦ੍ਰਿੜਤਾ ਦੀ ਪੜਚੋਲਤਾ ਕਰਦਾ ਹੈ। ਸਿਹਤ ਖੇਤਰ ਵਿੱਚ ਮਰੀਜ਼ ਦਾ ਆਤਮ ਵਿਸ਼ਵਾਸ ਇਲਾਜ਼ ਦੀ ਪਾਲਣਾ ਅਤੇ ਸੁਧਾਰ ਦਰ ਦੇ ਦਰਜਿਆਂ ਨੂੰ ਸੁਧਾਰਦਾ ਹੈ—ਇਹ ਇੱਕ ਪ੍ਰਯੋਗ ਜਿਸ ਨੂੰ ਸਵੈ-ਕਾਰਜਸ਼ੀਲਤਾ ਪ੍ਰਭਾਵ ਕਿਹਾ ਜਾਂਦਾ ਹੈ।

ਇਸ ਲਈ, ਆਤਮ ਵਿਸ਼ਵਾਸ਼ ਮਨੁੱਖੀ ਸੰਭਾਵਨਾ ਦਾ ਇੱਕ ਗੁਣਾ ਬਣ ਜਾਂਦਾ ਹੈ ਅਤੇ ਇੱਕ ਤਾਕਤ ਜੋ ਟੀਚਾ ਪ੍ਰਾਪਤੀ ਨੂੰ ਸਕਰਾਤਮਕ ਕਾਰਵਾਈ ਵਿੱਚ ਬਦਲਦੀ ਹੈ।

ਆਤਮ ਵਿਸ਼ਵਾਸ਼ ਜੀਵ ਵਿਗਿਆਨ, ਮਨੋਵਿਗਿਆਨ ਅਤੇ ਸਮਾਜਿਕ ਵਿਕਾਸ ਦੀਆਂ ਦਹਿਲੀਜ਼ਾਂ 'ਤੇ ਖੜ੍ਹਾ ਹੁੰਦਾ ਹੈ। ਇਹ ਸਿਰਫ ਇੱਕ ਗੁਣ ਨਹੀਂ, ਬਲਕਿ ਇੱਕ ਨਿਊਰੋਬਾਇਓਲੋਜੀਕਲ ਤਿਆਰੀ ਦੀ ਹਾਲਾਤ ਹੈ ਜੋ ਇਹ ਨਿਰਧਾਰਿਤ ਕਰਦਾ ਹੈ ਕਿ ਮਨੁੱਖ ਜੀਵਨ ਦੀਆਂ ਚੁਣੌਤੀਆਂ ਨੂੰ ਕਿਵੇਂ ਸਮਝਦੇ ਅਤੇ ਕਾਰਵਾਈ ਕਰਦੇ ਹਨ। ਔਕੜ ਦੌਰਾਨ, ਆਤਮ ਵਿਸ਼ਵਾਸ ਅਕਾਰ ਨੂੰ ਸਾਫ ਕਰਦਾ ਹੈ, ਨਿਰਾਸ਼ਾ ਨੂੰ ਦ੍ਰਿੜਤਾ ਵਿੱਚ ਬਦਲਦਾ ਹੈ ਅਤੇ ਜੜ੍ਹਤਾ ਨੂੰ ਨਵੀਨੀਕਰਨ ਵਿੱਚ ਬਦਲਦਾ ਹੈ।

ਇਸ ਦੇ ਨਾਲ ਇਹ ਵੀ ਧਿਆਨ ਰੱਖਣਾ ਜ਼ਰੂਰੀ ਹੈ ਕਿ ਅਤਿ ਆਤਮ ਵਿਸ਼ਵਾਸ ਧਾਰਨਾ ਨੂੰ ਵਿਰੋਧ ਕਰ ਸਕਦਾ ਹੈ, ਸੰਤੁਲਿਤ ਆਤਮ ਵਿਸ਼ਵਾਸ—ਆਪਣੇ ਆਪ ਦੀ ਜਾਣਕਾਰੀ ਅਤੇ ਨਿਮਰਤਾ 'ਤੇ ਆਧਾਰਿਤ—ਇਹ ਮਨੁੱਖੀ ਤਰੱਕੀ ਦਾ ਮੂਲ ਪੱਧਰ ਰਹਿੰਦਾ ਹੈ।

ਆਧੁਨਿਕ ਜੀਵਨ ਦੇ ਹਮੇਸ਼ਾ ਵਿਕਸਤ ਹੋ ਰਹੇ ਦ੍ਰਿਸ਼ਟੀਕੋਣ ਵਿੱਚ, ਆਤਮ ਵਿਸ਼ਵਾਸ ਕੋਈ ਕੁਦਰਤੀ ਗੁਣ ਹੀ ਨਹੀਂ ਹੈ ਬਲਕਿ ਇਹ ਇੱਕ ਜੀਵ ਵਿਗਿਆਨਿਕ ਜ਼ਰੂਰਤ, ਇੱਕ ਮਨੋਵਿਗਿਆਨਿਕ ਢਾਲ ਅਤੇ ਉਹ ਅਦਿੱਖ ਤਾਕਤ ਹੈ ਜੋ ਮਨੁੱਖੀ ਤਰੱਕੀ ਨੂੰ ਸਥਿਰ ਰੱਖਦੀ ਹੈ।



ਸੁਰਿੰਦਰਪਾਲ ਸਿੰਘ
ਵਿਗਿਆਨ ਅਧਿਆਪਕ
ਸ੍ਰੀ ਅੰਮ੍ਰਿਤਸਰ ਸਾਹਿਬ
ਪੰਜਾਬ।

# ਜੇ ਚਾਹੁੰਦੇ ਹੋ 100% ਸਹੀ ਰਿਪੋਰਟ ਤਾਂ ਰੁਟੀਨ ਜਾਂਚ ਤੋਂ ਪਹਿਲਾਂ ਇਨ੍ਹਾਂ 4 ਚੀਜ਼ਾਂ ਤੋਂ ਕਰੋ ਬਚਾਅ



ਨਵੀਂ ਦਿੱਲੀ: ਕੈਂਸਰ, ਨਿਊਰੋਲੋਜੀਕਲ ਸਮੱਸਿਆਵਾਂ ਜਾਂ ਅੱਖਾਂ ਨਾਲ ਸਬੰਧਤ ਬਿਮਾਰੀਆਂ ਲਈ ਸਮੇਂ ਨੂੰ ਸਭ ਤੋਂ ਵਧੀਆ ਇਲਾਜ ਮੰਨਿਆ ਜਾਂਦਾ ਹੈ। ਡਾਕਟਰਾਂ ਦਾ ਮੰਨਣਾ ਹੈ ਕਿ ਨਿਯਮਤ ਜਾਂਚ ਬਿਮਾਰੀ ਨੂੰ ਲਾਇਲਾਜ ਹੋਣ ਤੋਂ ਰੋਕਣ ਲਈ ਇੱਕ ਸਾਵਧਾਨੀ ਉਪਾਅ ਹੈ।

ਇਹ ਬਿਮਾਰੀ ਦੇ ਗੰਭੀਰ ਹੋਣ ਤੋਂ ਪਹਿਲਾਂ ਇਸਦਾ ਪਤਾ ਲਗਾਉਣ ਵਿੱਚ ਮਦਦ ਕਰਦਾ ਹੈ ਅਤੇ ਜੀਵਨ ਦੀ ਗੁਣਵੱਤਾ ਵਿੱਚ ਸੁਧਾਰ ਕਰਦਾ ਹੈ। ਆਓ ਜਾਣਦੇ ਹਾਂ ਕਿ ਰੁਟੀਨ ਜਾਂਚ ਤੋਂ ਪਹਿਲਾਂ ਕੀ ਵਿਚਾਰ ਕਰਨਾ ਹੈ, ਭਾਵੇਂ ਇਹ ਸਾਲਾਨਾ ਹੋਵੇ ਜਾਂ ਹਰ ਛੇ ਮਹੀਨਿਆਂ ਬਾਅਦ।

**ਖੰਡ, ਨਮਕ ਜਾਂ ਚਰਬੀ ਵਾਲੇ ਭੋਜਨ ਖਾਣ ਤੋਂ ਪਰਹੇਜ਼ ਕਰੋ**

ਖੂਨ ਦੀ ਜਾਂਚ ਤੋਂ ਪਹਿਲਾਂ ਤੁਸੀਂ ਜੋ ਖਾਂਦੇ ਹੋ ਉਹ ਬਲੱਡ ਸ਼ੂਗਰ, ਕੋਲੈਸਟ੍ਰੋਲ ਅਤੇ ਟ੍ਰਾਈਗਲਿਸਰਾਈਡ ਦੇ ਪੱਧਰ ਨੂੰ ਪ੍ਰਭਾਵਤ ਕਰਦਾ ਹੈ। ਇਸ ਲਈ, ਟੈਸਟ ਤੋਂ ਪਹਿਲਾਂ ਖੰਡ, ਨਮਕ ਜਾਂ ਚਰਬੀ ਵਾਲੇ ਭੋਜਨ ਖਾਣ ਤੋਂ ਪਰਹੇਜ਼ ਕਰੋ। ਖੂਨ ਦੀ ਜਾਂਚ ਤੋਂ 8-12 ਘੰਟੇ ਪਹਿਲਾਂ ਕੁਝ ਵੀ ਨਾ ਖਾਣ ਦੀ ਵੀ ਸਿਫਾਰਸ਼ ਕੀਤੀ ਜਾਂਦੀ ਹੈ। ਇਸ ਨਾਲ ਤੁਹਾਡੇ ਸਰੀਰ ਨੂੰ ਭੋਜਨ ਨੂੰ ਹਜ਼ਮ ਕਰਨ ਲਈ ਕਾਫ਼ੀ ਸਮਾਂ ਮਿਲਦਾ ਹੈ।

**ਬਹੁਤ ਜ਼ਿਆਦਾ ਜਾਂ ਬਹੁਤ ਘੱਟ ਪਾਣੀ ਪੀਣਾ**

ਸਰੀਰ ਵਿੱਚ ਪਾਣੀ ਦੀ ਕੋਈ ਵੀ ਜ਼ਿਆਦਾ ਮਾਤਰਾ ਖੂਨ ਦੀ ਜਾਂਚ ਦੇ ਨਤੀਜਿਆਂ ਨੂੰ ਪ੍ਰਭਾਵਤ ਕਰ ਸਕਦੀ ਹੈ। ਜੇਕਰ ਕੋਈ ਡੀਹਾਈਡ੍ਰੇਟਿਡ ਹੋਣ ਦੇ ਦੌਰਾਨ ਖੂਨ ਦੀ ਜਾਂਚ ਲਈ ਆਉਂਦਾ ਹੈ, ਤਾਂ ਇਹ ਗੁਰਦੇ ਦੇ ਕੰਮਕਾਜ ਸੰਬੰਧੀ ਗੁੰਮਰਾਹਕੁੰਨ ਨਤੀਜੇ ਲੈ ਸਕਦਾ ਹੈ, ਅਤੇ ਬਹੁਤ ਜ਼ਿਆਦਾ ਪਾਣੀ ਪੀਣ ਨਾਲ ਇਲੈਕਟ੍ਰੋਲਾਈਟ ਨਾਲ ਸਬੰਧਤ ਸਮੱਸਿਆ ਦੀ ਉਲਝਣ ਹੋ ਸਕਦੀ ਹੈ।

**ਅਪਾਇੰਟਮੈਂਟ ਤੋਂ ਠੀਕ ਪਹਿਲਾਂ ਕਸਰਤ ਕਰਨਾ**

ਜਦੋਂ ਕਿ ਨਿਯਮਤ ਕਸਰਤ ਸਿਹਤ ਲਈ ਚੰਗੀ ਮੰਨੀ ਜਾਂਦੀ ਹੈ, ਪਰ ਚੈੱਕਅੱਪ ਤੋਂ ਠੀਕ ਪਹਿਲਾਂ ਜਿੰਮ ਜਾਣਾ ਚੰਗਾ ਵਿਚਾਰ ਨਹੀਂ ਹੈ। ਕਸਰਤ ਤੋਂ ਬਾਅਦ ਤੁਹਾਡੀਆਂ ਮਾਸਪੇਸ਼ੀਆਂ ਦੁਆਰਾ ਜਾਰੀ ਕੀਤੇ ਗਏ ਐਨਜ਼ਾਈਮ ਖਰਾਬ ਜਿਗਰ ਦੁਆਰਾ ਜਾਰੀ ਕੀਤੇ ਗਏ ਐਨਜ਼ਾਈਮ ਦੇ ਸਮਾਨ ਹੁੰਦੇ ਹਨ। ਹਾਲਾਂਕਿ, ਇਹ ਅੰਤਰ ਖੂਨ ਦੀ ਜਾਂਚ ਵਿੱਚ ਨਹੀਂ ਕੈਦ ਹੁੰਦਾ, ਨਤੀਜਿਆਂ ਨੂੰ ਪ੍ਰਭਾਵਿਤ ਕਰਦਾ ਹੈ। ਇਸ ਤੋਂ ਇਲਾਵਾ, ਚੈੱਕਅੱਪ ਤੋਂ ਠੀਕ ਪਹਿਲਾਂ ਕਸਰਤ ਕਰਨ ਨਾਲ ਕੋਲੈਸਟ੍ਰੋਲ ਅਤੇ ਬਲੱਡ ਸ਼ੂਗਰ ਦੇ ਨਤੀਜਿਆਂ 'ਤੇ ਵੀ ਅਸਰ ਪੈ ਸਕਦਾ ਹੈ।

**ਡਾਕਟਰ ਕੋਲ ਬਿਨਾਂ ਤਿਆਰੀ ਦੇ ਜਾਣਾ**

ਆਪਣੇ ਡਾਕਟਰ ਨਾਲ ਆਪਣੇ ਡਾਕਟਰੀ ਇਤਿਹਾਸ ਬਾਰੇ ਚਰਚਾ ਕਰਨ ਵਿੱਚ ਅਸਫਲ ਰਹਿਣਾ ਤੁਹਾਡੇ ਮੌਜੂਦਾ ਇਲਾਜ ਨੂੰ ਪ੍ਰਭਾਵਤ ਕਰ ਸਕਦਾ ਹੈ। ਤੁਹਾਨੂੰ ਕਦੋਂ ਹਸਪਤਾਲ ਵਿੱਚ ਭਰਤੀ ਕੀਤਾ ਗਿਆ ਸੀ ਅਤੇ ਕੀ ਤੁਹਾਡੀ ਕੋਈ ਪਹਿਲਾਂ ਤੋਂ ਮੌਜੂਦ ਡਾਕਟਰੀ ਸਥਿਤੀਆਂ ਹਨ ਵਰਗੇ ਸਵਾਲਾਂ ਦੇ ਜਵਾਬ ਦੇਣ ਨਾਲ ਡਾਕਟਰਾਂ ਨੂੰ ਤੁਹਾਡੀ ਸਿਹਤ ਦੀ ਸਹੀ ਤਸਵੀਰ ਮਿਲ ਸਕਦੀ ਹੈ ਅਤੇ ਇਲਾਜ ਦੀ ਦਿਸ਼ਾ ਨਿਰਧਾਰਤ ਕਰਨ ਵਿੱਚ ਮਦਦ ਮਿਲ ਸਕਦੀ ਹੈ। ਜੇ ਤੁਸੀਂ ਚਾਹੋ, ਤਾਂ ਤੁਸੀਂ ਬਿੰਦੂਆਂ ਵਿੱਚ ਆਪਣੇ ਡਾਕਟਰੀ ਇਤਿਹਾਸ ਦੇ ਨੋਟ ਵੀ ਲੈ ਸਕਦੇ ਹੋ।

# ਕਿਤਾਬਾਂ ਅਤੇ ਜੀਵਨ ਦੇ ਪਾਠ

ਪ੍ਰਾਚੀਨ ਸਮਿਆਂ ਤੋਂ ਮਨੁੱਖ ਆਪਣੀਆਂ ਭਾਵਨਾਵਾਂ ਅਤੇ ਅਹਿਸਾਸਾਂ ਨੂੰ ਚਿੱਤਰਕਲਾ ਅਤੇ ਪ੍ਰਤੀਕਾਤਮਕ ਪ੍ਰਤੀਨਿਧੀ ਰਾਹੀਂ ਪ੍ਰਗਟ ਕਰਨ ਵਿੱਚ ਰੁਚੀ ਰੱਖਦੇ ਸਨ। ਹੌਲੀ ਹੌਲੀ ਇਸ ਜਾਨਣ ਦੀ ਤਾਂਘ ਅਤੇ ਪਿਆਰ ਨੇ ਆਪਣੀ ਅੰਦਰੂਨੀ ਰੂਹ ਨੂੰ ਦਰਸਾਉਣ ਦੀ ਕੋਸ਼ਿਸ਼ ਕੀਤੀ ਅਤੇ ਭਾਸ਼ਾ ਵਿਕਸਤ ਹੋਣ ਲੱਗੀ। ਸਮੇਂ ਦੇ ਨਾਲ-ਨਾਲ ਦੁਨੀਆ ਭਰ ਵਿੱਚ ਵੱਖ-ਵੱਖ ਅੱਖਰਾਂ ਦਾ ਜਨਮ ਹੋਇਆ। ਇਸ ਨੇ ਵੱਖ-ਵੱਖ ਭਾਸ਼ਾਵਾਂ ਨੂੰ ਜਨਮ ਦਿੱਤਾ। ਜਿਵੇਂ ਜਿਵੇਂ ਭਾਸ਼ਾਵਾਂ ਪੱਕੀਆਂ ਹੋਈਆਂ, ਲਿਖਾਈ ਵੀ ਉਤਪੰਨ ਹੋਣ ਲੱਗੀ। ਆਧਿਆਤਮਿਕਤਾ, ਕੁਦਰਤ, ਪਿਆਰ, ਇੱਛਾ, ਯੁੱਧ, ਬਹਾਦਰੀ ਅਤੇ ਹੋਰਾਂ ਨੇ ਪ੍ਰਾਚੀਨ ਲਿਖਾਈ ਦੇ ਮੂਲ ਨੂੰ ਬਣਾਇਆ। ਇਹ ਲਿਖਾਈਆਂ ਬਾਅਦ ਵਿੱਚ ਇਕੱਠੀਆਂ ਕੀਤੀਆਂ ਗਈਆਂ ਅਤੇ ਕਿਤਾਬਾਂ ਬਣਾਈਆਂ ਗਈਆਂ। ਕਿਤਾਬਾਂ ਗਿਆਨ ਦਾ ਸਿਰਫ ਸਰੋਤ ਹੀ ਨਹੀਂ ਸਨ ਬਲਕਿ ਇਹ ਮਨੁੱਖਾਂ ਨਾਲ ਇਕ ਸਦੀਵੀ ਰਿਸ਼ਤਾ ਬਣਾਉਂਦੀਆਂ ਸਨ। ਦੋਸਤੀ, ਭਰੋਸਾ, ਤਾਕਤ, ਆਧਿਆਤਮਿਕਤਾ ਅਤੇ ਸਮਾਜਵਾਦ ਦਾ ਰਿਸ਼ਤਾ ਕਿਤਾਬਾਂ ਦੀ ਹੀ ਦੇਣ ਹੈ।

ਅੱਜਕੱਲ੍ਹ ਜਦੋਂ ਪੀੜ੍ਹੀ ਡਿਜੀਟਲਾਈਜ਼ੇਸ਼ਨ ਵੱਲ ਵਧ ਰਹੀ ਹੈ, ਤਾਂ ਕਿਤਾਬਾਂ ਪੜ੍ਹਨ ਦੇ ਸ਼ੌਕ ਵਿੱਚ ਨਿਘਾਰ ਆਇਆ ਹੈ। ਪਹਿਲਾ ਕਿਤਾਬਾਂ ਹਰ ਘਰ ਦਾ ਅਹਿਮ ਹਿੱਸਾ ਸਨ ਪਰ ਹੁਣ ਇਹ ਕਿਤਾਬੀ ਸਾਂਝ ਖਤਮ ਹੋਣ ਦੇ ਕਿਨਾਰੇ ਹੈ। ਕਿਤਾਬਾਂ ਗਿਆਨ ਦਾ ਸਰੋਤ ਹੀ ਨਹੀਂ ਹਨ ਬਲਕਿ ਇਹ ਮਨੁੱਖਾਂ ਨਾਲ ਇੱਕ ਗਹਿਰਾ ਰਿਸ਼ਤਾ ਸਾਂਝਾ ਕਰਦੀਆਂ ਹਨ।

ਕਿਤਾਬਾਂ ਸਾਡੇ ਜੀਵਨ ਵਿੱਚ ਇੱਕ ਮਹੱਤਵਪੂਰਨ ਭੂਮਿਕਾ ਨਿਭਾਉਂਦੀਆਂ ਹਨ ਖਾਸ ਕਰਕੇ ਬੱਚਿਆਂ ਲਈ। ਕਿਤਾਬਾਂ ਪੜ੍ਹਨ ਨਾਲ ਵਿਦਿਆਰਥੀਆਂ ਦਾ ਗਿਆਨ ਵੱਧਦਾ ਹੈ, ਉਹਨਾਂ ਦੀ ਬੁੱਧੀ ਵਿੱਚ ਸੁਧਾਰ ਹੁੰਦਾ ਹੈ ਅਤੇ ਉਹਨਾਂ ਨੂੰ ਦੁਨੀਆ ਭਰ ਦੇ ਵੱਖ-ਵੱਖ ਸਮਾਜਾਂ ਅਤੇ ਸਭਿਆਚਾਰਾਂ ਦੀ ਜਾਣਕਾਰੀ ਮਿਲਦੀ ਹੈ। ਇਸ ਤੋਂ ਇਲਾਵਾ ਕਿਤਾਬਾਂ ਪੜ੍ਹਨ ਨਾਲ ਵਿਦਿਆਰਥੀਆਂ ਦੇ ਮਨ ਵਿੱਚ ਕਲਪਨਾ ਅਤੇ ਰਚਨਾਤਮਕਤਾ ਵੱਧਦੀ ਹੈ। ਜਟਿਲ ਕਹਾਣੀਆਂ ਅਤੇ ਬਹੁਤ ਸਾਰੇ ਵਿਚਾਰਾਂ ਨਾਲ ਜੁੜਨ ਦੀ ਪ੍ਰਕਿਰਿਆ ਸੰਵੇਦਨਸ਼ੀਲ ਸੋਚ ਨੂੰ ਉਤਸ਼ਾਹਿਤ ਕਰਦੀ ਹੈ। ਪੜ੍ਹਨ ਵਾਲੇ ਸਥਿਤੀਆਂ ਦਾ ਵਿਸ਼ਲੇਸ਼ਣ ਕਰਨਾ, ਧਾਰਣਾ ਨੂੰ ਸਵਾਲ ਕਰਨਾ ਅਤੇ ਆਪਣੇ ਆਪ ਦੇ ਵਿਸ਼ਵਾਸਾਂ 'ਤੇ ਵਿਚਾਰ ਕਰਨਾ ਸਿਖਦੇ ਹਨ, ਜਿਸ ਨਾਲ ਸਮੱਸਿਆ ਹੱਲ ਕਰਨ ਦੇ ਲਈ ਸੋਚਣ ਦਾ ਇੱਕ ਵਿਚਾਰਸ਼ੀਲ ਤਰੀਕਾ ਵਿਕਸਤ ਹੁੰਦਾ ਹੈ।

**ਕਿਤਾਬਾਂ ਪੜ੍ਹਨਾ ਵਿਦਿਆਰਥੀਆਂ ਲਈ ਕਈ ਤਰੀਕਿਆਂ ਨਾਲ ਮਹੱਤਵਪੂਰਨ ਹੋ ਸਕਦਾ ਹੈ, ਜਿਸ ਵਿੱਚ ਸ਼ਾਮਲ ਹਨ:**

"ਗਿਆਨ" : ਕਿਤਾਬਾਂ ਪੜ੍ਹਨ ਨਾਲ ਵਿਦਿਆਰਥੀਆਂ ਨੂੰ ਵੱਖ-ਵੱਖ ਸਭਿਆਚਾਰਾਂ ਅਤੇ ਸਮਾਜਾਂ ਬਾਰੇ ਜਾਣਕਾਰੀ ਮਿਲਦੀ ਹੈ ਅਤੇ ਉਹਨਾਂ ਦਾ ਗਿਆਨ ਵੱਧਦਾ ਹੈ।

"ਭਾਸ਼ਾ ਦੇ ਹੁਨਰ:" ਕਿਤਾਬਾਂ ਦੀ ਲਗਾਤਾਰ ਪੜ੍ਹਾਈ ਵਿਦਿਆਰਥੀਆਂ ਦੀ ਸ਼ਬਦਾਵਲੀ, ਸੰਚਾਰ ਦੇ ਹੁਨਰ ਅਤੇ ਪੜ੍ਹਨ ਲਿਖਣ ਦੇ ਹੁਨਰਾਂ ਵਿੱਚ ਸੁਧਾਰ ਕਰਨ ਵਿੱਚ ਮਦਦ ਕਰ ਸਕਦੀ ਹੈ।

"ਕਲਪਨਾ ਅਤੇ ਰਚਨਾਤਮਕਤਾ:" ਕਿਤਾਬਾਂ ਵਿਦਿਆਰਥੀਆਂ ਦੀ ਕਲਪਨਾ ਅਤੇ ਰਚਨਾਤਮਕਤਾ ਨੂੰ ਵੱਧਾਉਣ ਵਿੱਚ ਮਦਦ ਕਰਦੀਆਂ ਹਨ।

"ਜਟਿਲ ਸੋਚ:" ਕਿਤਾਬਾਂ ਵਿਦਿਆਰਥੀਆਂ ਨੂੰ ਮਜ਼ਬੂਤ ਵਿਸ਼ਲੇਸ਼ਣਾਤਮਕ ਸੋਚ ਦੇ ਹੁਨਰ ਵਿਕਸਤ ਕਰਨ ਵਿੱਚ ਮਦਦ ਕਰਦੀ ਹੈ।













# ਰਾਸ਼ੀਫਲ

**ਮੇਖ :** ਕੋਫੀ ਪੀਣਾ ਛੱਡ ਦਿਉ ਖਾਸ ਤੋਰ ਤੇ ਦਿਲ ਦੇ ਮਰੀਜ਼ਾ ਲਈ । ਪੈਸਾ ਅਚਾਨਕ ਤੁਹਾਡੇ ਕੋਲ ਆਵੇਗਾ ਜੋ ਤੁਹਾਡੇ ਖਰਚੇ ਅਤੇ ਬਿਲ ਆਦਿ ਵਿਚ ਸਮੋ ਜਾਵੇਗਾ। ਤੁਹਾਨੂੰ ਆਪਣਾ ਬਾਕੀ ਸਮਾਂ ਬੱਚਿਆਂ ਨਾਲ ਗੁਜਾਰਨਾ ਚਾਹੀਦਾ ਹੈ ਇਸ ਲਈ ਤੁਹਾਨੂੰ ਕੁਝ ਖਾਸ ਹੀ ਕਿਉਂ ਨਾ ਕਰਨਾ ਪਵੇ। ਪ੍ਰੇਮੀ ਇਕ ਦੂਜੇ ਦੀਆਂ ਪਰਿਵਾਰਿਕ ਭਾਵਨਾਵਾਂ ਨੂੰ ਸਮਝਣਗੇ। ਅੱਜ ਤੁਸੀ ਇਕ ਅਜਿਹੀ ਪਰਿਯੋਜਨਾ ਪੂਰੀ ਕਰਕੇ ਚੈਨ ਦਾ ਸਾਂਹ ਲਵੋਂਗੇ ਜਿਸਨੂੰ ਤੁਸੀ ਬਹੁਤ ਪਹਿਲਾਂ ਸ਼ੁਰੂ ਕਰੋਂਗੇ। ਆਪਣਾ ਸਮਾਂ ਅਤੇ ਤਾਕਤ ਦੂਜਿਆਂ ਦੀ ਮਦਦ ਕਰਨ ਤੇ ਅਰਪਣ ਕਰੋ ਪਰੰਤੂ ਅਜਿਹੇ ਮਾਮਲੇ ਵਿਚ ਸ਼ਾਮਲ ਹੋਣ ਤੋਂ ਬਚੋ ਜਿਨਾਂ ਨਾਲ ਤੁਹਾਡੀ ਕੋਈ ਲੈਣ ਦੇਣ ਨਹੀਂ ਹੈ। ਮਹਿਲਾਵਾਂ ਸ਼ੁੱਕਰ ਅਤੇ ਪੁਰਸ਼ ਮੰਗਲ ਗ੍ਰਹਿ ਦੇ ਰਹਿਣ ਵਾਲੇ ਹਨ ਪਰੰਤੂ ਅੱਜ ਦੇ ਦਿਨ ਸ਼ੁੱਕਰ ਅਤੇ ਮੰਗਲ ਇਕ ਦੂਸਰੇ ਵਿਚ ਘੁਲ ਜਾਣਗੇ।

**ਬ੍ਰਿਸ਼ਭ:** ਤਨਾਵ ਤੋਂ ਛੁੱਟਕਾਰਾ ਪਾਉਣ ਦੇ ਲਈ ਸੰਗੀਤ ਦਾ ਸਹਾਰਾ ਲਉ। ਲੰਬੇ ਨਿਵੇਸ਼ ਤੋਂ ਬਚੋ ਅਤੇ ਕੋਸ਼ਿਸ਼ ਕਰੋ ਦੋਸਤਾਂ ਦੇ ਨਾਲ ਬਾਹਰ ਜਾ ਕੇ ਖੁਸ਼ੀ ਦੇ ਪਲ ਬਤੀਤ ਕਰੋ। ਪੜ੍ਹਾਈ ਦੇ ਸਮੇਂ ਘਰ ਤੋਂ ਬਾਹਰ ਜ਼ਿਆਦਾਤਰ ਬਾਹਰ ਰਹਿਣਾ ਤੁਹਾਡੇ ਮਾਤਾ ਪਿਤਾ ਨੂੰ ਗੁੱਸੇ ਦਾ ਸ਼ਿਕਾਰ ਬਣ ਸਕਦਾ ਹੈ। ਕਰੀਅਰ ਦੇ ਲਈ ਯੋਜਨਾ ਬਣਾਉਣਾ ਉਨਾ ਹੀ ਮੁਸ਼ਕਿਲ ਹੈ ਜਿਨਾਂ ਕਿ ਖੇਡਣਾ। ਇਸ ਲਈ ਮਾਤਾ ਪਿਤਾ ਨੂੰ ਖੁਸ਼ ਕਰਨ ਦੇ ਲਈ ਦੋਨਾਂ ਵਿਚ ਸੰਤੁਲਨ ਬਣਾਉਣਾ ਜ਼ਰੂਰੀ ਹੈ। ਅੱਜ ਰੋਮਾਂਸ ਦੇ ਨਜ਼ਰੀਏ ਤੋਂ ਜ਼ਿੰਦਗੀ ਬਹੁਤ ਜਟਿਲ ਹੈ। ਤੁਸੀ ਲੰਬੇ ਸਮੇਂ ਤੋਂ ਦਫਤਰ ਵਿਚ ਕਿਸੇ ਨਾਲ ਗੱਲਬਾਤ ਕਰਨਾ ਚਾਅ ਰਹੇ ਹੋ ਅੱਜ ਕਿਸਮਤ ਵਾਲਾ ਦਿਨ ਹੈ। ਅੱਜ ਦੇ ਦਿਨ ਖਰੀਦਦਾਰੀ ਅਤੇ ਹੋਰ ਗਤੀਵਿਧੀਆਂ ਵਿਚ ਤੁਸੀ ਵਿਅਸਤ ਰਹੋਂਗੇ। ਬਿਨ ਬੁਲਾਏ ਰਿਸ਼ਤੇਦਾਰ ਦੀ ਵਜਾਹ ਨਾਲ ਤੁਹਾਡੀ ਯੋਜਨਾ ਵਿਚ ਗੜਬੜ ਹੋ ਸਕਦੀ ਹੈ ਪਰੰਤੂ ਤੁਹਾਡਾ ਦਿਨ ਖੁਸ਼ਨੁਮਾ ਬਣ ਜਾਵੇਗਾ।

**ਮਿਥੁਨ:** ਤੁਸੀਂ ਭਾਵਨਾਤਮਕ ਤੋਰ ਤੇ ਬਹੁਤ ਸੰਵੇਦਨਸ਼ੀਲ ਹੋ ਇਸ ਲਈ ਅਜਿਹੇ ਹਾਲਾਤਾਂ ਤੋਂ ਬਚੋ ਜੋ ਤੁਹਾਨੂੰ ਚੋਟ ਪਹੁੰਚਾ ਸਕਦਾ ਹੈ। ਕਿਸੇ ਕਰੀਬੀ ਰਿਸ਼ਤੇਦਾਰ ਦੀ ਮਦਦ ਨਾਲ ਤੁਸੀ ਆਪਣੇ ਕਾਰੋਬਾਰ ਨੂੰ ਵਧੀਆ ਕਰ ਸਕਦੇ ਹੋ, ਜਿਸ ਨਾਲ ਤੁਹਾਨੂੰ ਆਰਥਿਕ ਲਾਭ ਵੀ ਹੋਵੇਗਾ। ਆਪਣੇ ਵਿਵਹਾਰ ਵਿਚ ਉਦਾਰ ਲਿਆਵੋ ਅਤੇ ਪਰਿਵਾਰ ਦੇ ਨਾਲ ਪਿਆਰ ਭਰੇ ਪਲ ਗੁਜ਼ਾਰੋ। ਜੇਕਰ ਤੁਸੀ ਸ਼ਾਮ ਨੂੰ ਦੋਸਤਾਂ ਨਾਲ ਘੁੰਮਣ ਜਾਂਦੇ ਹੋ ਤਾਂ ਰੁਮਾਂਸ ਤੁਰੰਤ ਤੁਹਾਡੇ ਰਾਹ ਵਿਚ ਆ ਸਕਦਾ ਹੈ। ਆਪਣੇ ਉਦੇਸ਼ਾਂ ਦਾ ਪਿੱਛਾ ਕਰਨ ਦੇ ਲਈ ਚੰਗਾ ਦਿਨ ਹੈ ਆਪਣੀ ਸਰੀਰਕ ਉਰਜਾ ਦਾ ਸਤਰ ਉੱਚਾ ਰੱਖੋ ਤਾ ਕਿ ਤੁਸੀ ਜੀ ਤੋੜ ਮਿਹਨਤ ਕਰਕੇ ਜਲਦੀ ਹੀ ਉਸ ਨੂੰ ਹਾਸਿਲ ਕਰੋ ਇਸ ਮਾਮਲੇ ਵਿਚ ਤੁਹਾਨੂੰ ਆਪਣੇ ਦੋਸਤ ਦੀ ਮਦਦ ਵੀ ਲੈ ਸਕਦੇ ਹੋ ਇਸ ਨਾਲ ਤੁਹਾਡਾ ਉਤਸ਼ਾਹ ਵਧੇਗਾ ਅਤੇ ਉਦੇਸ਼ ਨੂੰ ਪਾਉਣ ਵਿਚ ਸਹਾਇਤਾ ਮਿਲੇਗੀ। ਜੇਕਰ ਤੁਸੀ ਅੱਜ ਖਰੀਦਦਾਰੀ ਲਈ ਜਾਂਦੇ ਹੋ ਤਾਂ ਆਪਣੇ ਲਈ ਕੋਈ ਵਧੀਆ ਕੱਪੜੇ ਦੀ ਸਮੱਗਰੀ ਲੈ ਕੇ ਆਵੋਂਗੇ। ਅੱਜ ਤੁਹਾਨੂੰ ਅਤੇ ਤੁਹਾਡੇ ਜੀਵਨਸਾਥੀ ਨੂੰ ਕੋਈ ਬੇਹਤਰੀਨ ਖਬਰ ਮਿਲ ਸਕਦੀ ਹੈ।

**ਕਰਕ :** ਅਣਚਾਹੇ ਖਿਆਲਾਂ ਨੂੰ ਦਿਮਾਗ ਤੇ ਕਬਜ਼ਾ ਨਾ ਕਰਨ ਦਿਉ। ਸ਼ਾਤ ਅਤੇ ਤਣਾਅ ਰਹਿਤ ਰਹਿਣ ਦੀ ਕੋਸ਼ਿਸ਼ ਕਰੋ ਇਸ ਨਾਲ ਤੁਹਾਡੀ ਮਾਨਸਿਕ ਸ਼ਮਤਾ ਵਧੇਗੀ। ਅੱਜ ਤੁਸੀ ਆਪਣੇ ਘਰ ਦੇ ਸੀਨੀਅਰਾਂ ਨਾਲ ਪੈਸੇ ਦੀ ਬਚਤ ਕਰਨ ਨੂੰ ਲੈ ਕੇ ਕੋਈ ਸਲਾਹ ਲੈ ਸਕਦੇ ਹੋ ਅਤੇ ਉਸ ਸਲਾਹ ਨੂੰ ਜ਼ਿੰਦਗੀ ਵਿਚ ਜਗ੍ਹਾ ਵੀ ਦੇ ਸਕਦੇ ਹੋ। ਦੋਸਤਾਂ ਦੇ ਨਾਲ ਸਰਗਰਮੀਆਂ ਕਰਨਾ ਮਜ਼ੇਦਾਰ ਰਹੇਗਾ ਪਰੰਤੂ ਜ਼ਿਆਦਾ ਪੈਸੇ ਖਰਚ ਨਾ ਕਰੋ ਨਹੀਂ ਤਾਂ ਤੁਸੀ ਖਾਲੀ ਜੇਬ ਲੈ ਕੇ ਘਰ ਆਵੋਂਗੇ। ਤੁਹਾਡਾ ਪਿਆਰ ਨਵੀਂ ਉਚਾਈ ਤੇ ਚੜੇਗਾ ਤੁਹਾਡਾ ਦਿਨ ਤੁਹਾਡੇ ਪਿਆਰ ਦੀ ਮੁਸਕਾਨ ਨਾਲ ਸ਼ੁਰੂ ਹੋਵੇਗਾ ਅਤੇ ਖਤਮ ਵਿਚ ਸੁਪਨਿਆਂ ਵਿਚ ਹੋਵੇਗਾ ਅੱਜ ਦੇ ਦਿਨ ਤੁਸੀ ਸਭ ਦੇ ਧਿਆਨ ਦਾ ਕੇਂਦਰ ਹੋਵੋਂਗੇ ਅਤੇ ਸਫਲਤਾ ਤੁਹਾਡੀ ਪਹੁੰਚ ਵਿਚ ਹੋਵੇਗੀ। ਖਾਲੀ ਸਮੇਂ ਦਾ ਆਨੰਦ ਉਠਾਉਣ ਲਈ ਤੁਹਾਨੂੰ ਲੋਕਾਂ ਤੋਂ ਦੂਰ ਹੋ ਕੇ ਆਪਣੇ ਪਸੰਦੀਦਾ ਕੰਮ ਕਰਨੇ ਚਾਹੀਦੇ ਹਨ ਅਜਿਹਾ ਕਰਕੇ ਤੁਹਾਡੇ ਵਿਚ ਸਾਕਾਰਤਮਕ ਬਦਲਾਅ ਵੀ ਆਵੇਗਾ। ਛੂਹਣਾ, ਚੁੰਮੀਆਂ, ਜੱਫੀਆਂ ਵਿਆਹੁਤਾ ਜੀਵਨ ਵਿਚ ਇਸਦੀ ਇਕ ਵਿਸ਼ੇਸ਼ ਮਹੱਤਤਾ ਹੈ ਅੱਜ ਤੁਸੀ ਇਸ ਦਾ ਅਨੁਭਵ ਕਰੋਂਗੇ।



**ਸਿੰਘ:** ਕਠਿਨਾਈਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ ਹਿੰਮਤ ਨਾ ਹਾਰੋ ਅਤੇ ਇੱਛਚ ਫਲ ਪਾਉਣ ਦੇ ਲਈ ਸਖਤ ਮਿਹਨਤ ਕਰੋ। ਇਨਾਂ ਨਾਕਮੀਆਂ ਨੂੰ ਤਰੱਕੀ ਦਾ ਆਧਾਰ ਬਣਾਉ। ਮੁਸ਼ਕਿਲ ਘੜੀ ਵਿਚ ਰਿਸ਼ਤੇਦਾਰ ਵੀ ਕੰਮ ਆਉਣਗੇ। ਯਾਤਰਾ ਤੁਹਾਨੂੰ ਕੁਝ ਥਕਾਵਟ ਅਤੇ ਤਨਾਵ ਦੇਵੇਗੀ ਪਰੰਤੂ ਆਰਥਿਕ ਤੋਰ ਤੇ ਲਾਭਦਾਇਕ ਸਾਬਿਤ ਹੋਵੇਗੀ। ਤੁਹਾਡੇ ਆਕਰਸ਼ਣ ਅਤੇ ਵਿਅਕਤਿਤਵ ਦੇ ਜ਼ਰੀਏ ਤੁਹਾਨੂੰ ਕੁਝ ਨਵੇਂ ਦੋਸਤ ਮਿਲਣਗੇ। ਅੱਜ ਤੁਸੀ ਆਪਣੇ ਜੀਵਨ ਵਿਚ ਸੱਚੇ ਪਿਆਰ ਨੂੰ ਮਿਸ ਕਰੋਂਗੇ ਪਰੰਤੂ ਚਿੰਤਾ ਕਰਨ ਦੀ ਲੋੜ ਨਹੀਂ ਤੁਹਾਡੀ ਰੋਮਾਂਟਿਕ ਜ਼ਿੰਦਗੀ ਵਿਚ ਸਮਾਂ ਆਉਣ ਤੇ ਬਦਲ ਆ ਜਾਵੇਗਾ। ਕੰਮ ਦੇ ਵਿਚ ਤੁਹਾਡੇ ਪ੍ਰੋਫੈਸ਼ਨ ਦੀ ਪਰੀਖਿਆ ਹੋਵੇਗੀ। ਇੱਛਤ ਪਰਿਣਾਮ ਦੇਣ ਦੇ ਲਈ ਤੁਹਾਨੂੰ ਆਪਣੀ ਕੋਸ਼ਿਸ਼ ਤੇ ਇਕਾਗਰਤਾ ਬਣਾਏ ਰੱਖਣ ਦੀ ਲੋੜ ਹੈ। ਇਸ ਰਾਸ਼ੀ ਦੇ ਲੋਕਾਂ ਨੂੰ ਅੱਜ ਆਪਣੇ ਲਈ ਸਮਾਂ ਕੱਢਣ ਦੀ ਸਖਤ ਲੋੜ ਹੈ ਇਸ ਕੰਮ ਨਾਲ ਉਨਾਂ ਦਾ ਮਾਨਸਿਕ ਤਣਾਅ ਵੱਧ ਸਕਦਾ ਹੈ। ਤੁਹਾਨੂੰ ਅਤੇ ਜੀਵਨਸਾਥੀ ਨੂੰ ਵਿਆਹੁਤ ਜ਼ਿੰਦਗੀ ਵਿਚ ਕੁਝ ਨਿੱਜਤਾ ਦੀ ਲੋੜ ਹੈ।

**ਕੰਨਿਆ:** ਤਣਾਅ ਦੇ ਚਲਦੇ ਬਿਮਾਰੀ ਨਾਲ ਦੋ ਚਾਰ ਹੋਣਾ ਹੋ ਸਕਦਾ ਹੈ ਸਕੂਨ ਮਹਿਸੂਸ ਕਰਨ ਦੇ ਲਈ ਦੋਸਤਾਂ ਅਤੇ ਪਰਿਵਾਰ ਦੇ ਨਾਲ ਕੁੱਝ ਸਮਾਂ ਬਿਤਾਉ। ਜੋ ਲੋਕ ਆਪਣੇ ਕਰੀਬੀਆਂ ਜਾਂ ਰਿਸ਼ਤੇਦਾਰਾਂ ਨਾਲ ਮਿਲ ਕੇ ਕਾਰੋਬਾਰ ਕਰ ਰਹੇ ਹਨ ਉਨਾਂ ਨੂੰ ਬਹੁਤ ਧਿਆਨ ਰੱਖਣ ਦੀ ਲੋੜ ਹੈ ਨਹੀਂ ਤਾਂ ਆਰਥਿਕ ਘਾਟਾ ਹੋ ਸਕਦਾ ਹੈ। ਦੋਸਤਾਂ ਦੇ ਨਾਲ ਸਰਗਰਮੀਆਂ ਕਰਨਾ ਮਜ਼ੇਦਾਰ ਰਹੇਗਾ ਪਰੰਤੂ ਜ਼ਿਆਦਾ ਪੈਸੇ ਖਰਚ ਨਾ ਕਰੋ ਨਹੀਂ ਤਾਂ ਤੁਸੀ ਖਾਲੀ ਜੇਬ ਲੈ ਕੇ ਘਰ ਆਵੋਂਗੇ। ਰੋਮਾਂਸ ਤੁਹਾਡੇ ਦਿਲ ਅਤੇ ਦਿਮਾਗ ਨੂੰ ਨਿਯੰਤਰਿਤ ਕਰਦਾ ਹੈ। ਅੱਜ ਦਫਤਰ ਵਿਚ ਤੁਹਾਨੂੰ ਵਧੀਆ ਨਤੀਜਾ ਨਹੀਂ ਮਿਲੇਗਾ ਕੋਈ ਨੇੜਲਾ ਅੱਜ ਤੁਹਾਡੇ ਨਾਲ ਧੋਖਾ ਕਰ ਸਕਦਾ ਹੈ ਜਿਸ ਦੀ ਵਜਾਹ ਨਾਲ ਤੁਸੀ ਦਿਨ ਭਰ ਪਰੇਸ਼ਾਨ ਰਹਿ ਸਕਦੇ ਹੋ। ਇਸ ਰਾਸ਼ੀ ਦੇ ਲੋਕਾਂ ਨੂੰ ਅੱਜ ਸ਼ਰਾਬ ਜਾਂ ਸਿਗਰੇਟ ਤੋਂ ਦੂਰ ਰਹਿਣ ਦੀ ਲੋੜ ਹੈ ਕਿਉਂ ਕਿ ਇਸ ਨਾਲ ਤੁਹਾਡਾ ਕੀਮਤੀ ਸਮਾਂ ਬਰਬਾਦ ਹੋ ਸਕਦਾ ਹੈ। ਤੁਹਾਡਾ ਜੀਵਨਸਾਥੀ ਤੁਹਾਨੂੰ ਪਾ ਕੇ ਖੁਦ ਨੂੰ ਖੁਸ਼ਨਸੀਬ ਸਮਝਦਾ ਹੈ ਇਨਾਂ ਪਲਾਂ ਦਾ ਤੁਸੀ ਭਰਪੂਰ ਉਪਯੋਗ ਕਰੋਂਗੇ।

**ਤੁਲਾ:** ਕਿਸੇ ਲੜਾਈ ਵਾਲੇ ਇਨਸਾਨ ਨਾਲ ਵਾਦ ਵਿਵਾਦ ਤੁਹਾਡਾ ਮੂਡ ਖਰਾਬ ਕਰ ਸਕਦਾ ਹੈ ਸਮਝਦਾਰੀ ਤੋਂ ਕੰਮ ਲਵੋ ਅਤੇ ਜੇਕਰ ਸੰਭਵ ਹੋਵੇ ਤਾਂ ਇਸ ਤੋਂ ਬਚੋ ਕਿਉਂ ਕਿ ਕਿਸੇ ਵੀ ਤਰਾਂ ਦਾ ਵਿਵਾਦ ਤੁਹਾਡੇ ਲਈ ਮਦਦਗਾਰ ਨਹੀਂ ਰਹੇਗਾ। ਅੱਜ ਤੁਹਾਡੀ ਕੋਈ ਚਲ ਸੰਪਤੀ ਚੋਰੀ ਹੋ ਸਕਦੀ ਹੈ ਇਸ ਲਈ ਜਿੰਨਾਂ ਹੋ ਸਕੇ ਇਸ ਦਾ ਧਿਆਨ ਰੱਖੋ। ਅਜਿਹੇ ਕੰਮਾਂ ਨੂੰ ਸ਼ੁਰੂ ਕਰਨ ਲਈ ਵਧੀਆ ਦਿਨ ਹੈ ਜਿਸ ਨਾਲ ਨੋਜਵਾਨ ਲੋਕ ਜੁੜੇ ਹੋਣ। ਅੱਜ ਤੁਸੀ ਆਪਣੇ ਪ੍ਰੇਮੀ ਨਾਲ ਜਜਬਾਤਾਂ ਦਾ ਇਜ਼ਹਾਰ ਕਰਨ ਵਿਚ ਮੁਸ਼ਕਿਲ ਮਹਿਸੂਸ ਕਰੋਂਗੇ। ਤੁਹਾਡੇ ਵਿਰੋਧੀ ਅੱਜ ਕੰਮ ਤੇ ਉਨਾਂ ਦੇ ਮਾੜੇ ਕੰਮਾਂ ਦਾ ਨਤੀਜਾ ਪ੍ਰਾਪਤ ਕਰਨਗੇ। ਜੇਕਰ ਤੁਸੀ ਵਿਆਹੇ ਵਰੇ ਹੋ ਅਤੇ ਤੁਹਾਡੇ ਬੱਚੇ ਵੀ ਹਨ ਤਾਂ ਉਹ ਅੱਜ ਸ਼ਿਕਾਇਤ ਕਰ ਸਕਦੇ ਹਨ ਕਿ ਤੁਸੀ ਉਨਾਂ ਨੂੰ ਸਹੀ ਸਮਾਂ ਨਹੀਂ ਦੇ ਪਾ ਰਹੇ। ਜੀਵਨਸਾਥੀ ਦੇ ਕਾਰਨ ਕੁਝ ਨੁਕਸਾਨ ਹੋ ਸਕਦਾ ਹੈ।

**ਬ੍ਰਿਸ਼ਚਕ:** ਜੇਕਰ ਤੁਸੀ ਬਹੁਤ ਜ਼ਿਆਦਾਂ ਤਣਾਅ ਮਹਿਸੂਸ ਕਰ ਰਹੇ ਹੋ ਤਾਂ ਬੱਚਿਆਂ ਦੇ ਨਾਲ ਜਿਆਦਾ ਸਮਾਂ ਬਿਤਾਉ। ਉਹਨਾਂ ਦੇ ਪਿਆਰ ਭਰੇ ਅਲਿਗਨ ਅਤੇ ਮਾਸੂਮ ਮੁਸਕਰਾਹਟ ਤੁਹਾਡੀ ਸਾਰੀਆਂ ਪਰੇਸ਼ਾਨੀਆਂ ਨੂੰ ਖਤਮ ਕਰ ਦੇਵੇਗੀ। ਅੱਜ ਕੀਤਾ ਗਿਆ ਨਿਵੇਸ਼ ਤੁਹਾਡੀ ਖੁਸ਼ਹਾਲੀ ਅਤੇ ਆਰਥਿਕ ਸੁੱਰਖਿਆ ਵਿਚ ਵਾਧਾ ਕਰੇਗਾ। ਅੱਜ ਪਰਿਵਾਰ ਦੇ ਲੋਕਾਂ ਨਾਲ ਪੈਸੇ ਨੂੰ ਲੈ ਕੇ ਕਹਿ ਸੁਣੀ ਹੋ ਸਕਦੀ ਹੈ ਪੈਸੇ ਦੇ ਮਾਮਲੇ ਵਿਚ ਤੁਹਾਨੂੰ ਪਰਿਵਾਰ ਦੇ ਸਾਰਿਆਂ ਮੈਂਬਰਾਂ ਨੂੰ ਸਪਸ਼ਟ ਹੋਣ ਦੀ ਸਲਾਹ ਦੇਣੀ ਚਾਹੀਦੀ ਹੈ। ਰੁਮਾਂਟਿਕ ਮੁਲਾਕਾਤ ਤੁਹਾਡੀ ਖੁਸ਼ੀ ਵਿਚ ਤੜਕੇ ਦਾ ਕੰਮ ਕਰੇਗੀ। ਜੋ ਲੋਕ ਵਿਦੇਸ਼ ਵਪਾਰ ਨਾਲ ਜੁੜੇ ਹਨ ਨੂੰ ਲੋੜੀਂਦੇ ਨਤੀਜੇ ਮਿਲਣ ਦੀ ਉਮੀਦ ਹੈ ਇਸ ਦੇ ਨਾਲ ਇਸ ਰਾਸ਼ੀ ਦੇ ਚਿੰਨ੍ਹ ਦੇ ਮਿਹਨਤਕਸ਼ ਨਿਵਾਸੀ ਅੱਜ ਕੰਮ ਦੇ ਸਥਾਨ ਤੇ ਅੱਜ ਆਪਣੇ ਪ੍ਰਤਿਭਾ ਦੀ ਪੂਰੀ ਵਰਤੋਂ ਕਰ ਸਕਦੇ ਹਨ। ਤੁਹਾਡੀ ਦਿੱਖ ਅਤੇ ਸਖਸ਼ੀਅਤ ਨੂੰ ਬੇਹਤਰ ਬਣਾਉਣ ਲਈ ਕੀਤੇ ਗਏ ਯਤਨ ਤੁਹਾਡੀ ਸੰਤੁਸ਼ਟੀ ਵੱਲ ਵਧਣਗੇ। ਜ਼ਿੰਦਗੀ ਸੱਚਮੁੱਚ ਦਿਲਚਸਪ ਹੋਵੇਗੀ ਜਦੋਂ ਤੁਹਾਡਾ ਜੀਵਨ ਸਾਥੀ ਤੁਹਾਡੇ ਨਾਲ ਆਵੇਗਾ ਸਾਰੇ ਵਿਵਾਦਾਂ ਨੂੰ ਭੁੱਲ ਜਾਵੇਗਾ ਤੁਹਾਨੂੰ ਪਿਆਰ ਨਾਲ ਗ੍ਰਹਿਣ ਕਰੇਗਾ।

**ਧਨੂੰ:** ਬਜ਼ੁਰਗ ਲੋਕਾਂ ਨੂੰ ਆਪਣੀ ਸਿਹਤ ਦਾ ਖਿਆਲ ਰੱਖਣ ਦੀ ਖਾਸ ਲੋੜ ਹੈ। ਅੱਜ ਦੇ ਦਿਨ ਤੁਹਾਨੂੰ ਆਪਣੇ ਉਨਾਂ ਦੋਸਤਾਂ ਤੋਂ ਬਚ ਕੇ ਰਹਿਣ ਦੀ ਲੋੜ ਹੈ ਜੋ ਤੁਹਾਡੇ ਤੋਂ ਉਧਾਰ ਮੰਗਦੇ ਹਨ ਅਤੇ ਫਿਰ ਵਾਪਸ ਨਹੀਂ ਕਰਦੇ। ਤੁਹਾਡੇ ਦੋਸਤ ਤੁਹਾਨੂੰ ਅਜਿਹੇ ਸਮੇਂ ਧੋਖਾ ਦੇ ਸਕਦੇ ਹਨ ਜਦੋ ਤੁਹਾਨੂੰ ਉਨਾਂ ਦੀ ਸਭ ਤੋਂ ਜ਼ਿਆਦਾ ਲੋੜ ਹੈ। ਪਿਆਰ ਭਰੀ ਜ਼ਿੰਦਗੀ ਵਿਚ ਇਕ ਨਵਾਂ ਮੋੜ ਆ ਸਕਦਾ ਹੈ ਜਦੋ ਇਕ ਚੰਗਾ ਵਿਕਾਸ ਕਰੋਂਗੇ। ਦਸਰੇ ਤੁਹਾਡੇ ਤੋਂ ਬਹੁਤ ਜ਼ਿਆਦਾ ਸਮੇਂ ਦੀ ਮੰਗ ਕਰ ਸਕਦੇ ਹਨ ਉਨਾਂ ਨਾਲ ਕਿਸੇ ਵੀ ਤਰਾਂ ਦਾ ਵਚਨ ਕਰਨ ਤੋਂ ਪਹਿਲਾਂ ਤੁਹਾਡਾ ਕੰਮ ਉਸ ਤੋਂ ਪ੍ਰਭਾਵਿਤ ਨਾ ਹੋ ਅਤੇ ਨਾਲ ਹੀ ਉਹ ਤੁਹਾਡੀ ਉਦਾਰਤਾ ਅਤੇ ਦਿਆਲਤਾ ਦਾ ਲਾਭ ਨਾ ਉਠਾਉਣ। ਜਦੋਂ ਤੁਹਾਡੇ ਤੋਂ ਤੁਹਾਡੀ ਰਾਏ ਪੁੱਛੀ ਜਾਵੇ ਤਾਂ ਸੰਕੁਚਿਤ ਮਹਿਸੂਸ ਨਾ ਕਰੋ ਕਿਉਂ ਕਿ ਇਸ ਲਈ ਤੁਹਾਡੀ ਕਾਫੀ ਤਾਰੀਫ ਹੋਵੇਗੀ। ਅੱਜ ਤੁਹਾਨੂੰ ਮਹਿਸੂਸ ਹੋਵੇਗਾ ਕਿ ਵਿਆਹ ਦੇ ਸਮੇਂ ਕੀਤੇ ਗਏ ਸਾਰੇ ਵਚਨ ਸੱਚੇ ਹਨ ਤੁਹਾਡਾ ਜੀਵਨਸਾਥੀ ਹੀ ਤੁਹਾਡਾ ਹਮਦਮ ਹੈ।

**ਮਕਰ:** ਭਾਵਨਾ ਵਿਚ ਵਹਿ ਕੇਕੋਈ ਫੈਂਸਲਾ ਨਾ ਲਵੋ ਇਹ ਤੁਹਾਡੇ ਬੱਚਿਆਂ ਦੇ ਹਿੱਤਾਂ ਨੂੰ ਹਾਨੀ ਪਹੁੰਚਾ ਸਕਦਾ ਹੈ। ਆਰਥਿਕ ਤੋਰ ਤੇ ਸੁਧਾਰ ਦੇ ਚਲਦੇ ਤੁਸੀ ਆਸਾਨੀ ਨਾਲ ਕਾਫੀ ਸਮੇਂ ਤੋਂ ਲੰਬੇ ਬਿਲ ਅਤੇ ਉਧਾਰ ਚੁਕਾ ਸਕੋਂਗੇ। ਤੁਹਾਡਾ ਜੀਵਨਸਾਥੀ ਤੁਹਾਡੀ ਸਹਾਇਤਾ ਕਰੇਗਾ ਅਤੇ ਮਦਦਗਾਰ ਸਾਬਿਤ ਹੋਵੇਗਾ। ਅਣਇੱਛਤ ਰੋਮਾਂਟਿਕ ਆਕਰਸ਼ਣ ਦੀ ਸੰਭਾਵਨਾ ਹੈ। ਬੇਹਤਰੀਨ ਦਿਨ ਹੈ ਜਦੋਂ ਮਹੱਤਵਪੂਰਨ ਵਪਾਰਕ ਸੋਦਿਆਂ ਨੂੰ ਅੰਤਮ ਰੂਪ ਦੇਣ ਲਈ ਤਰੱਕੀ ਕੀਤੀ ਜਾਣੀ ਚਾਹੀਦੀ ਹੈ। ਅੱਜ ਤੁਸੀ ਆਪਣੇ ਆਪ ਨੂੰ ਸੁਰੱਖਿਆ ਵਿਚ ਪਾਉਂਗੇ ਜਦੋਂ ਤੁਸੀ ਕਿਸੇ ਹੋਰ ਵਿਅਕਤੀ ਨੂੰ ਦਿੱਤੀ ਸਹਾਇਤਾ ਦਾ ਇਨਾਮ ਜਾਂ ਸਹਿਯੋਗ ਪਾਉਂਗੇ। ਅੱਜ ਤੁਹਾਨੂੰ ਮਹਿਸੂਸ ਹੋਵੇਗਾ ਕਿ ਤੁਹਾਡਾ ਜੀਵਨਸਾਥੀ ਇਸ ਤੋਂ ਪਹਿਲਾਂ ਖੂਬਸੂਰਤ ਕਦੇ ਨਹੀਂ ਹੋਇਆ।

**ਕੁੰਭ:** ਚਿੜਚਿੜਾਣਾ ਅਤੇ ਖਿੱਜਣਾ ਤੁਹਾਡੀ ਸਿਹਤ ਖਰਾਬ ਕਰ ਸਕਦੀ ਹੈ ਪੁਰਾਣੀ ਗੱਲਾਂ ਵਿਚ ਨਾ ਉਲਝੋ ਅਤੇ ਜਿਨਾਂ ਹੋ ਸਕੇ ਆਰਾਮ ਕਰਨ ਦੀ ਕੋਸ਼ਿਸ਼ ਕਰੋ। ਮਾਤਾ ਪਿਤਾ ਦੀ ਮਦਦ ਨਾਲ ਤੁਸੀ ਆਰਥਿਕ ਤੰਗੀ ਤੋਂ ਬਾਹਰ ਨਿਕਲਣ ਵਿਚ ਕਾਮਯਾਬ ਰਹੋਂਗੇਂ। ਬੱਚੇ ਤੁਹਾਡੇ ਜੀਵਨ ਨੂੰ ਬਹੁਤ ਮੁਸ਼ਕਿਲ ਬਣਾ ਸਕਦੇ ਹਨ ਪਿਆਰ ਹਥਿਆਰ ਦਾ ਇਸਤੇਮਾਲ ਕਰ ਕੇ ਉਨਾਂ ਨੂੰ ਸਮਝਾਉ ਅਣਚਾਹੇ ਤਣਾਵ ਤੋਂ ਬਚੋ ਯਾਦ ਰੱਖੋ ਕਿ ਪਿਆਰ ਹੀ ਪਿਆਰ ਨੂੰ ਪੈਦਾ ਕਰਦਾ ਹੈ। ਤੁਹਾਡੇ ਪ੍ਰੇਮੀ ਦਾ ਚਿੜਚਿੜਾ ਵਿਵਹਾਰ ਤੁਹਾਡੇ ਮੂਡ ਨੂੰ ਖਰਾਬ ਕਰ ਸਕਦਾ ਹੈ । ਕੰਮਕਾਰ ਵਿਚ ਪ੍ਰਗਤੀਸ਼ੀਲ ਅਤੇ ਵੱਡੇ ਬਦਲਾਅ ਕਰਨ ਵਿਚ ਸਹਿਕਰਮੀ ਤੁਹਾਨੂੰ ਪੂਰਾ ਸਹਿਯੋਗ ਕਰਨਗੇ। ਤੁਹਾਨੂੰ ਵੀ ਤੇਜੀ ਨਾਲ ਕੰਮ ਕਰਨ ਦੇ ਲਈ ਤਿਆਰ ਰਹਿਣਾ ਚਾਹੀਦਾ ਹੈ ਮਾਤਹਤਾਂ ਨੂੰ ਸਖਤ ਮਿਹਨਤ ਦੇ ਲਈ ਪ੍ਰੇਰਿਤ ਕਰਨਾ ਸਾਕਾਰਤਮਕ ਪਰਿਣਾਮ ਦੇਵੇਗਾ। ਇਸ ਰਾਸ਼ੀ ਦੇ ਚਿੰਨ੍ਹਾਂ ਨੂੰ ਅੱਜ ਖਾਲੀ ਸਮਾਂ ਕਿਸੇ ਸਮੱਸਿਆਂ ਜਾ ਸਮਾਧਾਨ ਕੱਢਣ ਦੀ ਕੋਸ਼ਿਸ਼ ਕਰ ਸਕਦੇ ਹਨ। ਤੁਹਾਡਾ ਸਾਥੀ ਸ਼ਾਇਦ ਤੁਹਾਨੂੰ ਅੱਜ ਤੁਹਾਡੇ ਨਾਲ ਹੋਣ ਬਾਰੇ ਕੁਝ ਚੰਗੀਆਂ ਚੀਜਾਂ ਨਾ ਦੱਸ ਦੇਵੇ।

**ਮੀਨ:** ਬਹੁਤ ਜ਼ਿਆਦਾ ਚਿੰਤਾ ਅਤੇ ਤਨਾਵ ਦੀ ਆਦਤ ਤੁਹਾਡੀ ਸਿਹਤ ਖਰਾਬ ਕਰ ਸਕਦੀ ਹੈ ਮਾਨਸਿਕ ਸਪਸ਼ਟਤਾ ਬਣਾਈ ਰੱਖਣ ਲਈ ਸ਼ੰਕਾ ਅਤੇ ਚਿੜਚਿੜੇਪਨ ਤੋਂ ਛੁੱਟਕਾਰਾ ਪਾਉ। ਜੀਵਨ ਦੇ ਮਾੜੇ ਦੌਰ ਵਿਚ ਪੈਸਾ ਤੁਹਾਡੇ ਕੰਮ ਆਵੇਗਾ ਇਸ ਲਈ ਅੱਜ ਤੋਂ ਹੀ ਆਪਣੇ ਪੈਸੇ ਦੀ ਬਚਤ ਕਰਨ ਦੇ ਬਾਰੇ ਵਿਚ ਵਿਚਾਰ ਕਰੋ ਨਹੀਂ ਤਾਂ ਤੁਹਾਨੂੰ ਮੁਸ਼ਕਿਲਾਂ ਆ ਸਕਦੀਆਂ ਹਨ। ਕਿਸੇ ਪਰਿਵਾਰਿਕ ਭੇਦ ਦਾ ਖੁੱਲਣਾ ਤੁਹਾਨੂੰ ਤੋਹਫਾ ਦੇ ਸਕਦਾ ਹੈ। ਘਰ ਵਿਚ ਮੁਸ਼ਕਿਲਾਂ ਪੈਦਾ ਹੋ ਸਕਦੀਆਂ ਹਨ ਪਰੰਤੂ ਤੁਸੀ ਸਾਥੀ ਨੂੰ ਛੋਟੀਆਂ ਛੋਟੀਆਂ ਗੱਲਾਂ ਤੇ ਤਾਨੇ ਦੇਣ ਤੋਂ ਬਚੋ। ਆਪਣੇ ਕੰਮਕਾਰ ਵਿਚ ਅਜਿਹੇ ਬੁੱਧੀ ਵਾਲੇ ਦੋਸਤਾਂ ਦੀ ਮਦਦ ਲਉ ਸਹੀ ਸਮੇਂ ਤੇ ਉਨਾਂ ਦੀ ਮਦਦ ਅਹਿਮ ਅਤੇ ਲਾਭਦਾਇਕ ਹੋਵੇਗੀ ਖਾਸ ਤੋਰ ਤੇ ਮੈਡੀਕਲ ਟ੍ਰਾਂਸਕ੍ਰਿਪਸ਼ਨ ਨਾਲ ਜੁੜੇ ਲੋਕਾਂ ਲਈ ਵਧੀਆ ਦਿਨ ਹੈ। ਤੁਹਾਡੇ ਵਿਚੋਂ ਕੁਝ ਲੋਕਾਂ ਨੂੰ ਲੰਬਾ ਸਫਰ ਕਰਨਾ ਪੈ ਸਕਦਾ ਹੈ ਜੋ ਕਿ ਭਾਰਾ ਤੇ ਲਾਭਦਾਇਕ ਹੋਵੇਗਾ।

# 'ਸੁਲਗਦੇ ਅਲਫ਼ਾਜ਼': ਪ੍ਰਿੰ. ਸਵਿੰਦਰ ਸਿੰਘ ਚਾਹਲ ਦੀਆਂ ਕਵਿਤਾਵਾਂ, ਗ਼ਜ਼ਲਾਂ ਤੇ ਰੁਬਾਈਆਂ ਦਾ ਖ਼ੂਬਸੂਰਤ ਦਸਤਾਵੇਜ਼




ਸਵਿੰਦਰ ਸਿੰਘ ਚਾਹਲ ਇੱਕ ਮਿਹਨਤੀ ਤੇ ਸਿਰੜੀ ਸ਼ਖ਼ਸ ਹੈ ਅਤੇ ਉਹ ਅਗਾਂਹ-ਵਧੂ ਸੋਚ ਦਾ ਮਾਲਕ ਹੈ। ਜੀਵਨ ਪ੍ਰਤੀ ਉਸਦੀ ਪਹੁੰਚ ਸਧਾਰਨ, ਸਪੱਸ਼ਟ ਤੇ ਯਥਾਰਥਵਾਦੀ ਹੈ। ਉਹ ਦੀ ਕਹਿਣੀ ਤੇ ਕਰਨੀ ਵਿੱਚ ਕੋਈ ਫ਼ਰਕ ਨਹੀਂ ਹੈ। ਜੋ ਸਾਹਮਣੇ ਦਿਖਾਈ ਦਿੰਦਾ ਹੈ, ਉਸਦੇ ਅੰਦਰ ਵੀ ਓਹੀ ਕੁਝ ਹੈ। ਉਸ ਦੀਆਂ ਕਵਿਤਾਵਾਂ ਵਿਚਲਾ ਯਥਾਰਥਵਾਦ ਉਸਦੀ ਨਿੱਜੀ ਜ਼ਿੰਦਗੀ ਵਿੱਚ ਸ਼ੀਸ਼ੇ ਵਿਚਲੇ ਵਧੀਆ ਅਕਸ ਵਾਂਗ ਸਾਫ਼ ਨਜ਼ਰ ਆਉਂਦਾ ਹੈ। ਕੁਝ ਘਰੇਲੂ ਕਾਰਨਾਂ ਕਰਕੇ ਮੈਟ੍ਰਿਕ ਕਰਨ ਤੋਂ ਬਾਅਦ ਉਹ ਅਗਲੇਰੀ ਪੜ੍ਹਾਈ ਲਈ ਅੱਗੋਂ ਕਾਲਜ ਨਾ ਜਾ ਸਕਿਆ ਅਤੇ ਜੇ.ਬੀ.ਟੀ. ਵਿਚ ਦਾਖਲਾ ਲੈ ਲਿਆ ਤੇ ਇਹ ਕੋਰਸ ਕਰਨ ਪਿੱਛੋਂ ਉਸ ਨੇ ਪ੍ਰਾਇਮਰੀ ਸਕੂਲ ਤੋਂ ਅਧਿਆਪਨ ਕਾਰਜ ਆਰੰਭ ਕਰ ਲਿਆ।

ਉਚੇਰੀ ਪੜ੍ਹਾਈ ਪ੍ਰਤੀ ਉਸ ਦੀ ਤੀਬਰ ਇੱਛਾ, ਸਖ਼ਤ ਮਿਹਨਤ, ਡੂੰਘੀ ਲਗਨ, ਸਿਰੜ ਅਤੇ ਘਾਲਣਾ ਦੇ ਲੱਛਣ ਉਸ ਦੀ ਸ਼ਖ਼ਸੀਅਤ ਵਿੱਚ ਸ਼ੁਰੂ ਤੋਂ ਹੀ ਸੁਭਾਇਮਾਨ ਸਨ। ਜਿਸ ਦੇ ਫ਼ਲਸਰੂਪ, ਉਸ ਨੇ ਪ੍ਰਾਈਵੇਟ ਤੌਰ 'ਤੇ ਪਹਿਲਾਂ ਗਿਆਨੀ ਅਤੇ ਬੀ.ਏ. ਕੀਤੀ, ਫਿਰ ਪੰਜਾਬੀ ਵਿੱਚ ਐੱਮ.ਏ. ਕੀਤੀ, ਤੇ ਉਹ ਵੀ ਬਹੁਤ ਵਧੀਆ ਨੰਬਰ ਲੈ ਕੇ। ਪੰਜਾਬੀ ਵਿਸ਼ੇ ਦੇ ਅਧਿਆਪਕ ਵਜੋਂ ਉਸ ਨੇ ਕਈ ਹਾਈ ਸਕੂਲਾਂ ਵਿੱਚ ਵਿਦਿਆਰਥੀਆਂ ਨੂੰ ਕਈ ਸਾਲ ਪੰਜਾਬੀ ਪੜ੍ਹਾਈ। ਇਸ ਦੌਰਾਨ ਹੀ ਉਸ ਦੀ ਇੱਛਾ ਪੰਜਾਬੀ ਵਿੱਚ ਐੱਮ.ਫ਼ਿਲ. ਦੀ ਉਚੇਰੀ ਡਿਗਰੀ ਪ੍ਰਾਪਤ ਕਰਨ ਦੀ ਹੋਈ। ਐੱਮ.ਏ. ਵਿੱਚ ਆਏ ਚੰਗੇ ਨੰਬਰਾਂ ਸਦਕਾ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦੇ 1980-81 ਦੇ ਦੂਸਰੇ ਬੈਚ ਵਿੱਚ ਉਸ ਨੂੰ ਮੈਰਿਟ ਦੇ ਆਧਾਰ 'ਤੇ ਇਸ ਵਿੱਚ ਦਾਖ਼ਲਾ ਮਿਲ ਗਿਆ ਅਤੇ ਇਸ ਤਰ੍ਹਾਂ ਉਚੇਰੀ ਸਿੱਖਿਆ ਦੀ ਇਹ ਡਿਗਰੀ ਉਸ ਨੇ ਰੈਗੂਲਰ ਵਿਦਿਆਰਥੀ ਵਜੋਂ ਹਾਸਲ ਕੀਤੀ, ਜਿਸ ਸਦਕਾ ਉਹ ਰਾਮਗੜ੍ਹੀਆ ਕਾਲਜ ਫਗਵਾੜਾ ਵਿਖੇ ਕੁਝ ਸਮਾਂ ਲੈਕਚਰਾਰ ਵੀ ਰਿਹਾ। ਇਸ ਤੋਂ ਇਲਾਵਾ ਉਸਨੇ ਕੁਝ ਸਮਾਂ 'ਸ਼ਹੀਦ ਊਧਮ ਸਿੰਘ ਅਨਾਥ ਆਸ਼ਰਮ ਸਕੂਲ, ਅੰਮ੍ਰਿਤਸਰ' ਵਿਚ 'ਪ੍ਰਿੰਸੀਪਲਸ਼ਿਪ' ਵੀ ਕੀਤੀ।

ਸਾਹਿਤ, ਖ਼ਾਸ ਤੌਰ 'ਤੇ ਪੰਜਾਬੀ ਸਾਹਿਤ ਪੜ੍ਹਨ ਦੀ ਚੇਟਕ ਸਵਿੰਦਰ ਚਾਹਲ ਨੂੰ ਪਹਿਲਾਂ ਹੀ ਸੀ ਅਤੇ ਉਸਦੀ ਚੇਟਕ ਦੇ ਇਸ ਸਫ਼ਰ ਨੂੰ ਅੱਗੇ ਵੱਧਣ ਦਾ ਮੌਕਾ ਯੂਨੀਵਰਸਿਟੀ ਵਿੱਚ ਐੱਮ.ਫ਼ਿਲ. ਕਰਦਿਆਂ ਮਿਲਿਆ। ਉਹ ਕਦੇ ਕਦੇ ਵਿਅੰਗ, ਕਹਾਣੀ, ਮਿੰਨੀ-ਕਹਾਣੀ ਜਾਂ ਨਿਬੰਧ ਲਿਖ ਕੇ ਕਿਸੇ ਅਖ਼ਬਾਰ ਜਾਂ ਰਿਸਾਲੇ ਨੂੰ ਭੇਜ ਦਿੰਦਾ ਅਤੇ ਇਹ ਛਪਣ 'ਤੇ ਉਸ ਨੂੰ ਡਾਹਡੀ ਖ਼ੁਸ਼ੀ ਦਾ ਅਹਿਸਾਸ ਹੁੰਦਾ। ਕਵਿਤਾ ਲਿਖਣ ਦੀ ਜਾਗ ਉਸ ਨੂੰ ਯੂਨੀਵਰਸਿਟੀ ਵਿੱਚ ਐੱਮ.ਫ਼ਿਲ. ਕਰਦਿਆਂ ਲੱਗੀ। ਉਸ ਦਾ ਐੱਮ.ਫ਼ਿਲ. ਦਾ ਥੀਸਿਸ ਕਿੱਸਾ 'ਪੂਰਨ ਭਗਤ' (ਕਾਦਰਯਾਰ), 'ਪੂਰਨ ਨਾਥ ਜੋਗੀ' (ਪ੍ਰੋ. ਪੂਰਨ ਸਿੰਘ), ਤੇ 'ਲੂਣਾ' (ਸ਼ਿਵ ਕੁਮਾਰ ਬਟਾਲਵੀ) ਦੇ ਕਥਾਨਕ ਦੇ ਤੁਲਨਾਤਮਿਕ ਅਧਿਐਨ ਨਾਲ ਸਬੰਧਿਤ ਸੀ ਜਿਸ ਤੋਂ ਉਸ ਨੂੰ ਕਵਿਤਾ ਦੀ ਡੂੰਘਾਈ ਨੂੰ ਸਮਝਣ ਅਤੇ ਕਵਿਤਾ ਲਿਖਣ ਦੀ ਪ੍ਰੇਰਨਾ ਮਿਲੀ।

ਕਵਿਤਾ ਬਾਰੇ ਵੱਖ-ਵੱਖ ਕਵੀਆਂ ਤੇ ਵਿਦਵਾਨਾਂ ਦੇ ਆਪੋ-ਆਪਣੇ ਖ਼ਿਆਲ ਹਨ। ਪੰਜਾਬੀ ਕਾਵਿ ਨੂੰ 'ਖੁੱਲ੍ਹੀ ਕਵਿਤਾ' ਦੇ ਰੂਪ ਵਿਚ ਪੇਸ਼ ਕਰਨ ਵਾਲੇ ਅਲਬੇਲੇ ਕਵੀ ਪ੍ਰੋ. ਪੂਰਨ ਸਿੰਘ ਨੇ ਕਵਿਤਾ ਨੂੰ "ਰੂਹਾਂ ਦੀ ਬੋਲੀ, ਦੈਵੀ ਆਦੇਸ਼, ਸਾਧ ਮਨ ਵਿੱਚੋਂ ਨਿਕਲੇ ਬੋਲ ਤੇ ਪਿਆਰ 'ਚ ਮੋਏ ਬੰਦਿਆਂ ਦੇ ਬਚਨ" ਕਿਹਾ ਹੈ, ਜਦਕਿ ਪ੍ਰੋੜ-ਕਵੀ ਪ੍ਰੋ.ਮੋਹਨ ਸਿੰਘ ਅਨੁਸਾਰ, "ਜਦੋਂ ਮਨੁੱਖ ਦੇ ਮਨ 'ਚ ਇਸ਼ਕ ਦਾ ਜਾਦੂ ਫੁਰਦਾ ਹੈ ਤੇ ਦਿਲ ਵਿਚ ਮਸਤੀ ਕੁੱਦਦੀ ਹੈ ਤਾਂ ਫਿਰ ਕਵਿਤਾ ਦਾ 'ਹੜ੍ਹ' ਆਉਂਦਾ ਹੈ।" ਅਜੋਕੇ ਕਵੀਆਂ ਦੀ ਜੇਕਰ ਗੱਲ ਕਰੀਏ ਤਾਂ ਕਵਿਤਾ ਦੇ ਖੇਤਰ ਵਿੱਚ ਵਧੀਆ ਥਾਂ ਬਣਾ ਚੁੱਕੇ ਕਵੀ ਤੇ ਵਾਰਤਕ ਲਿਖਾਰੀ ਡਾ. ਗੁਰਬਖ਼ਸ਼ ਸਿੰਘ ਭੰਡਾਲ ਦੇ ਸ਼ਬਦਾਂ ਵਿੱਚ ਕਵਿਤਾ –

ਰੂਹਾਂ ਨੂੰ ਮਿਲਾਉਣ ਦਾ ਸਬੱਬ
ਅੰਤਰੀਵ ਵਿਚ ਬੈਠਾ ਰੱਬ
ਚੁੱਪ ਨੂੰ ਅਰਪੀ ਆਵਾਜ਼
ਪਰਿੰਦਿਆਂ ਦੇ ਨਾਵੇਂ ਪਰਵਾਜ਼ ਹੈ
ਤੇ ਇਸਦਾ ਆਪਣਾ ਅੰਬਰ ਤੇ ਅੰਦਾਜ਼ ਹੈ।
('ਇੰਡੋ-ਕੈਨੇਡੀਅਨ ਟਾਈਮਜ਼', 8 ਅਕਤੂਬਰ 2025, ਪੰਨਾ-24)

ਕਵਿਤਾ ਨੂੰ ਹੋਰ ਸਪੱਸ਼ਟ ਕਰਦਿਆਂ ਡਾ. ਭੰਡਾਲ ਦਾ ਕਹਿਣਾ ਹੈ :

ਕਵਿਤਾ ਅਹਿਸਾਸਾਂ ਦੀ ਬੀਹੀ 'ਚ ਗੇੜੀ
ਸੁਪਨ, ਸੱਚ, ਸ਼ਬਦਾਂ ਦੀ ਬੇੜੀ
ਮਨ ਦੀਆਂ ਪਰਤਾਂ
ਰੂਹ ਦੀਆਂ ਗੱਲਾਂ
ਤਨ ਦੀਆਂ ਸੱਲਾਂ
ਤੇ ਸੁਖ਼ਨ ਦੀਆਂ ਛੱਲਾਂ।
(ਓਹੀ, ਪੰਨਾ-24)

ਅਜੋਕੀ ਕਵਿਤਾ ਨੂੰ ਮਾਣਦਿਆਂ ਹੋਇਆਂ ਸ਼ਾਇਰ ਮਲਵਿੰਦਰ ਆਪਣੇ ਆਪ ਨੂੰ ਕਵਿਤਾ ਦਾ 'ਕਰਜ਼ਦਾਰ' ਸਮਝਦਾ ਹੈ, ਜਦੋਂ ਉਹ ਕਹਿੰਦਾ ਹੈ : ਕਵਿਤਾ ਨੇ ਸਫ਼ਰ ਕੀਤਾ

ਕਈ ਬੰਦ ਬੂਹੇ, ਦਰ ਖੜਕਾਏ
ਪਿੰਡ-ਪਿੰਡ, ਸ਼ਹਿਰ-ਸ਼ਹਿਰ
ਦੂਰ ਵਤਨਾਂ ਦੇ ਗੇੜੇ ਲਾਏ
ਹੁਣ ਹਨੇਰੇ ਮੈਨੂੰ ਹੁੱਝਾਂ ਮਾਰਦੇ
ਮੇਰੀ ਚੇਤਨਾ ਨੂੰ ਉਠਾਲਦੇ
ਮੈਂ ਚਾਨਣ ਨਾਲ ਭਰਿਆ ਰਹਿੰਦਾ
ਨਾਲ ਚਿਰਾਗਾਂ ਉੱਠਦਾ ਬਹਿੰਦਾ

ਕਵਿਤਾ ਮੈਂ ਤੇਰਾ ਕਰਜ਼ਦਾਰ ਹਾਂ
ਸੁਖ਼ਨਵਰ ਹਾਂ, ਕੌਤਕਹਾਰ ਹਾਂ।
(ਬਹਿਰ, ਪੰਨਾ 127-128)

ਸਵਿੰਦਰ ਚਾਹਲ ਕਵਿਤਾ ਨੂੰ ਕੁਦਰਤੀ ਆਵੇਸ਼ ਮੰਨਦਾ ਹੈ। ਸਾਹਿਤ ਸਿਰਜਨਾ ਅਤੇ ਸੰਗੀਤ ਜਿਹੀਆਂ ਕੋਮਲ ਭਾਵਨਾਵਾਂ ਉਸ ਦੀ ਸੰਵੇਦਨਸ਼ੀਲਤਾ ਨੂੰ ਪ੍ਰਗਟਾਉਂਦੀਆਂ ਹਨ। ਉਸ ਦੇ ਆਪਣੇ ਕਹਿਣ ਅਨੁਸਾਰ ਉਸ ਨੇ ਪ੍ਰੋ. ਪੂਰਨ ਸਿੰਘ ਦੀ ਕਵਿਤਾ ਦੇ :

ਅੱਖਰਾਂ ਦੇ ਅੱਖਰ
ਡੁੱਲ੍ਹ ਡੁੱਲ੍ਹ ਪੈਂਦੇ
ਸਾਂਭੇ ਜਾਂਦੇ ਨਾ
ਮੈਂ ਤਰਲੇ ਲੈ ਰਿਹਾ ...

... ਨੂੰ ਕਈ ਵੇਰਾਂ ਮਹਿਸੂਸ ਕੀਤਾ ਹੈ ਅਤੇ ਉਸ ਦੀ ਸਮਝ ਅਨੁਸਾਰ ਜੇ ਉਸ ਸਮੇਂ 'ਕਾਵਿਕ-ਵੇਗ' ਨੂੰ ਨਾਵ ਸੰਭਾਲਿਆ ਜਾਏ ਤਾਂ ਇਹ ਟੀ.ਵੀ. ਦੇ ਕੈਪਸ਼ਨ 'ਤੇ ਚੱਲਦੀਆਂ ਖ਼ਬਰਾਂ ਵਾਂਗ ਸੱਭ ਕੁਝ ਅੱਗੇ ਨਿਕਲ ਜਾਂਦਾ ਹੈ ਤੇ ਖੁੱਸ ਜਾਂਦਾ ਹੈ। (ਮੈਂ ਕਵਿਤਾ ਵੱਲ ਕਿਵੇਂ ਰੁਚਿਤ ਹੋਇਆ? ਪੰਨਾ-4) ਛਪਣ, ਛਪਾਉਣ ਦੀ ਸ਼ੁਰੂਆਤ ਦੀ ਜੇਕਰ ਗੱਲ ਕਰੀਏ ਤਾਂ ਸਵਿੰਦਰ ਨੇ ਸੱਭ ਤੋਂ ਪਹਿਲਾਂ ਦੇਸ਼ ਭਗਤ ਅਵਤਾਰ ਸਿੰਘ 'ਸਿੱਧਾ ਜੱਟ' ਬਾਰੇ ਇੱਕ ਲੇਖ ਲਿਖਕੇ 'ਪੰਜਾਬੀ ਟ੍ਰਿਬਿਊਨ' ਨੂੰ ਭੇਜਿਆ ਜੋ ਇਸ ਦੇ 'ਭੁੱਲੇ-ਵਿਸਰੇ ਕਵੀ ਫ਼ੀਚਰ' ਹੇਠ 8 ਜੂਨ 1986 ਦੇ ਅੰਕ ਵਿੱਚ ਛਪਿਆ। ਫਿਰ ਉਸ ਦੀਆਂ ਕਵਿਤਾਵਾਂ ਦੀ ਸੰਪਾਦਨਾ ਕਰਕੇ 'ਲੋਕ-ਕਵੀ :ਸਿੱਧਾ ਜੱਟ ਨੂੰ' ਦੇ ਰੂਪ 'ਚ 1996 ਵਿਚ ਕਿਤਾਬੀ ਰੂਪ ਵਿਚ ਲਿਆਂਦਾ। ਇਸ ਤੋਂ ਬਾਅਦ ਉਸ ਨੇ 'ਉੱਘੇ ਸੰਗਰਾਮਿਏ : ਦਾਰ ਜੀ' (2013), 'ਪੱਥਰਾਂ ਦਾ ਸ਼ਹਿਰ' (ਕਾਵਿ-ਸੰਗ੍ਰਹਿ) (2016) ਅਤੇ ), 'ਲੋਕ- ਨਾਇਕ ਸਰਦਾਰ ਕਿਰਪਾਲ ਸਿੰਘ' (2018) ਦੀ ਵੀ ਸੰਪਾਦਨਾ ਕੀਤੀ।

ਇਸ ਤਰ੍ਹਾਂ ਕਵਿਤਾ ਦੀ ਇਸ ਪਲੇਠੀ ਪੁਸਤਕ 'ਸੁਲਗਦੇ ਅਲਫ਼ਾਜ਼' ਆਉਣ ਤੋਂ ਪਹਿਲਾਂ ਸਵਿੰਦਰ ਚਾਹਲ ਨੂੰ ਲਿਖਣ ਤੇ ਸੰਪਾਦਨ ਕਰਨ ਦਾ ਚੋਖਾ ਤਜਰਬਾ ਹੋ ਚੁੱਕਾ ਸੀ। ਹੱਥਲੀ ਪੁਸਤਕ ਵਿੱਚ ਉਸਨੇ 50 ਦੇ ਲੱਗਭੱਗ ਕਵਿਤਾਵਾਂ, ਟੱਪੇ, ਗੀਤ ਤੇ ਲੋਕ-ਬੋਲੀਆਂ, 20 ਗ਼ਜ਼ਲਾਂ ਤੇ 30 ਰੁਬਾਈਆਂ ਸ਼ਾਮਲ ਕਰਕੇ ਇਸ ਵਿਚ ਕਵਿਤਾ ਦੇ ਹਰੇਕ ਰੂਪ ਨੂੰ ਉਜਾਗਰ ਕੀਤਾ ਹੈ।

ਪੰਜਾਬੀ ਮਾਂ-ਬੋਲੀ ਨਾਲ ਉਸ ਨੂੰ ਅੰਤਾਂ ਦਾ ਪਿਆਰ ਤੇ ਸਤਿਕਾਰ ਹੈ। ਉਹ ਖ਼ੁਦ ਕਹਿੰਦਾ ਹੈ :

ਜੰਮਿਆਂ, ਪਲਿਆ, ਪੜ੍ਹਿਆ,
ਪੜ੍ਹਾਇਆ, ਵਿਆਹਿਆ, ਜੀਵਿਆ
ਆਪਣੀ ਮਾਂ-ਬੋਲੀ ਪੰਜਾਬੀ 'ਚ
"ਪੂਰਾ ਹੋ ਗਿਆ" ਸੁਨੇਹੇ ਨਾਲ
ਮਾਂ-ਬੋਲੀ ਦੇ ਧੂਹ ਪਾਉਂਦੇ ਵੈਣਾ 'ਚ
ਰੁਖ਼ਸਤ ਹੋਣਾ ਚਾਹੁੰਦਾ ਹਾਂ ਮੈਂ। (ਪੰਨਾ-36,37)

ਖ਼ੁਦ ਕਿਸਾਨੀ ਪਰਿਵਾਰ ਨਾਲ ਸਬੰਧਿਤ ਹੋਣ ਕਰਕੇ ਉਸ ਨੂੰ ਕਿਸਾਨਾ ਨਾਲ ਚੋਖੀ ਹਮਦਰਦੀ ਹੈ। 2020-21 ਵਿਚ ਦਿੱਲੀ ਦੀਆਂ ਬਰੂਹਾਂ 'ਤੇ 378 ਦਿਨ ਚੱਲੇ ਕਿਸਾਨ ਮੋਰਚੇ ਨੂੰ ਯਾਦ ਕਰਦਿਆਂ 'ਅੰਨ-ਦਾਤਾ' ਕਵਿਤਾ ਵਿਚ ਉਹ ਕਹਿੰਦਾ ਹੈ :

ਠਾਠਾਂ ਮਾਰਦਾ ਕਿਸਾਨਾਂ ਦਾ ਹੜ੍ਹ ਦਿੱਲੀ ਚੜ੍ਹਿਆ,
ਦਿਸਣ ਹਰੇ ਦੁਪੱਟੇ/ਦਸਤਾਰਾਂ ਬੇਸ਼ੁਮਾਰ ਮੀਆਂ।
ਮੰਗਲ, ਜੰਗਲ 'ਚ ਲਾਉਣਾ ਪੰਜਾਬੀ ਜਾਣਦੇ ਨੇ,
ਪੱਤਝੜ ਦਿੱਲੀ ਦੀ 'ਚ ਲੈ ਆਂਦੀ ਬਹਾਰ ਮੀਆਂ। (ਪੰਨਾ-51)

ਆਮ ਲੋਕਾਂ ਵਿਚ ਵਿਚਰਦਾ ਰਿਹਾ ਚਾਹਲ ਲੋਕਾਂ ਦੀ ਰਗ-ਰਗ ਨੂੰ ਖ਼ੂਬ ਪਛਾਣਦਾ ਹੈ। ਤਾਂ ਹੀ 'ਲੋਕ ਕੀ ਕਹਿਣਗੇ? ਕਵਿਤਾ ਵਿਚ ਲੋਕਾਂ ਦੇ ਬਾਰੇ ਉਸ ਦਾ ਕਹਿਣਾ ਹੈ :

ਜੋ ਮੂੰਹ ਆਇਆ ਸੋ ਬੋਲਣਗੇ ਲੋਕ
ਕੁਫ਼ਰ ਤੁਹਾਡੇ ਲਈ ਤੋਲਣਗੇ ਲੋਕ

ਤੁਹਾਡੀ ਸਿਫ਼ਤ ਨਹੀਂ ਜਰਨਗੇ ਲੋਕ
ਪਿੱਠ ਪਿੱਛੇ ਕੁਸਿਫ਼ਤਾਂ ਕਰਨਗੇ ਲੋਕ। (ਪੰਨਾ-63)

ਉਮਰ ਦਾ ਵਡੇਰਾ ਹਿੱਸਾ ਅਧਿਆਪਨ ਨਾਲ ਜੁੜੇ ਰਹਿਣ ਕਰਕੇ ਸਵਿੰਦਰ ਚਾਹਲ ਸਾਡੇ ਸਮਾਜ ਵੱਲੋਂ ਵਿਦਿਆ ਨੂੰ 'ਵੀਚਾਰੀ' ਦੀ ਥਾਂ 'ਵਿਚਾਰੀ' ਬਣਾਏ ਜਾਣ 'ਤੇ ਦੁਖੀ ਹੈ। ਆਪਣਾ ਇਹ ਗਹਿਰਾ ਦੁੱਖ ਤੇ ਅਫ਼ਸੋਸ ਇਜ਼ਹਾਰ ਕਰਦਿਆਂ, ਉਹ ਕਹਿੰਦਾ ਹੈ :

ਅਸਾਂ ਵਿਦਿਆ ਨੂੰ
"ਵਿਦਿਆ ਵੀਚਾਰੀ
ਤਾਂ ਪਰਉਪਕਾਰੀ"
ਕਦੇ ਨਾ ਬਣਨ ਦਿੱਤਾ।
ਸਗੋਂ ਵਿਦਿਆ ਵਿਚਾਰੀ
ਤਜਰਬਿਆਂ ਦੀ ਮਾਰੀ ਬਣਾ
ਬਖ਼ਸ਼ਿਆਂ 'ਚ ਬੰਦ ਕਰ
ਕਲਿਆਣਕਾਰੀ ਬਣਾਉਣ ਦੀ ਥਾਂ
ਵਿਚਾਰੀ ਬਣਾ ਬੱਚਿਆਂ ਸਾਹਵੇਂ ਧਰ ਦਿੱਤਾ। (ਪੰਨਾ-65)

ਮਨੁੱਖੀ ਜੀਵਨ ਦੀ ਬੇ-ਭਰੋਸਗੀ ਤੇ ਨਾਸ਼ਵਾਨਤਾ ਨੂੰ ਸਵਿੰਦਰ ਬਾਖ਼ੂਬੀ ਸਮਝਦਾ ਹੈ। ਉਹ ਭਲੀ-ਭਾਂਤ ਜਾਣਦਾ ਹੈ ਕਿ 'ਮਿੱਟੀ ਦੇ ਖਿਡੌਣੇ' ਤੇ 'ਪਾਣੀ ਦੇ ਇਸ ਬੁਲਬੁਲੇ' ਦੀ ਕੋਈ ਮਿਆਦ ਨਹੀਂ ਹੈ। ਤਾਂ ਹੀ ਉਹ ਕਹਿੰਦਾ ਹੈ :

ਬੰਦਾ ਵੀ ਤਾਂ
ਮਿੱਟੀ ਦਾ ਖਿਡੌਣਾ ਹੈ।
ਪਤਾ ਨਹੀਂ –
ਕਦ ਟੁੱਟ ਜਾਏ।
ਕਦ ਮੁੱਕ ਜਾਏ। (ਪੰਨਾ-83)

ਸਵਿੰਦਰ ਚਾਹਲ ਨੇ ਆਪਣੀਆਂ ਕਵਿਤਾਵਾਂ ਵਿੱਚ ਹੋਰ ਵੀ ਬਹੁਤ ਸਾਰੇ ਅਹਿਮ ਵਿਸ਼ੇ ਲਏ ਹਨ, ਜਿਨ੍ਹਾਂ ਵਿਚ ਉਸ ਨੇ 'ਚੁੱਪ', 'ਰੂਹ', 'ਜਿਸਮ', 'ਮਨ', 'ਸਰਦਾਰੀ', 'ਕਰੋਨਾ', 'ਬੁਢਾਪਾ', 'ਇਤਿਹਾਸ', 'ਸਿੱਖੀ', 'ਬਾਗ਼ੀਪੁਣਾ', ਆਦਿ ਨੂੰ ਬਾਖ਼ੂਬੀ ਨਿਭਾਇਆ ਹੈ। ਇਸ ਸੀਮਤ ਜਿਹੇ ਆਰਟੀਕਲ ਵਿਚ ਇਨ੍ਹਾਂ ਸਾਰਿਆਂ ਦੇ ਬਾਰੇ ਚਰਚਾ ਕਰਨੀ ਮੁਸ਼ਕਲ ਹੀ ਨਹੀ, ਸਗੋਂ ਅਸੰਭਵ ਹੈ। ਇਸ ਲਈ ਉਸ ਦੀਆਂ ਕਵਿਤਾਵਾਂ ਦੀ ਚਰਚਾ ਨੂੰ ਇੱਥੇ ਹੀ ਵਿਰਾਮ ਲਾਉਂਦਾ ਹਾਂ।

ਚਾਹਲ ਨੇ ਗ਼ਜ਼ਲ ਤੇ ਰੁਬਾਈ ਵਿਚ ਵੀ ਬਾਖ਼ੂਬੀ ਕਲਮ ਅਜ਼ਮਾਈ ਹੈ। ਪੁਸਤਕ ਵਿਚ ਸ਼ਾਮਲ 20 ਗ਼ਜ਼ਲਾਂ ਵਿੱਚੋਂ ਕਈਆਂ ਵਿਚ ਉਹ ਮਨੁੱਖ ਨੂੰ ਬੜੇ ਵਧੀਆ ਤਰ੍ਹਾਂ ਮੁਖ਼ਾਤਿਬ ਹੁੰਦਾ ਹੈ, ਮਸਲਿਨ :

ਨੀ ਜਿੰਦੇ ! ਜ਼ਿੰਦਗੀ ਦੀ ਤੂੰ ਮਾਲਕ ਆਪੇ,
ਇਹਨੂੰ ਮਰਜ਼ੀ ਨਾਲ ਹੰਢਾਇਆ ਕਰ ਤੂੰ।
ਕੱਲ੍ਹ ਕੀ ਹੋਇਆ, ਤੇ ਕੱਲ੍ਹ ਕੀ ਹੋਣਾ,
ਇੰਜ ਸੋਚ ਕੇ ਨਾ, ਘਬਰਾਇਆ ਕਰ ਤੂੰ। (ਪੰਨਾ-142)

ਅਤੇ

ਸੂਰਜ ਸਰਘੀ ਤੋਂ ਸਾਂਝ ਵੇਲੇ ਤੱਕ ਸਫ਼ਰ ਖ਼ਤਮ ਕਰਕੇ,
ਹਨੇਰਾ ਸ਼ੁਰੂ ਹੁੰਦਿਆਂ, ਛੁਪਦਾ-ਛੁਪਦਾ ਛੁਪ ਜਾਂਦਾ ਹੈ।
ਬੰਦੇ ਦੀ ਮਈਅਤ ਦੇ ਜਨਾਜ਼ੇ ਦਾ ਸਫ਼ਰ 'ਚਾਹਲ',
ਸ਼ਮਸ਼ਾਨ ਘਾਟ ਪਹੁੰਚ ਰੁਕਦਾ-ਰੁਕਦਾ ਰੁਕ ਜਾਂਦਾ ਹੈ। (ਪੰਨਾ-148)

ਏਸੇ ਤਰ੍ਹਾਂ ਇਸ ਪੁਸਤਕ ਵਿਚਲੀਆਂ 30 ਰੁਬਾਈਆਂ ਵਿੱਚੋਂ ਕਈ ਬਾ-ਕਮਾਲ ਹਨ। ਇਨ੍ਹਾਂ ਵਿੱਚੋਂ ਦੋ ਕੁ ਇੱਥੇ ਦੇਣੀਆਂ ਜ਼ਰੂਰੀ ਸਮਝਦਾ ਹਾਂ :

ਜੇ ਮੈਂ ਤੇਰਾ ਹੋ ਨਾ ਸਕਿਆ
ਤੈਨੂੰ ਕਿਹੜਾ ਫ਼ਰਕ ਪਿਆ?

ਗਿਲ੍ਹੇ, ਮਿਹਣੇ, ਤਾਅਨੇ, ਸ਼ਿਕਵਿਆਂ

ਬਥੇਰਾ ਸੀਨੇ ਦਰਦ ਸਹਿਆ।

ਗਿਲ੍ਹੇ, ਸ਼ਿਕਵੇ ਮਿਟਾ ਕੇ ਦੋਵੇਂ
ਦਿਲ ਮੇਲ਼ ਮਨ ਸਾਂਝਾ ਕਰੀਏ,

ਜੱਗ ਫ਼ਾਨੀ ਭੁੱਲ ਬੈਠੇ ਆਪਾਂ
ਏਥੇ ਨਾ ਕੋਈ ਥਿਰ ਰਹਿਆ। (ਪੰਨਾ-158)

ਇੰਜ, ਸਵਿੰਦਰ ਚਾਹਲ ਵੱਲੋਂ ਕਵਿਤਾ ਦੀ ਲੱਗਭੱਗ ਹਰੇਕ ਵੰਨਗੀ ਨੂੰ ਆਪਣੀ ਇਸ ਪੁਸਤਕ ਵਿੱਚ ਯੋਗ ਥਾਂ ਕੇ ਬੜੇ ਵਧੀਆ ਢੰਗ ਨਾਲ ਉਸ ਦਾ ਨਿਭਾਅ ਕੀਤਾ ਗਿਆ ਹੈ। 'ਅਸੰਖ ਪਬਲੀਕੇਸ਼ਨ' ਬਰੇਟਾ ਵੱਲੋਂ ਬੜੀ ਖ਼ੂਬਸੂਰਤੀ ਨਾਲ ਪ੍ਰਕਾਸ਼ਿਤ ਕੀਤੀ ਗਈ 172 ਪੰਨਿਆਂ ਦੀ ਇਸ ਪੁਸਤਕ ਵਿਚ ਕਿਤੇ-ਕਿਤੇ ਕੁਝ ਅੱਖਰਾਂ ਦੇ ਪੈਰਾਂ ਵਿੱਚ ਬਿੰਦੀਆਂ ਦੀ ਅਣਹੋਂਦ ਰੜਕਦੀ ਹੈ, ਜਿਵੇਂ 'ਜ਼ਿੰਦਗੀ' ਦੀ ਥਾਂ 'ਜਿੰਦਗੀ' ਤੇ 'ਖ਼ਿਆਲ' ਦੀ ਥਾਂ 'ਖਿਆਲ', ਆਦਿ ਪੜ੍ਹਦਿਆਂ ਚਿਤ ਥੋੜ੍ਹਾ ਜਿਹਾ ਅੱਖੜਦਾ ਹੈ। ਅਲਬੱਤਾ! 'ਸ' ਤੇ 'ਫ' ਅੱਖਰਾਂ ਦੇ ਪੈਰ 'ਚ ਬਿੰਦੀਆਂ ਬਾਕਾਇਦਾ ਲੱਗੀਆਂ ਹੋਈਆਂ ਹਨ ਅਤੇ 'ਨਮੋਸ਼ੀ', 'ਬੇਸ਼ੁਮਾਰ', 'ਲਾਸ਼', 'ਸ਼ਹਾਦਤ', 'ਫ਼ਰਸ਼', ਆਦਿ ਸ਼ਬਦਾਂ ਦਾ ਸਹੀ ਰੂਪ ਪੜ੍ਹਦਿਆਂ ਬਹੁਤ ਚੰਗਾ ਲੱਗਿਆ ਹੈ।

ਸਵਿੰਦਰ ਦੀ ਇਸ ਪਲੇਠੀ ਕਾਵਿ-ਪੁਸਤਕ ਆਉਣ 'ਤੇ ਮੈਂ ਉਸ ਨੂੰ ਹਾਰਦਿਕ ਮੁਬਾਰਕਬਾਦ ਪੇਸ਼ ਕਰਦਾ ਹਾਂ ਅਤੇ ਇਸਦੇ ਨਾਲ ਹੀ ਪੰਜਾਬੀ ਪਾਠਕਾਂ ਨੂੰ ਇਸ ਪੁਸਤਕ ਦੀਆਂ ਕਵਿਤਾਵਾਂ, ਗ਼ਜ਼ਲਾਂ, ਰੁਬਾਈਆਂ, ਟੱਪੇ ਤੇ ਬੋਲੀਆਂ ਪੜ੍ਹਨ ਦੀ ਪੁਰਜ਼ੋਰ ਸਿਫ਼ਾਰਿਸ਼ ਕਰਦਾ ਹਾਂ। ਉਸ ਮਾਲਕ ਪ੍ਰਮਾਤਮਾ ਅੱਗੇ ਅਰਦਾਸ/ਬੇਨਤੀ ਹੈ ਕਿ ਉਹ ਸਵਿੰਦਰ ਚਾਹਲ ਦੀ ਕਲਮ ਨੂੰ ਹੋਰ ਤਾਕਤ ਬਖ਼ਸ਼ੇ ਅਤੇ ਮੈਂ ਉਮੀਦ ਕਰਦਾ ਹਾਂ ਕਿ ਉਹ ਆਪਣੀ ਅਗਲੀ ਪੁਸਤਕ ਵਿੱਚ ਪਾਠਕਾਂ ਲਈ ਹੋਰ ਵਧੀਆ ਪੜ੍ਹਨ-ਸਮੱਗਰੀ ਲੈ ਕੇ ਆਏਗਾ।

ਡਾ. ਸੁਖਦੇਵ ਸਿੰਘ ਝੰਡ
ਫ਼ੋਨ : +1 647-567-9128
ਈ-ਮੇਲ : ssjhand121@gmail.com



# ਇੱਕ ਬੰਗਾਲੀ ਕੁੜੀ...

ਹਾਲ ਹੀ ਵਿੱਚ ਇੱਕ ਕੁੜੀ ਨੇ ਮੇਰੇ ਕੋਲ ਆਉਣਾ ਸ਼ੁਰੂ ਕੀਤਾ, ਇੱਕ ਬੰਗਾਲੀ ਕੁੜੀ, ਇੱਕ ਅਣਵਿਆਹੀ ਕੁੜੀ ਨੇ। ਉਸਦੀ ਮਾਂ ਪਿਉ ਨੇ ਮੈਨੂੰ ਆ ਕੇ ਦੱਸਿਆ ਕਿ ਬੰਗਾਲੀਆਂ ਵਿੱਚ, ਜੇਕਰ ਕੋਈ ਅਣਵਿਆਹੀ ਕੁੜੀ ਮਾਸ-ਮੱਛੀ ਖਾਣਾ ਛੱਡ ਦਿੰਦੀ ਹੈ ਤਾਂ ਇਸਨੂੰ ਬੁਰਾ ਸ਼ਗਨ ਸਮਝਿਆ ਜਾਂਦਾ ਹੈ। ਅਸਲ 'ਚ ਸਾਡੇ, ਵਿਧਵਾਵਾਂ ਮਾਸ-ਮੱਛੀ ਖਾਣਾ ਛੱਡਦੀਆਂ ਹਨ ਇਸਲਈ।

ਉਨ੍ਹਾਂ ਆ ਕੇ ਮੈਨੂੰ ਕਿਹਾ ਕਿ ਇਸਨੇ ਮਾਸ-ਮੱਛੀ ਖਾਣਾ ਛੱਡ ਦਿੱਤਾ ਹੈ ਤਾਂ ਇਸ ਨਾਲ ਸਾਨੂੰ ਬਹੁਤ ਪਰੇਸ਼ਾਨੀ ਹੋ ਗਈ ਹੈ, ਸਾਡੀ ਸਮਾਜ ਵਿੱਚ ਬਹੁਤ ਬਦਨਾਮੀ ਹੋ ਰਹੀ ਹੈ। ਇਸ ਲਈ ਅਸੀਂ ਤੁਹਾਨੂੰ ਬੇਨਤੀ ਕਰਨ ਆਏ ਹਾਂ ਕਿ ਇਸਨੂੰ ਕਹੋ ਕਿ ਖਾਵੇ।

ਤਾਂ ਮੈਂ ਉਨ੍ਹਾਂ ਨੂੰ ਕਿਹਾ ਕਿ ਮੈਂ ਤਾਂ ਕਦੇ ਵੀ ਉਸਨੂੰ ਖਾਣ ਤੋਂ ਨਹੀਂ ਰੋਕਿਆ। ਇਸ ਲਈ ਮੈਂ ਕਹਿਣ ਵਾਲਾ ਵੀ ਕੌਣ ਹੁੰਦਾ ਹਾਂ ਕਿ ਖਾਵੇ। ਉਹ ਧਿਆਨ ਕਰਨ ਆਉਂਦੀ ਹੈ। ਮੈਂ ਉਸਨੂੰ ਧਿਆਨ ਬਾਰੇ ਹੀ ਕਹਿ ਸਕਦਾ ਹਾਂ।

ਫਿਰ ਵੀ ਮੈਂ ਉਸ ਕੁੜੀ ਨੂੰ ਪੁੱਛਿਆ, ਮਾਪਿਆਂ ਦੇ ਬਾਰ-ਬਾਰ ਕਹਿਣ ਤੇ ਪੁੱਛਿਆ ਕਿ ਤੂੰ ਮਾਸ-ਮੱਛੀ ਖਾਣਾ ਕਿਉਂ ਛੱਡ ਦਿੱਤਾ?

ਉਸਨੇ ਕਿਹਾ ਕਿ ਛੱਡਣ ਦਾ ਕੋਈ ਸਵਾਲ ਨਹੀਂ ਹੈ। ਮੈਂ ਆਪ ਹੈਰਾਨ ਹਾਂ ਕਿ ਕਿਵੇਂ ਛੁਟ ਗਿਆ, ਜਦਕਿ ਮੈਨੂੰ ਮਾਸ-ਮੱਛੀ ਬਹੁਤ ਪਸੰਦ ਸੀ ਪਰ ਹੁਣ ਮੇਰੇ ਨਾਲ ਬਿਲਕੁਲ ਉਲਟਾ ਹੈ, ਮੈਨੂੰ ਹੈਰਾਨੀ ਹੁੰਦੀ ਹੈ ਕਿ ਮੈਂ ਇੰਨੇ ਲੰਬੇ ਸਮੇਂ ਤੱਕ ਖਾਧਾ ਕਿਵੇਂ? ਜਿਵੇਂ-ਜਿਵੇਂ ਮੇਰਾ ਮਨ ਸ਼ਾਂਤ ਹੋ ਗਿਆ ਹੈ, ਇਹ ਪੂਰੀ ਤਰ੍ਹਾਂ ਬੇਕਾਰ ਲੱਗਣ ਲੱਗ ਪਿਆ ਹੈ। ਇਸਨੂੰ ਕਿਵੇਂ ਖਾਵਾਂ, ਹੁਣ ਇਹ ਸਵਾਲ ਹੈ। ਇਸਨੂੰ ਖਾਣ ਦਾ ਤਾਂ ਹੁਣ ਸਵਾਲ ਹੀ ਨਹੀਂ ਉੱਠਦਾ।

ਮੈਂ ਜਵਾਬ ਜਾਣਦਾ ਹੀ ਸੀ, ਪਰ ਮਾਪਿਆਂ ਦਾ ਦਿਲ ਰੱਖਣ ਲਈ ਪੁੱਛਿਆ ਸੀ। ਇਸ ਲਈ ਮੈਂ ਤੁਹਾਨੂੰ ਸਭ ਨੂੰ ਦੱਸ ਦੇਵਾਂ ਕਿ ਇਹ ਘਟਨਾ ਸਭ ਨਾਲ ਘਟਦੀ ਹੈ। ਜਿਨ੍ਹਾਂ ਲੋਕਾਂ ਨੇ ਧਿਆਨ ਦਾ ਥੋੜ੍ਹਾ ਜਿਹਾ ਵੀ ਪ੍ਰਯੋਗ ਕੀਤਾ ਹੈ, ਉਨ੍ਹਾਂ ਦੇ ਆਚਰਣ ਵਿੱਚ, ਪੱਚੀ ਚੀਜ਼ਾਂ ਵਿੱਚ ਬਦਲਾਅ ਆਉਣਾ ਸ਼ੁਰੂ ਹੋ ਗਿਆ ਹੈ।



— ਓਸ਼ੋ (ਅਨੁਵਾਦ: ਮੀਤ ਅਨਮੋਲ)

# ਕੁੜੀ ਦੀ ਡਿਫਰੈਂਟ...



ਉਹ ਦੀ ਸਾਦਗੀ ਦੀ ਪੂਰੀ ਠੁੱਕ ਆ।
ਕੁੜੀ ਦੀ ਡਿਫਰੈਂਟ ਜਿਹੀ ਲੁਕ ਆ।

ਮਾਪਿਆਂ ਦਾ ਸਤਿਕਾਰ ਕਰਦੀ ,
ਹਰ ਇੱਕ ਗੱਲ ਨੂੰ ਜਰਦੀ।
ਉੱਚਾ ਬੋਲ ਕਿਸੇ ਨੂੰ ਨਾ ਬੋਲਦੀ,
ਸੁਰਖ਼ ਬੁੱਲਾਂ ਵਿੱਚੋਂ ਸ਼ਹਿਦ ਘੋਲਦੀ।
ਉਹ ਦੀ ਸਾਦਗੀ ਦੀ ਪੂਰੀ ਠੁੱਕ ਆ।
ਕੁੜੀ ਦੀ ਡਿਫਰੈਂਟ ਜਿਹੀ ਲੁਕ ਆ।

ਐਟੀਟਿਊਡ ਭੋਰਾ ਨਾ ਰੱਖਦੀ ,
ਬਿਨ੍ਹਾਂ ਗੱਲ ਤੋਂ ਨਾ ਸੰਗਦੀ,
ਸਟ੍ਰੈੱਸ ਤੋਂ ਪੈਰ ਦੂਰ ਰੱਖਦੀ,
ਖਿੜ ਖਿੜ ਰਹਿੰਦੀ ਹੱਸਦੀ।
ਪਰਮ ਦੀ ਸਾਦਗੀ ਦੀ ਪੂਰੀ ਠੁੱਕ ਆ।
ਕੁੜੀ ਦੀ ਡਿਫਰੈਂਟ ਜਿਹੀ ਲੁਕ ਆ।

ਨਾ ਹਾਰ ਸ਼ਿੰਗਾਰ ਲਾਉਂਦੀ,
ਨਾ ਨੈਣੀਂ ਸੁਰਮਾ ਪਾਉਂਦੀ,
ਨਾ ਪੈਰੀਂ ਪੰਜੇਬ ਛਣਕਾਉਂਦੀ ਆ।

ਪਰਮਬੀਰ ਕੌਰ ਰਿਆੜ

# ਮੁਕੱਦਰ....

ਮੁਕੱਦਰ ਵਿੱਚ ਲਿਖਿਆ ਸੀ, ਰੂਹਾਨੀ ਸਾਥ ਤੇਰਾ,
ਤਾਂਹੀ ਰੱਬ ਸੋਹਣੇ ਨੇ ਭੇਜਿਆ,
ਮੰਗਣ ਹੱਥ ਮੇਰਾ,,
ਜਿਵੇਂ ਸੋਹਣਾ ਸਾਥ ਧਰਤੀ ਅੰਬਰ ਦਾ ਬਣਾਇਆ ਹੈ,
ਜਿਵੇਂ ਤਾਰਿਆ ਦੇ ਨਾਲ ਸੋਹਣਾ ਚੰਦ ਚਮਕਾਇਆ ਹੈ,,
ਜਿਵੇਂ ਦੇਹ ਨਾਲ ਸਾਥ ਰੂਹ ਦਾ ਬਣਾਇਆ ਹੈ,
ਜਿਵੇਂ ਦੀਵੇ ਨਾਲ ਬੱਤੀ ਦਾ ਸੰਜੋਗ ਬਣਾਇਆ ਹੈ,,
ਜਿਵੇਂ ਇਤਰ ਦੇ ਨਾਲ ਖ਼ੁਸ਼ਬੂ ਨੂੰ ਮਿਲਾਇਆ ਹੈ,
ਜਿਵੇਂ ਪਹਾੜਾਂ ਨਾਲ ਝਰਨਾ ਵਹਾਇਆ ਹੈ,,
ਜਿਵੇਂ ਚਕੋਰ ਨਾਲ ਚੰਨ ਨੂੰ ਮਿਲਾਇਆ ਹੈ,
ਮੁਕੱਦਰ ਸਾਡਾ ਉਮਰਾਂ ਦਾ ਸਾਥ ਸਜਾਇਆ ਹੈ,,
ਮੰਨਤ, ਕਰਾਂ ਸ਼ੁਕਰਾਨਾ ਉਸ ਸੱਚੇ ਰੱਬ ਦਾ,
ਸੋਨੇ ਦੀ ਕਲਮ ਨਾਲ ਮੇਰਾ ਮੁਕੱਦਰ ਬਣਾਇਆ ਹੈ...।

ਮੰਨਤ ਲਵਲੀ
ਅੰਮ੍ਰਿਤਸਰ






# “ਕੌਣ ਬਣੇਗਾ ਕਰੋੜਪਤੀ” ਰਾਹੀਂ
# ਦਿਲਜੀਤ ਦੁਸਾਂਝ ਨੇ ਕਰੋੜਾਂ ਲੋਕਾਂ ਦਾ ਦਿਲ ਜਿੱਤਿਆ





ਅੱਜ 31 ਅਕਤੂਬਰ 2025 ਰਾਤ 9 00 ਵਜੇ ਕੌਣ ਬਣੇਗਾ ਕਰੋੜਪਤੀ ਰੀਅਲਟੀ ਸ਼ੌਅ ਦੇਖਿਆ । ਦਿਲਜੀਤ ਦੁਸਾਂਝ ਨੇ ਆਪਣੀ ਸਾਦਗੀ, ਕਲਾਕਾਰੀ ਤੇ ਅਦਾਕਾਰੀ ਨਾਲ ਸਭ ਦਾ ਦਿਲ ਜਿੱਤ ਲਿਆ । ਡੇਢ ਕੁ ਘੰਟੇ ਦਾ ਇਹ ਪਰੋਗਰਾਮ ਬਹੁਤ ਹੀ ਭਾਵਕ ਹੋ ਨਿਬੜਿਆ, ਪੰਜਾਬ ਵਿਚ ਆਏ ਹੜਾਂ ਨਾਲ ਮਚੀ ਤਬਾਹੀ ਦੇ ਵੀਡੀਓ ਫੁੱਟੇਜ ਦੇਖ ਕੇ ਅਤੇ ਹੜਪੀੜਤਾਂ ਦੀ ਦਰਦ ਕਹਾਣੀ ਸੁਣਕੇ, ਰੌਂਗਟੇ ਖੜ੍ਹੇ ਹੋ ਗਏ ਤੇ ਅੱਖਾਂ ‘ਚੋਂ ਆਪ ਮੁਹਾਰੇ ਹੀ ਹੰਝੂਆਂ ਦੀਆਂ ਝਲਾਰਾਂ ਵਗਦੀਆਂ ਰਹੀਆਂ । ਇਹ ਸਾਰਾ ਕੁੱਝ ਦੇਖ ਕੇ ਪਰੋਗਰਾਮ ਦੇ ਮੇਜਬਾਨ ਅਮਿਤਾਭ ਬੱਚਨ ਵੀ ਵਾਰ ਵਾਰ ਭਾਵੁਕ ਹੁੰਦੇ ਦੇਖੇ ਗਏ ।

ਇਸ ਪਰੋਗਰਾਮ ਵਿਚ ਦਿਲਜੀਤ ਦੁਸਾਂਝ ਨੇ ਆਪਣੀ ਗੱਲਬਾਤ ਤੇ ਅਦਾਕਾਰੀ ਨਾਲ ਪੰਜਾਬੀਆਂ ਦੇ ਦਰਦ ਨੂੰ ਪੂਰੀ ਦ੍ਰਿੜਤਾ ਨਾਲ ਦੁਨੀਆਂ ਸਾਹਵੇਂ ਪੇਸ਼ ਕਰਕੇ ਆਪਣਾ ਬਹੁਤ ਵੱਡਾ ਫਰਜ ਅਦਾ ਕਰ ਦਿੱਤਾ । ਇਥੇ ਦੱਸਣਾ ਬਣਦਾ ਹੈ ਕਿ ਸਾਰਾ ਪਰੋਗਰਾਮ ਦੇਖਣ ਉਪਰੰਤ ਇਹ ਗੱਲ ਸਪੱਸ਼ਟ ਰੂਪ ਵਿਚ ਸਾਹਮਣੇ ਆਈ ਕਿ ਦਿਲਜੀਤ ਦੁਸਾਂਝ ਵਲੋਂ ਇਸ ਪਰੋਗਰਾਮ ਵਿਚ ਹਾਜਰ ਹੋ ਕੇ ਪੰਜਾਬ ਦੇ ਹੜ੍ਹਪੀੜਤਾਂ ਵਾਸਤੇ ਪੈਸਾ ਇਕੱਤਰ ਕਰਨਾ ਮੁੱਖ ਮਨੋਰਥ ਨਹੀਂ ਸੀ ਬਲਕਿ ਹੜ੍ਹ ਮਹਾਂਮਾਰੀ ਦੀ ਬਰਬਾਦੀ ਨੂੰ ਪੂਰੀ ਦੁਨੀਆਂ ਤੱਕ ਨਸ਼ਰ ਕਰਨਾ ਉਸ ਦਾ ਮੁੱਖ ਮਕਸਦ ਸੀ ਤੇ ਆਪਣੇ ਇਸ ਮਿਸ਼ਨ ਵਿਚ ਉਹ ਪੂਰੀ ਤਰਾਂ ਕਾਮਯਾਬ ਰਿਹਾ । ਅਗਲੀ ਗੱਲ ਇਹ ਕਿ ਅਮਿਤਾਭ ਬੱਚਨ ਦੇ ਪੈਰੀਂ ਹੱਥ ਲਾਉਣ ‘ਤੇ ਹੋ ਹੱਲਾ ਕਰਨ ਵਾਲਿਆਂ ਨੂੰ ਵੀ ਉਹ ਮਾਕੂਲ ਜਵਾਬ ਦੇਣ ਵਿਚ ਪੂਰੀ ਤਰਾਂ ਸਫਲ ਹੋ ਨਿਬੜਿਆ ।

ਉਂਜ ਤਾਂ ਇਸ ਪਰੋਗਰਾਮ ਦਾ ਹਰ ਪਲ ਹੀ ਬਹੁਤ ਦਿਲ ਟੁੰਬਵਾਂ ਸੀ ਪਰ ਦਿਲਜੀਤ ਤੇ ਅਮਿਤਾਭ ਬੱਚਨ ਦੀ ਵਾਰਤਾਲਾਪ ਜਿਥੇ ਬਹੁਤ ਭਾਵ ਪੂਰਤ ਤੇ ਪਰਭਾਵੀ ਸੀ ਉਥੇ ਦਿਲਜੀਤ ਦੀ ਅਦਾਕਾਰੀ ਵੀ ਵਾਰ ਵਾਰ ਰੰਗ ਬੰਨ੍ਹਦੀ ਰਹੀ । “ਤੂੰ ਮੁਝੇ ਕਬੂਲ ਮੈਂ ਤੁੱਝੇ ਕਬੂਲ “ ਗੀਤ ਗਾ ਕੇ ਜਿਥੇ ਦਿਲਜੀਤ ਦੁਸਾਂਝ ਨੇ ਅਮਿਤਾਭ ਬੱਚਨ ਨੂੰ ਉਸ ਦੇ ਜੀਵਨ ਦੇ ਸੁਨਹਿਰੀ ਕਾਲ ਦੀ ਯਾਦ ਤਾਜਾ ਕਰਾ ਕੇ ਭਾਵੁਕ ਕਰ ਦਿੱਤਾ, ਉਥੇ ਅਮਿਤਾਭ ਬੱਚਨ ਦੀ ਫਰਮਾਇਸ਼ ਉੱਤੇ ਪੰਜਾਬ ਨਾਲ ਸਬੰਧਿਤ ਗੁਰੂ ਬਾਬਾ ਨਾਨਕ ਦੇਵ ਜੀ ਦੀ ਮਹਿਮਾਂ ਵਾਲਾ ਗੀਤ ਪੇਸ਼ ਕਰਕੇ ਉਸ ਨੇ ਆਪਣੇ ਧਾਰਮਿਕ ਅਕੀਦੇ ਦੀ ਵੀ ਜੋਰਦਾਰ ਪੇਸ਼ਕਾਰੀ ਕੀਤੀ। ਅਮਿਤਾਭ ਬੱਚਨ ਨੇ ਦਿਲਜੀਤ ਦੁਸਾਂਝ ਦੀ ਭਰਪੂਰ ਤਾਰੀਫ ਕਰਦਿਆਂ ਜਦ ਇਹ ਕਿਹਾ ਤੁਸੀਂ ਪੰਜਾਬ ਦੇ ਦਸ ਹੜ੍ਹ ਪੀੜਤ ਪਿੰਡਾਂ ਨੂੰ ਗੋਦ ਲੈ ਕੇ ਬਹੁਤ ਵੱਡਾ ਕਾਰਜ ਕੀਤਾ ਹੈ ਤਾਂ ਉਸ ਦਾ ਬਹੁਤ ਹੀ ਢੁਕਵਾਂ ਜਵਾਬ ਦਿੰਦਿਆਂ ਦਿਲਜੀਤ ਨੇ ਕਿਹਾ ਕਿ “ਮੈ ਪੰਜਾਬ ਦੇ ਪਿੰਡਾਂ ਨੂੰ ਗੋਦ ਨਹੀਂ ਲਿਆ, ਇਹ ਗੁਰੂ ਬਾਬੇ ਦੀ ਮਿਹਰ ਹੈ, ਮੈਂ ਭਾਗਾਂ ਵਾਲਾ ਹਾਂ ਕਿ ਪੰਜਾਬ ਨੇ ਮੈਨੂੰ ਗੋਦ ਲਿਆ ਹੋਇਆ ਹੈ ।”

ਇਸ ਸਮੁੱਚੇ ਪਰੋਗਰਾਮ ਵਿਚ ਦਿਲਜੀਤ ਦੁਆਰਾ ਬੋਲੀ ਜਾ ਹਿੰਦੀ ਤੋਂ ਇਸ ਤਰਾਂ ਲੱਗ ਰਿਹਾ ਸੀ ਕਿ ਹਿੰਦੀ ਬੋਲਣਾ ਉਸ ਦੇ ਵਸ ਦੀ ਗੱਲ ਨਹੀਂ, ਸ਼ਾਇਦ ਏਹੀ ਕਾਰਨ ਸੀ ਕਿ ਉਹ ਹਿੰਦੀ ਬੋਲਦਿਆਂ, ਬੋਲਦਿਆਂ ਕਈ ਵਾਰ ਆਪਮੁਹਾਰੇ ਪੰਜਾਬੀ ਵਿਚ ਛੁੱਟ ਪੈਂਦਾ ਸੀ । ਦਰਅਸਲ ਪਰੋਗਰਾਮ ਹਿੰਦੀ ਵਿਚ ਸੀ ਤੇ ਇਸ ਪਰੋਗਰਾਮ ਰਾਹੀਂ ਪੰਜਾਬ ਦੀ ਗੱਲ ਦੂਰ ਤੱਕ ਪਹੁਚਾਉਣ ਵਾਸਤੇ ਹਿੰਦੀ ਚ ਗੱਲ ਕਰਨੀ ਬਹੁਤ ਜਰੂਰੀ ਵੀ ਸੀ ਤੇ ਉਹ ਆਪਣੇ ਮਿਸ਼ਨ ਵਿਚ ਪੂਰੀ ਤਰਾਂ ਸਫਲ ਵੀ ਰਿਹਾ ।

ਦਰਸ਼ਕਾਂ ਨੇ ਜਦ ਦਿਲਜੀਤ ਨੂੰ ਇਕ ਗੀਤ ਸੁਣਾਉਣ ਦੀ ਫਰਮਾਇਸ਼ ਕੀਤੀ ਤਾਂ ਉਸ ਦਾ ਇਹ ਕਹਿਣਾ ਕਿ,

“ਮੈਂ ਅੱਜ ਪੰਜਾਬ ਲਈ ਇਥੇ ਆਇਆ ਹਾਂ, ਜੋ ਮਰਜੀ ਕਰਾ ਲਵੋ ਬੇਸ਼ੱਕ ਡਾਂਸ ਕਰਵਾ ਲਵੋ ਮੈਂ ਉਹ ਵੀ ਕਰਨ ਲਈ ਤਿਆਰ ਹਾਂ ।”

ਇਹਨਾਂ ਉਕਤ ਸ਼ਬਦਾਂ ਤੋਂ ਉਸ ਦੀ ਪੰਜਾਬ ਪ੍ਰਤੀ ਅਟੁਟ ਸਨੇਹ ਦੀ ਝਲਕ ਝਾਤਮ ਝਾਤ ਕਰਦੀ ਹੋਈ ਸਾਫ ਨਜਰ ਆ ਰਹੀ ਹੈ । ਇਸ ਸਾਰੇ ਪਰੋਗਰਾਮ ਨੂੰ ਦੇਖਣ ਉਪਰੰਤ ਇਹ ਗੱਲ ਬਿਲਕੁਲ ਸ਼ਪੱਸ਼ਟ ਰੂਪ ਵਿਚ ਸਾਹਮਣੇ ਆਈ ਕਿ ਦਿਲਜੀਤ ਦੁਸਾਂਝ ਨੇ ਇਸ ਪਰੋਗਰਾਮ ਵਿਚ ਬੇਸ਼ੱਕ ਪੰਜਾਬ ਦੇ ਹੜ੍ਹ ਪੀੜਤਾਂ ਦੇ ਮੁੜ ਵਸੇਬੇ ਲਈ ਪੰਜਾਹ ਲੱਖ ਤੋਂ ਵੱਧ ਦੀ ਰਾਸ਼ੀ ਜਿੱਤੀ, ਪਰ ਇਹ ਉਕਤ ਰਾਸ਼ੀ ਜਿੱਤਣਾ ਉਸ ਦਾ ਅਸਲ ਮਨੋਰਥ ਨਹੀ ਸੀ ਕਿਓਂਕਿ ਇਸ ਤੋਂ ਕਿਤੇ ਵੱਧ ਰਾਸ਼ੀ ਤਾਂ ਉਹ ਹੁਣ ਤੱਕ ਪੰਜਾਬ ਦੇ ਹੜ੍ਹਪੀੜਤਾਂ ਦੀ ਮੱਦਦ ਵਾਸਤੇ ਖਰਚ ਕਰ ਚੁੱਕਾ ਹੈ । ਦਰਅਸਲ ਇਸ ਵੱਡੇ ਪਰੋਗਰਾਮ ਵਿਚ ਹਾਜਰ ਹੋ ਕੇ ਉਹ ਅਗਸਤ 2025 ਦੇ ਹੜ੍ਹਾਂ ਤੋਂ ਬਾਅਦ ਪੈਦਾ ਹੋਏ ਪੰਜਾਬ ਦੇ ਅਸਲ ਹਾਲਾਤਾਂ ਦੀ ਤਸਵੀਰ ਇਸ ਚੈਨਲ ਦੇ ਜਰੀਏ ਅੰਤਰਰਾਸ਼ਟਰੀ ਭਾਈਚਾਰੇ ਅੱਗੇ ਪੇਸ਼ ਕਰਨੀ ਚਾਹੁੰਦਾ ਸੀ ਤੇ ਉਹ ਆਪਣੇ ਇਸ ਮਿਸ਼ਨ ਵਿਚ ਉਹ ਬਾਖੂਬੀ ਸਫਲ ਵੀ ਰਿਹਾ ਹੈ ।

ਇਥੇ ਸੋਚਣ ਵਾਲੀ ਗੱਲ ਇਹ ਹੈ ਕਿ ਦਿਲਜੀਤ ਵਰਗੇ ਸਫਲ ਕਲਾਕਾਰ, ਜਿਸ ਦਾ ਹਰ ਪਲ ਇਸ ਸਮੇਂ ਬਹੁਤ ਕੀਮਤੀ ਹੈ, ਉਸ ਨੇ ਸਮਾ ਕੱਢਕੇ ਉਸ ਨੇ ਪੰਜਾਬ ਦੀ ਬੇਹਤਰੀ ਵਾਸਤੇ ਭੇਂਟ ਕੀਤਾ ਜਿਸ ਤੋਂ ਉਸ ਦੇ ਪੰਜਾਬ ਪ੍ਰਤੀ ਅਕਹਿ ਮੋਹ ਦਾ ਅੰਦਾਜਾ ਸਹਿਜੇ ਹੀ ਲਗਾਇਆ ਜਾ ਸਕਦਾ ਹੈ ।

ਸੋ ਅਸੀਂ ਪੰਜਾਬੀ ਇਹ ਗੱਲ ਬੜੇ ਮਾਣ ਤੇ ਫਖਰ ਨਾਲ ਕਹਿ ਸਕਦੇ ਹਾਂ ਕਿ ਸਾਡੇ ਕੋਲ ਇਸ ਵਕਤ ਉਹ ਪੰਜਾਬੀ ਸ਼ੇਰ ਪੁੱਤਰ ਹੈ, ਜੋ ਪੰਜਾਬੀ ਸੱਭਿਆਚਾਰ ਨੂੰ ਪੂਰੇ ਵਿਸ਼ਵ ਵਿਚ ਫੈਲਾਉਣ ਦੇ ਨਾਲ ਪੰਜਾਬ ਦੇ ਵਿਰਸੇ ਨਾਲ ਜੁੜਕੇ ਸਮੁੱਚੇ ਪੰਜਾਬੀਆਂ ਦੇ ਦੁੱਖਾਂ ਵਿਚ ਸ਼ਰੀਕ ਹੋਣ ਦਾ ਬੱਲ ਵੀ ਬਾਖੂਬੀ ਜਾਣਦਾ ਹੈ । ਵਾਹਿਗੁਰੂ, ਇਸ ਕਲਾਕਾਰ ਨੂੰ ਹੋਰ ਉੱਚੀਆਂ ਬੁਲੰਦੀਆਂ ਸਰ ਕਰਨ ਦੀ ਤੌਫੀਕ ਬਖਸ਼ਣ ।

ਸ਼ਿੰਗਾਰਾ ਸਿੰਘ ਢਿੱਲੋਂ (ਪ੍ਰੋ:

# ਦਿਲਜੀਤ ਦੋਸਾਂਝ ਨੇ ਕੀਤੀ ਫ਼ਾਜ਼ਿਲਕਾ ਦੇ ਕਿਸਾਨ ਪਰਿਵਾਰ ਦੀ ਮਦਦ



ਫ਼ਾਜ਼ਿਲਕਾ ਦੇ ਸਰਹੱਦੀ ਇਲਾਕੇ ਵਿਚ ਪਿਛਲੇ ਦਿਨੀਂ ਆਏ ਹੜ੍ਹ ਨੇ ਇਕ ਪ੍ਰਵਾਰ 'ਤੇ ਗਹਿਰਾ ਸੰਕਟ ਖੜ੍ਹਾ ਕਰ ਦਿਤਾ। ਪਿੰਡ ਰੇਤੇ ਵਾਲੀ ਭੈਣੀ ਦੇ ਦਵਿੰਦਰ ਸਿੰਘ ਨੇ ਹੜ੍ਹ ਵਿਚ ਅਪਣੇ ਕਿਸਾਨ ਪਿਤਾ ਨੂੰ ਗੁਆ ਲਿਆ, ਜਦੋਂ ਕਿ ਮਾਂ ਦਾ ਦਿਹਾਂਤ ਡੇਢ ਸਾਲ ਪਹਿਲਾਂ ਹੋ ਚੁੱਕਾ ਸੀ। ਹੁਣ ਇਸ ਪ੍ਰਵਾਰ ਦੀ ਮਦਦ ਲਈ ਪੰਜਾਬੀ ਗਾਇਕ ਅਤੇ ਅਦਾਕਾਰ ਦਿਲਜੀਤ ਦੋਸਾਂਝ ਅੱਗੇ ਆਏ ਹਨ।

ਹਾਲਾਤ ਨੂੰ ਦੇਖਦੇ ਹੋਏ ਪ੍ਰਵਾਰ ਦੇ ਬੱਚਿਆਂ ਨੂੰ ਕੇਬੀਸੀ ਦੇ ਦਿਲਜੀਤ ਦੋਸਾਂਝ ਵਾਲੇ ਐਪੀਸੋਡ ਵਿਚ ਬੁਲਾਇਆ ਗਿਆ, ਜਿਥੇ ਉਨ੍ਹਾਂ ਨੂੰ ਆਰਥਕ ਮਦਦ ਮਿਲੀ। ਗਾਇਕ ਦਿਲਜੀਤ ਨੇ ਪ੍ਰਵਾਰ ਨੂੰ ਖੇਤੀ ਲਈ ਇਕ ਟਰੈਕਟਰ ਭੇਟ ਕੀਤਾ ਹੈ। ਦਵਿੰਦਰ ਸਿੰਘ ਨੇ ਦਸਿਆ ਕਿ ਹੜ੍ਹ ਦੌਰਾਨ ਉਨ੍ਹਾਂ ਦੇ ਪਿਤਾ ਵਜ਼ੀਰ ਸਿੰਘ ਨੂੰ ਸੱਪ ਨੇ ਕੱਟ ਲਿਆ ਸੀ। ਉਨ੍ਹਾਂ ਨੂੰ ਫ਼ਾਜ਼ਿਲਕਾ ਦੇ ਸਰਕਾਰੀ ਹਸਪਤਾਲ ਲਿਜਾਇਆ ਗਿਆ, ਜਿਥੇ ਡਾਕਟਰਾਂ ਨੇ ਉਨ੍ਹਾਂ ਨੂੰ ਮ੍ਰਿਤਕ ਘੋਸ਼ਿਤ ਕਰ ਦਿਤਾ।

ਪ੍ਰਵਾਰ ਦੀ ਵਿਗੜਦੀ ਆਰਥਕ ਹਾਲਤ ਨੂੰ ਦੇਖਦੇ ਹੋਏ, ਇਕ ਨਿਜੀ ਸੰਸਥਾ ਦੇ ਮਾਧਿਅਮ ਰਾਹੀਂ ਉਨ੍ਹਾਂ ਨੂੰ ਕੇਬੀਸੀ ਵਿਚ ਦਿਲਜੀਤ ਦੋਸਾਂਝ ਦੇ ਸ਼ੋਅ ਵਿਚ ਸੱਦਾ ਦਿਤਾ ਗਿਆ ਸੀ ਉਥੇ ਦਿਲਜੀਤ ਦੋਸਾਂਝ ਨੇ ਉਨ੍ਹਾਂ ਨੂੰ ਟਰੈਕਟਰ ਤੋਹਫ਼ੇ ਵਿਚ ਦਿਤਾ, ਤਾਂ ਜੋ ਉਹ ਅਪਣੀ ਜ਼ਮੀਨ ਨੂੰ ਫਿਰ ਤੋਂ ਖੇਤੀ ਯੋਗ ਬਣਾ ਸਕਣ ਅਤੇ ਖੇਤੀ ਕਰ ਸਕਣ।

# 2026 ਵਿੱਚ ਰਿਲੀਜ਼ ਹੋਵੇਗੀ ਸ਼ਾਹਰੁਖ਼ ਖਾਨ ਦੀ ਫ਼ਿਲਮ ‘ਕਿੰਗ’



ਬਾਲੀਵੁੱਡ ਅਦਾਕਾਰ ਸ਼ਾਹਰੁਖ ਖਾਨ ਦੀ ਫਿਲਮ ‘ਕਿੰਗ’ 2026 ਵਿੱਚ ਰਿਲੀਜ਼ ਹੋਵੇਗੀ, ਨਿਰਮਾਤਾਵਾਂ ਨੇ ਐਤਵਾਰ ਨੂੰ ਐਲਾਨ ਕੀਤਾ। ਇਸ ਫਿਲਮ ਦਾ ਨਿਰਦੇਸ਼ਨ ਸਿਧਾਰਥ ਆਨੰਦ ਨੇ ਕੀਤਾ ਹੈ। ਸਿਧਾਰਥ ਨੇ ਪਹਿਲਾਂ 2023 ਵਿੱਚ ਸ਼ਾਹਰੁਖ ਨਾਲ ਫਿਲਮ ‘ਪਠਾਨ’ ਵਿੱਚ ਕੰਮ ਕੀਤਾ ਸੀ, ਜੋ ਬਾਕਸ ਆਫਿਸ 'ਤੇ ਹਿੱਟ ਰਹੀ ਸੀ।

ਆਉਣ ਵਾਲੀ ਫਿਲਮ ‘ਕਿੰਗ’ ਰੈੱਡ ਚਿਲੀਜ਼ ਐਂਟਰਟੇਨਮੈਂਟ ਅਤੇ ਮਾਰਫਲਿਕਸ ਪਿਕਚਰਸ ਦੁਆਰਾ ਬਣਾਈ ਗਈ ਹੈ। ਇਹ ਐਲਾਨ ਸ਼ਾਹਰੁਖ ਦੇ 60ਵੇਂ ਜਨਮਦਿਨ ਦੇ ਮੌਕੇ 'ਤੇ ਕੀਤਾ ਗਿਆ ਸੀ। ਇੱਕ ਟਾਈਟਲ ਵੀਡੀਓ ਵੀ ਜਾਰੀ ਕੀਤਾ ਗਿਆ ਸੀ, ਜਿਸ ਵਿੱਚ ਅਦਾਕਾਰ ਨੂੰ ਇੱਕ ਨਵੇਂ ਅਵਤਾਰ ਵਿੱਚ ਦਿਖਾਇਆ ਗਿਆ ਹੈ। ਇਸ ਵਿੱਚ ਉਸਦੇ ਐਕਸ਼ਨ ਦ੍ਰਿਸ਼ਾਂ ਦੀਆਂ ਝਲਕੀਆਂ ਵੀ ਦਿਖਾਈਆਂ ਗਈਆਂ।

ਪ੍ਰੋਡਕਸ਼ਨ ਬੈਨਰ ਨੇ ਆਪਣੇ ਅਧਿਕਾਰਤ ਇੰਸਟਾਗ੍ਰਾਮ ਹੈਂਡਲ 'ਤੇ ਵੀਡੀਓ ਸਾਂਝਾ ਕੀਤਾ। ਇਸ ਵਿੱਚ ਕੈਪਸ਼ਨ ਦਿੱਤਾ ਗਿਆ ਹੈ, ‘ਸੌ ਦੇਸ਼ਾਂ ਵਿੱਚ ਬਦਨਾਮ, ਦੁਨੀਆ ਨੇ ਉਸਨੂੰ ਸਿਰਫ਼ ਇੱਕ ਹੀ ਨਾਮ ਦਿੱਤਾ – ਕਿੰਗ। ਇਹ ਸ਼ੋਅ ਟਾਈਮ ਹੈ ! 2026 ਦੇ ਸਿਨੇਮਾਘਰਾਂ ਵਿੱਚ।

ਇਸ ਫਿਲਮ ਵਿੱਚ ਸ਼ਾਹਰੁਖ ਦੀ ਧੀ ਸੁਹਾਨਾ ਖਾਨ ਅਤੇ ਦੀਪਿਕਾ ਪਾਦੁਕੋਣ ਵੀ ਹਨ। ਸ਼ਾਹਰੁਖ ਅਤੇ ਪਾਦੁਕੋਣ ਨੇ ਓਮ ਸ਼ਾਂਤੀ ਓਮ, ਚੇਨਈ ਐਕਸਪ੍ਰੈਸ, ਪਠਾਨ ਅਤੇ ਜਵਾਨ ਵਰਗੀਆਂ ਹਿੱਟ ਫਿਲਮਾਂ ਵਿੱਚ ਕੰਮ ਕੀਤਾ ਹੈ। ਅਦਾਕਾਰ ਨੂੰ ਆਖਰੀ ਵਾਰ ਰਾਜਕੁਮਾਰ ਹਿਰਾਨੀ ਦੀ ‘ਡੰਕੀ’ ਵਿੱਚ ਤਾਪਸੀ ਪੰਨੂ, ਵਿੱਕੀ ਕੌਸ਼ਲ ਅਤੇ ਬੋਮਨ ਈਰਾਨੀ ਦੇ ਨਾਲ ਦੇਖਿਆ ਗਿਆ ਸੀ।

# ਹੁਣ 'ਯਮਲਾ' ਬਣ ਕੇ ਆਵੇਗਾ ਰਾਜਵੀਰ ਜਵੰਦਾ, ਰਿਲੀਜ਼ ਹੋਵੇਗੀ ਆਖਰੀ ਫਿਲਮ



ਸਵਰਗੀ ਪੰਜਾਬੀ ਗਾਇਕ ਰਾਜਵੀਰ ਜਵੰਦਾ ਇੱਕ ਵਾਰ ਫਿਰ ਵੱਡੇ ਪਰਦੇ 'ਤੇ ਆਪਣੇ ਪ੍ਰਸ਼ੰਸਕਾਂ ਨੂੰ ਨਜ਼ਰ ਆਉਣਗੇ। ਉਨ੍ਹਾਂ ਦੇ ਦੇਹਾਂਤ ਤੋਂ ਬਾਅਦ ਰਾਜਵੀਰ ਜਵੰਦਾ ਦੇ ਪਰਿਵਾਰ ਨੇ ਉਨ੍ਹਾਂ ਦੀ ਫਿਲਮ 'ਯਮਲਾ' ਰਿਲੀਜ਼ ਕਰਨ ਦਾ ਫੈਸਲਾ ਕੀਤਾ ਹੈ।

**ਫਿਲਮ ਰਿਲੀਜ਼ ਕਰਨ ਦਾ ਕਾਰਨ : ਕਲਾ ਹਮੇਸ਼ਾ ਜਿਉਂਦਾ ਰੱਖਣ ਦੀ ਕੋਸ਼ਿਸ਼**



ਜਵੰਦਾ ਦੇ ਪਰਿਵਾਰ ਨੇ ਇਹ ਫੈਸਲਾ ਗਾਇਕ ਸਿੱਧੂ ਮੂਸੇਵਾਲਾ ਦੇ ਪਰਿਵਾਰ ਵਾਂਗ ਲਿਆ ਹੈ, ਜੋ ਕਿ ਮਰਹੂਮ ਕਲਾਕਾਰਾਂ ਦੀ ਕਲਾ ਨੂੰ ਜਿਉਂਦਾ ਰੱਖਣ ਦੀ ਕੋਸ਼ਿਸ਼ ਹੈ। ਪਰਿਵਾਰ ਨੇ ਸੋਸ਼ਲ ਮੀਡੀਆ 'ਤੇ ਇੱਕ ਭਾਵਨਾਤਮਕ ਪੋਸਟ ਸਾਂਝੀ ਕੀਤੀ ਹੈ, ਜਿਸ ਵਿੱਚ ਉਨ੍ਹਾਂ ਨੇ ਲਿਖਿਆ ਹੈ: "ਇੱਕ ਫਨਕਾਰ ਇਸ ਦੁਨੀਆ ਨੂੰ ਅਲਵਿਦਾ ਕਹਿ ਜਾਂਦਾ ਹੈ, ਪਰ ਉਨ੍ਹਾਂ ਦੀ ਕਲਾ ਰਹਿੰਦੀ ਦੁਨੀਆ ਤੱਕ ਜਿਉਂਦੀ ਹੈ।"। ਪਰਿਵਾਰ ਨੇ ਵਾਅਦਾ ਕੀਤਾ ਹੈ ਕਿ ਉਹ ਰਾਜਵੀਰ ਦੀ ਕਲਾ ਨੂੰ ਜਿਉਂਦੇ ਰੱਖਣ ਦੇ ਇਸ ਸਫ਼ਰ ਵਿੱਚ 'ਇਸ ਯਮਲੇ ਨੂੰ ਉਨ੍ਹਾਂ ਦੀ ਕਲਾ ਰਾਹੀਂ ਹਮੇਸ਼ਾ ਜਿਉਂਦਾ ਰੱਖਣਗੇ'।

ਪਰਿਵਾਰ ਨੇ ਐਤਵਾਰ (2 ਨਵੰਬਰ) ਸ਼ਾਮ 6 ਵਜੇ ਰਾਜਵੀਰ ਜਵੰਦਾ ਦੇ ਅਧਿਕਾਰਤ ਸੋਸ਼ਲ ਮੀਡੀਆ ਅਕਾਊਂਟ 'ਤੇ ਪੋਸਟ ਕਰਕੇ ਇਸ ਫਿਲਮ ਦੀ ਰਿਲੀਜ਼ ਦਾ ਸੰਕੇਤ ਦਿੱਤਾ। ਉਨ੍ਹਾਂ ਨੇ ਫਿਲਮ ਦੇ ਨਿਰਦੇਸ਼ਕ ਰਾਕੇਸ਼ ਮਹਿਤਾ ਨੂੰ ਵੀ ਸੁਨੇਹਾ ਭੇਜਿਆ ਹੈ।

**ਫਿਲਮ 'ਯਮਲਾ' ਬਾਰੇ ਅਹਿਮ ਜਾਣਕਾਰੀ**

- **ਸ਼ੂਟਿੰਗ ਦੀ ਸ਼ੁਰੂਆਤ :** ਫਿਲਮ 'ਯਮਲਾ' ਦੀ ਸ਼ੂਟਿੰਗ 2019 ਵਿੱਚ ਸ਼ੁਰੂ ਹੋਈ ਸੀ।
- **ਕਾਸਟ:** ਇਸ ਫਿਲਮ ਵਿੱਚ ਰਾਜਵੀਰ ਜਵੰਦਾ ਦੇ ਨਾਲ ਸਾਨਵੀ ਧੀਮਾਨ, ਗੁਰਪ੍ਰੀਤ ਘੁੱਗੀ, ਹਰਬੀ ਸੰਘਾ, ਰਘਵੀਰ ਬੋਲੀ ਅਤੇ ਨਵਨੀਤ ਕੌਰ ਢਿੱਲੋਂ ਨੇ ਅਹਿਮ ਭੂਮਿਕਾਵਾਂ ਨਿਭਾਈਆਂ ਹਨ।
- **ਨਿਰਦੇਸ਼ਕ ਅਤੇ ਨਿਰਮਾਤਾ:** ਇਸ ਨੂੰ ਰਾਕੇਸ਼ ਮਹਿਤਾ ਨੇ ਨਿਰਦੇਸ਼ਿਤ ਕੀਤਾ ਹੈ, ਜਦਕਿ ਬੇਲੀ ਸਿੰਘ ਕੱਕੜ ਨੇ ਇਸ ਦਾ ਨਿਰਮਾਣ ਕੀਤਾ ਹੈ।
- **ਲੋਕੇਸ਼ਨ:** ਫਿਲਮ ਦੀ ਸ਼ੂਟਿੰਗ ਅੰਮ੍ਰਿਤਸਰ ਸਮੇਤ ਕਈ ਵੱਖ-ਵੱਖ ਥਾਵਾਂ 'ਤੇ ਕੀਤੀ ਗਈ ਸੀ।

**ਅਚਾਨਕ ਮੌਤ ਕਾਰਨ ਸੋਗ**

ਰਾਜਵੀਰ ਜਵੰਦਾ ਦਾ ਦਿਹਾਂਤ 35 ਸਾਲ ਦੀ ਛੋਟੀ ਉਮਰ ਵਿੱਚ ਹੋ ਗਿਆ ਸੀ। ਉਹ 27 ਸਤੰਬਰ ਨੂੰ ਇੱਕ ਬਾਈਕ ਹਾਦਸੇ ਦਾ ਸ਼ਿਕਾਰ ਹੋ ਗਏ ਸਨ ਜਦੋਂ ਉਹ ਬੱਦੀ ਤੋਂ ਸ਼ਿਮਲਾ ਜਾ ਰਹੇ ਸਨ। ਪਿੰਜੌਰ ਨੇੜੇ ਉਨ੍ਹਾਂ ਨੇ ਦੋ ਪਸ਼ੂਆਂ ਦੀ ਲੜਾਈ ਤੋਂ ਬਚਣ ਦੀ ਕੋਸ਼ਿਸ਼ ਕੀਤੀ, ਜਿਸ ਕਾਰਨ ਉਨ੍ਹਾਂ ਦੀ ਬਾਈਕ ਹਾਦਸਾਗ੍ਰਸਤ ਹੋ ਗਈ। 11 ਦਿਨ ਮੋਹਾਲੀ ਦੇ ਫੋਰਟਿਸ ਹਸਪਤਾਲ ਵਿੱਚ ਭਰਤੀ ਰਹਿਣ ਤੋਂ ਬਾਅਦ ਉਹ 12ਵੇਂ ਦਿਨ ਇਸ ਫਾਨੀ ਦੁਨੀਆ ਨੂੰ ਅਲਵਿਦਾ ਕਹਿ ਗਏ। ਪਰਿਵਾਰ ਨੇ ਸੰਕੇਤ ਦਿੱਤਾ ਹੈ ਕਿ ਇਹ "ਯਮਲਾ" ਜਲਦ ਹੀ ਪ੍ਰਸ਼ੰਸਕਾਂ ਲਈ ਸਿਨੇਮਾ ਘਰਾਂ ਵਿੱਚ ਉਪਲਬਧ ਹੋਵੇਗਾ।

BUY I SELL I INVEST
TEAM GILL



Amarjit Sangha
Sales Representative
905-874-9600
Shamsher Gill
Sales Representative
905-744-4400
Simrat Grewal
Sales Representative
416-414-2878
DIR.: 905-744-4400
FREE MARKET EVALUATION OF YOUR PROPERTY
* ਨਵਾਂ ਘਰ ਦੇਖ ਰਹੇ ਹੋ ਜਾਂ ਇੰਨਵੈਸਟਮੈਂਟ ਪ੍ਰੋਪਰਟੀ ਦੀ ਭਾਲ ਵਿੱਚ ਹੋ?
* ਕਿਸੇ ਤਰ੍ਹਾਂ ਦਾ ਬਿਜ਼ਨਸ ਖਰੀਦਣਾ ਜਾਂ ਵੇਚਣਾ ਚਾਹੁੰਦੇ ਹੋ?
* ਭਰੋਸੇਯੋਗ, ਇਮਾਨਦਾਰ ਅਤੇ ਤਜਰਬੇਕਾਰ Real Estate Team ਲੱਭ ਰਹੇ ਹੋ?
WE CAN HELP YOU FIND YOUR DREAM PROPERTY IN
GTA & WATERLOO REGION:
Mississauga, Brampton, Caledon,
Cambridge, Kitchener, Waterloo & Guelph Area
ROYAL LEPAGE
Flower City Realty Inc.
BROKERAGE, INDEPENDENTLY OWNED & OPERATED
MLS MULTIPLE LISTING SERVICE
INCOME GENERATING INVESTMENT PROPERTIES

ACCESS PERSONNEL RESOURCES INC.
TEMPORARY STAFFING AGENCY
WE ARE HIRING
Join Our Team



OPEN POSITION
- General Labour
- Forklift Operators
- Sanitation Workers
- Machine Operators
- Mixers/Bakers
- Shippers/Receivers

REQUIREMENTS:
The person should be fluent in english, able to work long hours.
The person should be able to work full time with valid work permit or PR holders

APPLY NOW
Send your resume
disptach.accesspersonnel@gmail.com
Contact: 416-675-2288
Shift Available
Morning
Afternoon
Night

# ਬਾਬੇ ਨਾਨਕ ਦੀ ਸੰਵਾਦ ਕਲਾ

ਮਨੁੱਖਤਾ ਦੇ ਰਹਿਬਰ ਗੁਰੂ ਨਾਨਕ ਦੇਵ ਜੀ ਨੇ ਜਿੰਨਾ ਸਮਾਂ ਇਸ ਦੁਨੀਆਂ ਵਿੱਚ ਵਿਚਰੇ, ਵੱਖ ਵੱਖ ਵਰਗਾਂ ਦੇ ਲੋਕਾਂ ਨਾਲ ਮੁਲਾਕਾਤਾਂ ਕੀਤੀਆਂ। ਉਹ ਆਪਣੀਆਂ ਉਦਾਸੀਆਂ ਕਰ ਕੇ ਜਾਣੀਆਂ ਜਾਂਦੀਆਂ ਯਾਤਰਾਵਾਂ ਦੌਰਾਨ ਬਹੁਤ ਸਾਰੇ ਲੋਕਾਂ ਨੂੰ ਮਿਲੇ। ਉਹਨਾਂ ਨੂੰ ਸੁਣਿਆ ਅਤੇ ਆਪਣੀ ਗੱਲ ਉਹਨਾਂ ਨੂੰ ਸੁਣਾਈ ਵੀ। ਉਹਨਾਂ ਨੇ ਸਿੱਧਾਂ, ਪੰਡਿਤਾਂ, ਕਾਜੀਆਂ, ਪੀਰਾਂ,ਜੋਗੀਆਂ, ਮੌਲਾਣਿਆਂ, ਰਾਜਿਆਂ, ਮਹਾਰਾਜਿਆਂ, ਵਪਾਰੀਆਂ, ਸ਼ਾਹੂਕਾਰਾਂ, ਕਿਸਾਨਾਂ, ਮਜ਼ਦੂਰਾਂ, ਅਤੇ ਸਾਧਾਰਨ ਲੋਕਾਂ ਨਾਲ ਸੰਵਾਦ ਰਚਾਇਆ। ਉਹਨਾਂ ਇਹਨਾਂ ਸਾਰਿਆਂ ਨੂੰ ਸੁਣਿਆ, ਉਹਨਾਂ ਦੇ ਆਖੇ ਨੂੰ ਆਪਣੇ ਗਿਆਨ ਅਤੇ ਤਜਰਬੇ ਤੇ ਪਰਖਿਆ ਅਤੇ ਫਿਰ ਦਲੀਲਪੂਰਨ ਢੰਗ ਨਾਲ, ਨਿਮਰਤਾ ਅਤੇ ਮਿਠਾਸ ਨਾਲ ਉਹਨਾਂ ਦੀ ਗਲਤ ਗੱਲ ਨੂੰ ਕੱਟ ਕੇ ਆਪਣੇ ਸਿਧਾਂਤ ਦੀ ਗੱਲ ਸਮਝਾਈ। ਇਸ ਸਾਰੇ ਵਾਰਤਾਲਾਪ ਨੂੰ ਉਹਨਾਂ ਨੇ ਬਹੁਤ ਹੀ ਸਹਿਜ ਨਾਲ ,ਵਿਵੇਕ ਨਾਲ, ਸੂਝ ਨਾਲ ਨੇਪਰੇ ਚਾੜ੍ਹਿਆ। ਉਹਨਾਂ ਦਾ ਵਾਰਤਾਲਾਪੀ ਢੰਗ ਏਨਾ ਨਿਆਰਾ, ਪਿਆਰਾ ਅਤੇ ਦਿਲਚਸਪੀ ਭਰਪੂਰ ਸੀ ਕਿ ਆਪ ਜੀ ਦੀ ਸੋਚ ਨਾਲੋਂ ਬਿਲਕੁਲ ਵੱਖਰੀ ਸੋਚ ਰੱਖਣ ਵਾਲੇ ਵੀ ਉਹਨਾਂ ਦੀਆਂ ਦਲੀਲਾਂ ਦੇ ਕਾਇਲ ਹੁੰਦੇ ਗਏ। ਉਹਨਾਂ ਕੋਲ ਗੁਰੂ ਨਾਨਕ ਜੀ ਵਲੋਂ ਪੁੱਛੇ ਸਵਾਲਾਂ ਦੇ ਜਵਾਬ ਨਹੀਂ ਸਨ, ਬਹੁਤੀ ਵਾਰੀ ਉਹ ਨਿਰੁੱਤਰ ਹੋ ਗਏ ਅਤੇ ਦਿਲੋਂ ਧੁਰ ਅੰਦਰੋਂ ਗੁਰੂ ਨਾਨਕ ਬਾਤ ਵਿੱਚ ਉਹਨਾਂ ਨੂੰ ਵਜ਼ਨ ਲੱਗਿਆ । ਇਸੇ ਲਈ ਬਹੁਗਿਣਤੀ ਗੁਰੂ ਨਾਨਕ ਦੀ ਮੁਰੀਦ ਬਣਦੀ ਗਈ। ਅੱਜ ਜਦੋਂ ਅਸੀਂ ਸੰਵਾਦ ਦੀ ਥਾਂ ਵਿਵਾਦ ਵੱਲ ਵੱਧ ਰਹੇ ਹਾਂ, ਅਜਿਹੇ ਸਮੇਂ ਬਹੁਤ ਜਰੂਰੀ ਹੋ ਜਾਂਦਾ ਏ, ਗੁਰੂ ਨਾਨਕ ਜੀ ਦੀ ਸੰਵਾਦ ਕਲਾ ਬਾਰੇ ਜਾਨਣਾ ਅਤੇ ਉਸ ਤੋਂ ਕੁਝ ਸਿੱਖਣਾ। ਇਸ ਖੂਬਸੂਰਤ ਕਲਾ ਸਦਕਾ ਹੀ ਉਹ ਹਰੇਕ ਮੁਲਾਕਾਤੀ ਨੂੰ ਕੋਈ ਵੀ ਸਾਧਨ ਸਹੂਲਤ ਦੀ ਹੋਂਦ ਤੋਂ ਬਿਨਾਂ ਹੀ ਆਪਣੀ ਬਾਣੀ ਰਾਹੀਂ, ਆਪਣੇ ਸ਼ਬਦਾਂ ਰਾਹੀਂ, ਆਪਣੇ ਬ੍ਰਹਿਮੰਡੀ ਪ੍ਰੇਮ ਦੇ ਸਮਦ੍ਰਿਸ਼ਟੀ ਵਾਲੇ ਸਿਧਾਂਤ ਵੱਲ ਖਿੱਚ ਲੈਂਦੇ ਸਨ, ਸਾਡੇ ਕੋਲ ਅੱਜ ਸੈਂਕੜੇ ਸਾਧਨ ਅਤੇ ਸਹੂਲਤਾਂ ਹਨ, ਪਰ ਅਸੀਂ ਕਿਸੇ ਹੋਰ ਨੂੰ ਤਾਂ ਨਾਨਕ- ਮਾਰਗ ਵੱਲ ਕੀ ਲਿਆਉਣਾ ਸੀ, ਖੁਦ ਵੀ ਇਸ ਗਾਡੀ ਰਾਹ ਨੂੰ ਵਿਸਰਦੇ ਜਾ ਰਹੇ ਹਾਂ ।

**ਸੰਵਾਦ :-** ਦੋ ਜਾਂ ਦੋ ਤੋਂ ਵੱਧ ਵਿਅਕਤੀਆਂ ਵਿੱਚ ਮੌਖਿਕ ਜਾਂ ਲਿਖਤੀ ਰੂਪ ਵਿਚ ਆਦਾਨ ਪ੍ਰਦਾਨ ਨੂੰ ਸੰਵਾਦ ਕਿਹਾ ਜਾਂਦਾ ਹੈ। ਇਸ ਨੂੰ ਵਿਚਾਰ ਵਟਾਂਦਰਾ, ਗੋਸ਼ਟੀ ਜਾਂ ਬਹਿਸ ਵੀ ਕਹਿ ਦਿੱਤਾ ਜਾਂਦਾ ਹੈ। ਭਾਈ ਕਾਹਨ ਸਿੰਘ ਨਾਭਾ ਜੀਂ ਮਹਾਨ ਕੋਸ਼ ਵਿੱਚ ਸੰਵਾਦ ਦੇ ਅਰਥ ਚਰਚਾ ਜਾਂ ਪ੍ਰਸ਼ਨ ਉੱਤਰ ਕਰਦੇ ਹਨ। ਸਪਸ਼ਟ ਹੋਇਆ ਕਿ ਸੰਵਾਦ ਦੋ ਜਾਂ ਵੱਧ ਵਿਅਕਤੀਆਂ ਵਿੱਚ ਕਿਸੇ ਖਾਸ ਵਿਸ਼ੇ ਉੱਤੇ ਖਾਸ ਉਦੇਸ਼ ਸਾਹਮਣੇ ਰੱਖ ਕੇ ਕੀਤੀ ਹੋਈ ਗੱਲਬਾਤ ਹੈ।

ਬਾਬਾ ਨਾਨਕ ਦੇ ਸੰਵਾਦ ਦੀਆਂ ਵਿਸ਼ੇਸ਼ਤਾਈਆਂ :- ਬਾਬਾ ਨਾਨਕ ਜੀ ਦੀ ਸੰਵਾਦ ਕਲਾ ਦੇ ਉੱਤਮ ਹੋਣ ਦਾ ਜਾਹਰਾ ਪ੍ਰਮਾਣ ਇਹੋ ਹੈ ਕਿ ਜਿਸ ਜਿਸ ਨਾਲ ਵੀ ਉਹਨਾਂ ਸੰਵਾਦ ਰਚਾਇਆ, ਉਸ ਨੂੰ ਗੁਰਮਤਿ ਦੇ ਦਾਇਰੇ ਵਿੱਚ ਲਿਆਉਂਦੇ ਗਏ। ਇਸ ਸੰਵਾਦ ਵਿੱਚ ਅਜਿਹਾ ਕੀ ਸੀ ਕਿ ਮੁਲਾਕਾਤੀ ਅਪਰਾਧੀ,ਚੋਰ,ਲੁਟੇਰੇ, ਰਾਖਸ਼ ਬਿਰਤੀ ਵਾਲੇ ਵੀ ਆਪਣੀਆਂ ਪਹਿਲੀਆਂ ਸਿੜ੍ਹੀਆਂ ਗਲਤ ਆਦਤਾਂ ਛੱਡਦੇ ਗਏ ਅਤੇ ਬਾਬੇ ਦੁਆਰਾ ਦੱਸਿਆ ਨਿਰਭਉ , ਨਿਰਵੈਰ ,ਸਾਦਾ ਅਤੇ ਪਰਉਪਕਾਰੀ ਜੀਵਨ ਜਿਊਣ ਲੱਗ ਪਏ। ਉਸ ਸੰਵਾਦ ਕਲਾ ਦੀਆਂ ਵਿਸ਼ੇਸ਼ਤਾਈਆਂ ਤੇ ਵਿਚਾਰ ਕਰਨ ਦੀ ਕੋਸ਼ਿਸ਼ ਕਰਦੇ ਹਾਂ।

**1.ਭਾਸ਼ਾ ਦੀ ,ਸਪਸ਼ਟਤਾ ਸਰਲਤਾ ਅਤੇ ਸਾਦਗੀ :-** ਬਾਬੇ ਨਾਨਕ ਨੇ ਉਹ ਜਿਸ ਇਲਾਕੇ ਵਿੱਚ ਵੀ ਗਏ, ਉਸ ਇਲਾਕੇ ਦੀ ਸਥਾਨਕ ਭਾਸ਼ਾ ਦੀ ਵਰਤੋਂ ਕੀਤੀ। ਜਿਸ ਵਰਗ ਨਾਲ ਉਹ ਗੱਲ ਬਾਤ ਕਰਦੇ ਸੀ, ਉਸ ਦੀ ਸ਼ਬਦਾਵਲੀ ਵਧੇਰੇ ਵਰਤੀ। ਜੋਗੀਆਂ ਨਾਲ ਗੱਲ ਕਰਦੇ ਜੋਗ ਮੱਤ ਦੀ ਭਾਸ਼ਾ ਵਿੱਚ, ਕਾਜੀਆਂ ਨਾਲ ਗੱਲ ਕਰਦੇ ਉਹਨਾਂ ਦੇ ਪ੍ਰਤੀਕ ,ਸ਼ਬਦ ਅਤੇ ਵਾਕ। ਇਸੇ ਤਰ੍ਹਾਂ ਬਾਕੀ ਵਰਗਾਂ ਨਾਲ ਵੀ। ਇਸ ਭਾਸ਼ਾ ਦੀ ਖਾਸ ਖੂਬੀ ਇਹ ਵੀ ਰਹੀ ਕਿ ਇਹ ਬਿਲਕੁਲ ਸਪਸ਼ਟ, ਸਰਲ ਅਤੇ ਸਮਝ ਆਉਣ ਵਾਲੀ ਸੀ। ਵਿਦਵਾਨਾਂ ਦੀ ਗੁੰਝਲਦਾਰ ਸ਼ਬਦਾਵਲੀ ਦੀ ਜਗ੍ਹਾ ਬਾਬੇ ਨੇ ਆਮ ਲੋਕਾਂ ਦੀ ਜਾਣ ਪਹਿਚਾਣ ਵਾਲੇ ਸ਼ਬਦ ਅਤੇ ਵਾਕ ਵਰਤੇ। ਉਸ ਨਾਲ ਹਰ ਸਰੋਤੇ ਨੂੰ ਉਹ ਉਸ ਦੀ ਆਪਣੀ ਹੀ ਗੱਲ ਲੱਗਦੀ ਸੀ। ਸਮਝ ਆਉਣ ਨਾਲ ਅਤੇ ਸਪਸ਼ਟਤਾ ਨਾਲ ਹੀ ਵਾਰਤਾਲਾਪ ਅੱਗੇ ਵੱਧ ਸਕਦੀ ਹੈ।

**2.ਸਹਿਜ ਅਤੇ ਠਰੰਮੇ ਨਾਲ ਸੁਣਨ, ਵੇਖਣ ਅਤੇ ਪ੍ਰੇਖਣ ਦੀ ਸਮਰੱਥਾ :-** ਬਾਬੇ ਨਾਨਕ ਵਿੱਚ ਓੜਕ ਦਾ ਸਹਿਜ ਸੀ। ਉਹ ਗਲਤ ਘਟਨਾਵਾਂ ਦੇਖ ਕੇ ,ਗਲਤ ਕਾਰਨਾਮੇ ਦੇਖ ਕੇ ਇੱਕਦਮ ਉਤੇਜਿਤ ਨਹੀਂ ਹੁੰਦੇ। ਵਾਰਤਾਲਾਪ ਸਮੇਂ ਉਹ ਪਹਿਲਾਂ ਦੂਸਰੇ ਨੂੰ ਬੋਲਣ ਦਾ ਮੌਕਾ ਦਿੰਦੇ। ਉਹ ਬੋਲਦੇ ਘੱਟ, ਅਤੇ ਸੁਣਦੇ ਵਧੇਰੇ ਸਨ। ਅਜੋਕਾ ਮਨੋਵਿਗਿਆਨ, ਕੌਂਸਲਿੰਗ ਵਿੱਚ ਸੁਣਨ ਦੀ ਮਹੱਤਤਾ ਨੂੰ ਪਹਿਚਾਣ ਚੁੱਕਿਆ ਹੈ। ਕਿਸੇ ਵੀ ਦੂਸਰੇ ਨਾਲ ਦਿਲ ਦੀ ਸਾਂਝ ਤਦ ਹੀ ਬਣਦੀ ਹੈ, ਜੇ ਉਸਨੂੰ ਸੁਣਿਆ ਜਾਵੇ। ਉਸ ਸੁਣੇ ਹੋਏ ਨੂੰ ਆਪਣੇ ਅੰਦਰ ਹੀ ਵਿਚਾਰਨਾ, ਪੁਣਨਾ ਛਾਣਨਾ ਅਤੇ ਪਿੱਛੋਂ ਸਹਿਜ ਨਾਲ ਆਪਣੀ ਗੱਲ ਕਹਿਣੀ ਇਹ ਕਿਸੇ ਵੀ ਬੁਲਾਰੇ ਦੇ ਮੁੱਖ ਗੁਣ ਹਨ।

**3.ਪ੍ਰਸ਼ਨਾਂ ਨੂੰ ਉਤਸ਼ਾਹਿਤ ਕਰਨਾ :-** ਬਾਬੇ ਨਾਨਕ ਨੇ ਹੋਰਾਂ ਨੂੰ ਪ੍ਰਸ਼ਨ ਕਰਨ ਲਈ ਉਤਸ਼ਾਹਿਤ ਕੀਤਾ। ਉਹਨਾਂ ਦੇ ਪ੍ਰਸ਼ਨ ਪੁੱਛਣ ਤੋਂ ਖੁਸ਼ ਹੋਏ। ਬਾਬੇ ਨੇ ਆਪ ਵੀ ਪ੍ਰਸ਼ਨ ਪੁੱਛਣ ਦੀ ਵਿਧੀ ਹੀ ਵਰਤੀ। ਪ੍ਰਸ਼ਨ ਪੁੱਛਣ ਨਾਲ ਕੋਈ ਵੀ ਵਿਅਕਤੀ ਦਾ ਸਾਰਾ ਧਿਆਨ ਪੁੱਛੇ ਹੋਏ ਵਿਸ਼ੇ ਤੇ ਕੇਂਦਰਿਤ ਹੁੰਦਾ ਹੈ। ਉਸ ਦੀ ਇਕਾਗਰਤਾ ਵਧਦੀ ਹੈ। ਜਗਿਆਸਾ ਜਾਗਦੀ ਹੈ। ਤਰਕ ਸ਼ਕਤੀ ਅਤੇ ਵਿਵੇਕ ਬੁੱਧੀ ਨੂੰ ਹੁਲਾਰਾ ਮਿਲਦਾ ਹੈ। ਇੱਕ ਪ੍ਰਸ਼ਨ ਦਾ ਉੱਤਰ ਮਿਲਣ ਤੇ ਉਸ ਅੰਦਰ ਹੋਰ ਪ੍ਰਸ਼ਨ ਜਨਮ ਲੈਂਦਾ ਹੈ ਅਤੇ ਇਸ ਤਰਾਂ ਉਹ ਸਾਰਥਕ ਸੰਵਾਦ ਰਚਾਉਣ ਵੱਲ ਰੁਚਿਤ ਹੁੰਦਾ ਹੈ। ਸਿੱਧਾਂ ਨਾਲ ਹੋਈ ਵਾਰਤਾਲਾਪ ਜਿਹੜੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਰਾਮਕਲੀ ਰਾਗ ਵਿੱਚ ਦਰਜ ਹੈ, ਸਿੱਧ ਪ੍ਰਸ਼ਨ ਪੁੱਛਦੇ ਹਨ। ਬਾਬਾ ਜਵਾਬ ਦਿੰਦਾ ਹੈ। ਸਿੱਧ ਫੇਰ ਅਗਲਾ ਪ੍ਰਸ਼ਨ ਪੁੱਛਦੇ ਹਨ, ਬਾਬਾ ਫੇਰ ਜਵਾਬ ਦਿੰਦਾ ਹੈ। ਇਸ ਤਰ੍ਹਾਂ ਵਿਚਾਰ ਅਧੀਨ ਵਿਸ਼ੇ ਦੇ ਸਾਰੇ ਪਹਿਲੂਆਂ ਤੇ ਵਿਚਾਰ ਹੁੰਦੀ ਹੈ।

ਉਦਾਹਰਣ ਵਜੋਂ ਸਿੱਧ ਸਤਿਕਾਰ ਨਾਲ ਪੁੱਛਦੇ ਹਨ:-

ਕਿਸੁ ਕਾਰਣਿ ਗ੍ਰਿਹੁ ਤਜਿਓ ਉਦਾਸੀ ॥
ਕਿਸੁ ਕਾਰਣਿ ਇਹੁ ਭੇਖੁ ਨਿਵਾਸੀ ॥
ਕਿਸੁ ਵਖਰ ਕੇ ਤੁਮ ਵਣਜਾਰੇ ॥
ਕਿਉ ਕਰਿ ਸਾਥੁ ਲੰਘਾਵਹੁ ਪਾਰੇ ॥.....( ਪੰਨਾ 943, ਰਾਮਕਲੀ ਮਹਲਾ 1 ਸਿਧ ਗੋਸਟਿ )

ਬਾਬਾ ਜੀ ਉਸੇ ਅੰਦਾਜ ਵਿੱਚ ਉੱਤਰ ਦਿੰਦੇ ਹਨ-

ਗੁਰਮੁਖਿ ਖੋਜਤ ਭਏ ਉਦਾਸੀ ॥
ਦਰਸਨ ਕੈ ਤਾਈ ਭੇਖ ਨਿਵਾਸੀ ॥
ਸਾਚ ਵਖਰ ਕੇ ਹਮ ਵਣਜਾਰੇ ॥
ਨਾਨਕ ਗੁਰਮੁਖਿ ਉਤਰਸਿ ਪਾਰੇ ॥......( ਪੰਨਾ 943, ਰਾਮਕਲੀ ਮਹਲਾ 1 ਸਿਧ ਗੋਸਟਿ )

ਇਸ ਤਰ੍ਹਾਂ ਪ੍ਰਸ਼ਨ ਉੱਤਰ ਵਿੱਚ ਇਹ ਸੰਵਾਦ ਅੱਗੇ ਤੁਰਦਾ ਜਾਂਦਾ ਹੈ। ਸਿਧਾਂ ਦੇ ਸ਼ੰਕੇ ਬਾਬਾ ਦੂਰ ਕਰਦਾ ਜਾਂਦਾ ਹੈ ਅਤੇ ਗੁਰਮਤਿ ਗਾਡੀ ਰਾਹ ਦੱਸਦਾ ਜਾਂਦਾ ਹੈ। ਅੰਤ ਤੱਕ ਪ੍ਰਸ਼ਨ ਕਰਤਾ ਦੀ ਦਿਲਚਸ ਪੀ ਬਣੀ ਰਹਿੰਦੀ ਹੈ।



**4.ਦਿਲਚਸਪੀ ਜਗਾਉਣ ਹੁਨਰ :-** ਬਾਬਾ ਨਾਨਕ ਜੀ ਦ ' ਵਿ ਚ ਦੂਸਰੇ ਦੀ ਦਿਲਚਸਪੀ ਨੂੰ ਜਗਾਉਣ ਦੀ ਕਲਾ ਸੀ। ਉਹ ਕੋਈ ਅਜਿਹੀ ਗੱਲ ਕਰਦੇ ਜਾਂ ਕੋਈ ਅਜਿਹੀ ਕਾਰ ਵਾਈ ਕਰਦੇ, ਕਿ ਸਾਹਮਣੇ ਵਾਲਾ ਇਨਸਾਨ ਮੱਲੋਮੱਲੀ ਉਹਨਾਂ ਨਾਲ ਸੰਵਾਦ ਕਰਨ ਲਈ ਤਿਆਰ ਹੋ ਜਾਂਦਾ। ਬਾਬੇ ਦੇ ਜੀਵਨ ਵਿਚੋਂ ਸੈਂਕੜੇ ਅਜਿਹੀਆਂ ਉਦਾਹਰਣਾਂ ਮਿਲ ਜਾਂਦੀਆਂ ਹਨ ਜਿੱਥੇ ਉਹਨਾਂ ਦੀ ਹਲਕੀ ਜਿਹੀ ਕਿਰਿਆ ਨੇ ਸੰਵਾਦ ਸ਼ੁਰੂ ਕਰਵਾ ਦਿੱਤਾ ਹੋਵੇ। ਅਸੀਂ ਇੱਥੇ ਸਿਰਫ ਇੱਕ ਦੋ ਉਦਾਹਰਣਾਂ ਹੀ ਲਵਾਂਗੇ। ਹਰਿਦੁਆਰ ਵਿੱਚ ਬਾਬੇ ਨੇ ਜਦੋਂ ਆਮ ਲੋਕਾਂ ਵੱਲ ਪਿੱਠ ਕਰਕੇ ਪਾਣੀ ਸੁੱਟਣਾ ਸ਼ੁਰੂ ਕੀਤਾ, ਤਾਂ ਕਿਉ ਦਾ ਸਵਾਲ ਹਰ ਇੱਕ ਦੀ ਦਿਲਚਸਪੀ ਜਗਾਉਂਦਾ ਹੈ ਅਤੇ ਉਹ ਆ ਕੇ ਬਾਬੇ ਨੂੰ ਪ੍ਰਸ਼ਨ ਪੁੱਛਦਾ ਹੈ। ਬਾਬਾ ਇਹੀ ਤਾਂ ਚਾਹੁੰਦਾ ਸੀ ਕਿ ਗੱਲ ਸ਼ੁਰੂ ਹੋਵੇ। ਇਸੇ ਤਰਾਂ ਜਦੋਂ ਉਹ ਮੱਕੇ ਵੱਲ ਪੈਰ ਕਰਕੇ ਪੈ ਜਾਂਦਾ ਹੈ ਤਾਂ ਲੋਹਾ ਲਾਖੇ ਹੋਏ ਕਾਜੀ ਵੀ ਬਾਬੇ ਨਾਲ ਵਾਰਤਾਲਾਪ ਕਰਨ ਲਈ ਤਿਆਰ ਹੋ ਜਾਂਦੇ ਹਨ।

**5.ਦਲੀਲ ਪੂਰਨ ਉੱਤਰ ਦੇਣ ਦੀ ਕਲਾ :-** ਬਾਬਾ ਬਹੁਤ ਹੀ ਸੂਝ ਬੂਝ ਨਾਲ ਜਗਿਆਸੂ ਤੋਂ ਪ੍ਰਸ਼ਨ ਕਰਵਾ ਕੇ ਹੀ ਸ਼ਾਂਤ ਨਹੀਂ ਹੁੰਦਾ, ਸਗੋਂ ਹੁਣ ਲੋਹਾ ਲਾਲ ਹੋਇਆ ਦੇਖ ਕੇ ਬਹੁਤ ਸਿਆਣਪ ਨਾਲ ਸੱਟ ਮਾਰਦਾ ਹੈ। ਦਲੀਲ ਪੂਰਨ ਉੱਤਰ ਦਿੰਦਾ ਹੈ। ਮੱਕੇ ਵੱਲ ਕੀਤੇ ਪੈਰ ਤੇ ਇਤਰਾਜ਼ ਸੁਣ ਕੇ ਸਹਿਜ ਵਿੱਚ ਹੀ ਆਖਦਾ ਹੈ ਕਿ ਮੇਰੇ ਪੈਰ ਉੱਧਰ ਨੂੰ ਕਰ ਦੇਵੋ, ਜਿੱਧਰ ਖੁਦਾ ਦਾ ਘਰ ਨਹੀਂ ਹੈ। ਇਸ ਦਲੀਲ ਅੱਗੇ ਸਭ ਨਿਰਸ਼ਬਦ ਹੋ ਜਾਂਦੇ ਹਨ ਅਤੇ ਉਹਨਾਂ ਨੂੰ ਸਭ ਥਾਂ ਰਮਿਆ ਪ੍ਰਭੂ ਨਜਰ ਆਉਂਦਾ ਹੈ। ਉਕਤ ਹਰਿਦੁਆਰ ਵਾਲੀ ਸਾਖੀ ਵਿੱਚ ਲੋਕਾਂ ਦੇ ਪੁੱਛਣ ਤੇ ਕਹਿੰਦਾ ਹੈ ਕਿ ਮੈਂ ਕਰਤਾਰਪੁਰ ਵਿਖੇ ਆਪਣੇ ਖੇਤਾਂ ਨੂੰ ਪਾਣੀ ਦੇ ਰਿਹਾ ਹਾਂ। ਇਹ ਕਲਾ ਦਾ ਸਿਖਰ ਹੈ। ਉਤਸੁਕਤਾ ਜਾਗਦੀ ਹੈ। ਐਡੀ ਦੂਰ ਖੇਤਾਂ ਵਿਚ ਪਾਣੀ ਕਿਵੇਂ ਪੁੱਜ ਜਾਏਗਾ ?? ਤਾਂ ਬਾਬਾ ਦਲੀਲ ਨਾਲ ਸਹਿਜ ਨਾਲ ਆਖਦਾ ਹੈ ਕਿ ਜੇ ਤੁਹਾਡਾ ਦਿੱਤਾ ਪਾਣੀ ਸੂਰਜ ਤੱਕ ਪੁੱਜ ਜਾਏਗਾ, ਤਾਂ ਮੇਰਾ ਪਾਣੀ ਕਰਤਾਰਪੁਰ ਕਿਉ ਨਹੀ ਪੁੱਜ ਸਕਦਾ ? ਸਰੋਤਿਆਂ ਨੂੰ ਝਟਕਾ ਵੱਜਦਾ ਹੈ। ਉਹਨਾਂ ਨੂੰ ਅਹਿਸਾਸ ਹੁੰਦਾ ਹੈ ਕਿ ਅਸਲ ਵਿੱਚ ਇਹ ਇਕ ਫਜ਼ੂਲ ਰਸਮ ਹੈ।

**6. ਨਵੇਂ ਪ੍ਰਸ਼ਨ ਖੜ੍ਹੇ ਕਰ ਦੇਣ ਦੀ ਕਲਾ :-** ਸੰਵਾਦ ਦੌਰਾਨ ਆਪਣੀ ਗੱਲ ਇੱਕ ਵਾਰ ਵੀ ਏਦਾਂ ਨਹੀਂ ਕਹੀ ਬਾਬੇ ਨੇ, ਜਿਸ ਤੋਂ ਸਰੋਤਿਆਂ ਨੂੰ ਇਹ ਲੱਗੇ ਕਿ ਸਾਡੇ ਉੱਤੇ ਕੋਈ ਸਿਧਾਂਤ ਠੋਸਿਆ ਜਾ ਰਿਹਾ ਹੈ। ਇੱਕ ਵਾਰ ਵੀ ਨਹੀਂ। ਸਗੋਂ ਕਦੇ ਕਦੇ ਆਪ ਕੋਈ ਅਜਿਹਾ ਪ੍ਰਸ਼ਨ ਪੁੱਛ ਲੈਣਾ ਕਿ ਸਰੋਤੇ ਨਿਰ ਉੱਤਰ ਹੋ ਜਾਣ। ਮਜਬੂਰੀ ਵਿਚ ਬਾਬੇ ਦੀ ਦਲੀਲ ਮੰਨਣੀ ਪਵੇ। ਇੱਕ ਉਦਾਹਰਣ ਦੇਖੋ। ਧਰਤੀ ਇਕ ਬਲਦ ਦੇ ਸਿੰਗਾਂ ਤੇ ਟਿਕੀ ਹੋਈ ਹੈ- ਇਸ ਮਨੌਤ ਨੂੰ ਬਾਬੇ ਨੇ ਨਕਾਰਿਆ ਨਹੀਂ। ਸਗੋਂ ਇੱਕ ਪ੍ਰਸ਼ਨ ਪੁੱਛਿਆ ਕਿ ਫਿਰ ਇਹ ਬਲਦ ਕਿਸ ਥਾਂ ਤੇ ਟਿਕਿਆ ਹੈ। ਫੇਰ ਉਹ ਧਰਤੀ ਕਿਵੇਂ ਟਿਕੀ ਹੈ ???? ਹੋਰ ਪਰੇ ਹੋਰ ਹੋਰ ਆਖ ਕੇ ਸਭ ਦਾ ਨਜ਼ਰੀਆ ਵਿਸ਼ਾਲ ਕਰ ਦਿੱਤਾ ਹੈ।

**7.ਬਾਣੀ ਵਿੱਚ ਵੀ ਪ੍ਰਸ਼ਨ ਉੱਤਰ ਕਲਾ ਵਰਤੀ ਗਈ ਹੈ:-** ਗੁਰੂ ਨਾਨਕ ਜੀ ਨੂੰ ਪ੍ਰਸ਼ਨ ਉੱਤਰ ਵਿਧੀ ਇੰਨੀ ਵਧੀਆ ਲੱਗਦੀ ਹੈ ਕਿ ਉਹ ਆਪਣੀ ਗੱਲ ਸਮਝਾਉਣ ਲਈ ਪਹਿਲਾਂ ਆਪ ਹੀ ਪ੍ਰਸ਼ਨ ਕਰਦੇ ਹਨ ਅਤੇ ਫੇਰ ਉਸਦਾ ਉੱਤਰ ਦਿੰਦੇ ਹਨ। ਇਹ ਤਕਨੀਕ ਬਾਣੀ ਵਿਚ ਥਾਂ ਥਾਂ ਤੇ ਦੇਖਣ ਨੂੰ ਮਿਲਦੀ ਹੈ। ਅਸੀਂ ਜਪੁਜੀ ਵਿਚੋਂ ਹੀ ਇੱਕ ਉਦਾਹਰਣ ਲੈਂਦੇ ਹਾਂ

ਪ੍ਰਸ਼ਨ :-
ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ॥.....(ਪੰਨਾ 1, ਜਪੁ)
ਉੱਤਰ :-
ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ ॥...............(ਪੰਨਾ 1, ਜਪੁ)

**8.ਪ੍ਰਤੀਕਾਂ ਅਤੇ ਅਲੰਕਾਰਾਂ ਦੀ ਵਰਤੋਂ :-** ਬਾਬਾ ਨਾਨਕ ਜੀ ਨੇ ਆਪਣਾ ਸੰਵਾਦ ਗੁਰਬਾਣੀ ਦੇ ਸ਼ਬਦਾਂ ਰਾਹੀਂ ਰਚਾਇਆ ਹੈ। ਬਾਣੀ ਕਾਵਿ ਮਈ ਵੀ ਹੈ ਅਤੇ ਸੰਗੀਤ ਮਈ ਵੀ। ਕਵਿਤਾ ਦੇ ਸ਼ਿੰਗਾਰ ਹੁੰਦੇ ਹਨ ਪ੍ਰਤੀਕ ਅਤੇ ਅਲੰਕਾਰ। ਪਰ ਬਾਬੇ ਨਾਨਕ ਨੇ ਆਪਣੀ ਰਹੱਸਮਈ ਵਾਰਤਾ ਨੂੰ ਸੌਖਿਆਂ ਕਰਨ ਲਈ ਵੀ ਅਤੇ ਉਸ ਨੂੰ ਲੋਕ-ਮਾਨਸਿਕਤਾ ਦੇ ਪੱਧਰ ਤੇ ਲਿਆਉਣ ਲਈ ਵੀ ਪ੍ਰਤੀਕਾਂ ਅਤੇ ਅਲੰਕਾਰਾਂ ਦੀ ਵਰਤੋਂ ਕੀਤੀ ਹੈ। ਅਗੰਮੀ ਅਤੇ ਰੂਹਾਨੀ ਗੱਲ ਸਮਝਾਉਣ ਦੀ ਇਹ ਸਭ ਤੋਂ ਵੱਡੀ ਸਮੱਸਿਆ ਹੁੰਦੀ ਹੈ। ਅਦ੍ਰਿਸ਼ ਨੂੰ ਸਪਸ਼ਟ ਕਰਨ ਲਈ ਦ੍ਰਿਸ਼ਟਮਾਨ ਦੀ ਉਦਾਹਰਣ ਅਤੇ ਪ੍ਰਤੀਕ ਨਾਲ ਗੱਲ ਛੇਤੀ ਸਮਝ ਵਿੱਚ ਆਉਂਦੀ ਹੈ।

ਉਦਾਹਰਣ ਲਈ ਪਵਣ ਗੁਰੂ ਪਾਣੀ ਪਿਤਾ ਮਾਤਾ ਧਰਤੁ ਮਹਤੁ ॥.........(ਪੰਨਾ 8, ਜਪੁ)

ਪੰਕਤੀ ਹੀ ਲੈ ਲਈਏ। ਇਸ ਵਿਚ ਉਹ ਕੁਦਰਤ ਅਤੇ ਮਨੁੱਖ ਦੇ ਗੂੜ੍ਹੇ ਸੰਬੰਧ ਨੂੰ ਦਰਸਾ ਕੇ ਗੁਰਮਤਿ ਸਿਧਾਂਤ ਨੂੰ ਲੋਕ ਮਨ ਦੇ ਨੇੜੇ ਲੈ ਜਾਂਦੇ ਹਨ। ਇਸੇ ਤਰਾਂ ਜਨੇਊ, ਨਮਾਜ਼, ਆਦਿ ਦੇ ਹੋਰ ਸੈਂਕੜੇ ਪ੍ਰਮਾਣ ਦੇਖ ਸਕਦੇ ਹਾਂ ।

**9. ਸਧਾਰਨ ਇਨਸਾਨ ਵਾਂਗ ਵਿਚਰ ਕੇ ਗੱਲ ਕਰਨੀ :-** ਗੁਰੂ ਨਾਨਕ ਜੀ ਨੇ ਆਪਣੇ ਆਪ ਨੂੰ ਕਦੇ ਵੀ ਗੁਰੂ, ਬਾਬਾ, ਸੰਤ, ਪੀਰ ਨਹੀਂ ਮੰਨਿਆ। ਸਗੋਂ ਇਕ ਸਧਾਰਨ ਮਨੁੱਖ ਦੀ ਥਾਂ ਰੱਖ ਕੇ ਹੀ ਸਾਰੀ ਗੱਲਬਾਤ ਕਰਦੇ ਰਹੇ ਹਨ। ਕਿਧਰੇ ਵੀ ਉਹਨਾਂ ਨੇ ਕਰਾਮਾਤ ਨਹੀਂ ਦਿਖਾਈ। ਜਦੋਂ ਸਿਧਾਂ ਨੇ ਆਪ ਜੀ ਨੂੰ ਕਰਾਮਾਤ ਦਿਖਾਉਣ ਲਈ ਵੀ ਆਖਿਆ ,ਤਦ ਵੀ ਬਾਬੇ ਦਾ ਉੱਤਰ ਬਹੁਤ ਖੂਬਸੂਰਤ ਅਤੇ ਭੇਦ ਭਰਿਆ ਸੀ ।

ਭਾਈ ਗੁਰਦਾਸ ਜੀ ਆਪਣੀ ਵਾਰ ਵਿਚ ਬਿਆਨ ਕਰਦੇ ਹਨ-

ਸਿਧਿ ਬੋਲਨਿ ਸੁਣਿ ਨਾਨਕਾ ਤੁਹਿ ਜਗ ਨੋ ਕਿਆ ਕਰਾਮਾਤਿ ਦਿਖਾਈ ॥
ਕੁਝ ਵਿਖਾਲੇਂ ਅਸਾ ਨੋ ਤੁਹਿ ਕਿਉ ਢਿਲ ਅਵੇਹੀ ਲਾਈ ॥
ਬਾਬਾ ਬੋਲੇ ਨਾਥ ਜੀ ! ਅਸਾਂ ਤੇ ਵੇਖਣਿ ਜੋਗੀ ਵਸਤੁ ਨ ਕਾਈ ॥
ਗੁਰ ਸੰਗਤਿ ਬਾਣੀ ਬਿਨਾ ਦੂਜੀ ਓਟ ਨਹੀਂ ਹੈ ਰਾਈ ॥........( ਭਾਈ ਗੁਰਦਾਸ ਜੀ, ਵਾਰ 1 ਪਉੜੀ 42)

ਇਸ ਤਰਾਂ ਲੋਕਾਂ ਦੇ ਤਲ ਤੇ ਖੜ੍ਹ ਕੇ ਗੱਲ ਕਰਨ ਨਾਲ ਬਾਬੇ ਦੀ ਗੱਲ ਵਧੇਰੇ ਲੋਕਾਂ ਨੇ ਸੁਣੀ ਅਤੇ ਮੰਨੀ।

**ਅੰਤਿਕਾ :-** ਗੁਰੂ ਨਾਨਕ ਜੀ ਦੇ ਸੰਵਾਦ ਪ੍ਰਤੀ ਪਿਆਰ ਅਤੇ ਉਹਨਾਂ ਦੀ ਜੁਗਤੀ ਨੂੰ ਜਦੋਂ ਅਜੋਕੇ ਹਾਲਾਤਾਂ ਨਾਲ ਮਿਲਾ ਕੇ ਦੇਖਦੇ ਹਾਂ ,ਤਾਂ ਘੋਰ ਨਿਰਾਸ਼ਾ ਅਤੇ ਦੁੱਖ ਦਾ ਅਹਿਸਾਸ ਹੁੰਦਾ ਹੈ। ਬਾਬੇ ਨੇ ਵੱਖਰੀ ਵਿਚਾਰਧਾਰਾ ਵਾਲੇ ਕਰੋੜਾਂ ਹਿਰਦਿਆਂ ਨੂੰ ਅਗਿਆਨਤਾ ,ਭਰਮ ਭੁਲੇਖਿਆਂ, ਕਰਮ ਕਾਂਡਾਂ ਵਿਚੋਂ ਕੱਢ ਕੇ ਗੁਰਮਤਿ ਦੇ ਸਰਲ ਮਾਰਗ ਤੇ ਤੋਰਿਆ। ਪਰ ਅਸੀਂ ਬਾਬੇ ਦੇ ਸਿੱਖ ਅਖਵਾਉਣ ਵਾਲਿਆਂ ਨੇ ਕੱਟੜਤਾ ਨੂੰ ਅਪਣਾ ਰੱਖਿਆ ਹੈ। ਗੈਰ ਮੱਤਾਂ ਵਾਲਿਆਂ ਕੋਲ ਗੁਰਮਤਿ ਦੀ ਗੱਲ ਕੀ ਪੁਚਾਉਣੀ ਸੀ, ਅਸੀਂ ਸਿੱਖ ਹੋ ਕੇ ਵੀ ਇਸ ਸੰਵਾਦ ਨੂੰ ਭੁੱਲ ਚੁੱਕੇ ਹਾਂ ਅਤੇ ਬੇਅੰਤ ਛੋਟੇ ਛੋਟੇ ਮਸਲੇ ਜਿਹੜੇ ਸੰਵਾਦ ਨਾਲ ਸੂਝ ਬੂਝ ਨਾਲ ਸੌਖਿਆਂ ਹੀ ਹੱਲ ਹੋਣ ਵਾਲੇ ਹੁੰਦੇ ਹਨ, ਉਹਨਾਂ ਤੇ ਵੀ ਵਿਵਾਦ ਖੜ੍ਹੇ ਕਰ ਬੈਠਦੇ ਹਾਂ ਅਤੇ ਬਹੁਤ ਛੇਤੀ ਤਲਵਾਰਾਂ ਸੂਤ ਲੈਂਦੇ ਹਾਂ। ਸਾਡੇ ਵਿਰੋਧੀ ਨੂੰ ਸਾਡੀ ਇਹ ਬਿਰਤੀ ਬਹੁਤ ਰਾਸ ਆਉਂਦੀ ਹੈ। ਉਹ ਤਾਂ ਸਾਨੂੰ ਬਾਣੀ (ਗਿਆਨ) ਅਤੇ ਸੰਗਤ (ਲੋਕ ਸ਼ਕਤੀ) ਦੋਹਾਂ ਤੋਂ ਦੂਰ ਕਰਨਾ ਚਾਹੁੰਦਾ ਹੈ। ਆਓ, ਗੁਰੂ ਨਾਨਕ ਦੇ ਪ੍ਰਕਾਸ਼ ਪੁਰਬ ਤੇ ਇਹ ਪ੍ਰਣ ਕਰੀਏ ਕਿ ਵਿਸਰ ਚੁੱਕੀ ਸੰਵਾਦ ਦੀ ਪਿਰਤ ਫੇਰ ਸੁਰਜੀਤ ਕਰਾਂਗੇ । ਅਤੇ ਨਾਨਕ ਵਿਚਾਰਧਾਰਾ ਅਨੁਸਾਰ ਸਰਬ ਸਾਂਝੀਵਾਲਤਾ ਅਤੇ ਬ੍ਰਹਿਮੰਡੀ ਪ੍ਰੇਮ ਦੀ ਜੋਤ ਜਗਾਉਣ ਲਈ ਸਦਾ ਕੋਸ਼ਿਸ਼ ਕਰਦੇ ਰਹਾਂਗੇ।



ਜਸਵਿੰਦਰ ਸਿੰਘ ਰੁਪਾਲ
9814715796

# "ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣ ਹੋਆ॥

ਫਿਰ ਉੱਠੀ ਅਖੀਰ ਸਦਾ ਤੌਹੀਦ ਕੀ ਪੰਜਾਬ ਸੇ॥
ਹਿੰਦ ਕੋ ਇਕ" ਮਰਦ ਏ ਕਾਮਿਲ" ਨੇ ਜਗਾਇਆ ਖਵਾਬ ਸੇ ॥

(ਉਰਦੂ ਦੇ ਸ਼ਾਇਰ ਅਲਾਮਾ ਇਕਬਾਲ ਜੀ ਨੇ ਗੁਰੂ ਨਾਨਕ ਦੇਵ ਜੀ ਬਾਰੇ ਇਹ ਦੋਹਾ ਲਿਖਿਆ ਹੈ)

ਉਥੇ ਭਾਈ ਗੁਰਦਾਸ ਜੀ ਆਪਣੀ ਵਾਰ 1 ,ਪੌੜੀ 27 ਵਿੱਚ ਕਹਿੰਦੇ ਹਨ ਤੇ ਜਦੋਂ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼/ ਆਗਮਨ ਹੋਇਆ ਉਸ ਵੇਲੇ ਇਸ ਸੰਸਾਰ ਵਿੱਚ ਅਗਿਆਨਤਾ ਦਾ ਅੰਧੇਰਾ ਅਤੇ ਲੋਕ ਵਹਿਮਾ- ਭਰਮਾਂ ,ਜਾਦੂ ਟੂਣਿਆ, ਅੰਧ- ਵਿਸ਼ਵਾਸਾਂ ਵਿੱਚ ਘਿਰੇ ਹੋਏ ਸਨ ਤੇ ਗੁਰੂ ਨਾਨਕ ਦੇਵ ਜੀ ਨੇ ਆਪਣੀਆਂ ਉਦਾਸੀਆਂ ਦੌਰਾਨ ਲੋਕਾਂ ਨੂੰ ਵਹਿਮਾਂ ਭਰਮਾਂ ਚੋਂ ਕੱਢ ਕੇ ਲੋਕ ਮਨਾ ਵਿੱਚ ਗਿਆਨ ਦਾ ਪ੍ਰਕਾਸ਼ / ਚਾਨਣ ਪੈਦਾ ਕੀਤਾ।

"ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣ ਹੋਆ॥
ਜਿਉ ਕਰਿ ਸੂਰਜ ਨਿਕਲਿਆ ਤਾਰੇ ਛਪਿ ਅੰਧੇਰੁ ਪਲੋਆ॥



ਬਾਬਾ ਨਾਨਕ ਦਾ ਯੂਨੀਵਰਸਲ ਸੰਦੇਸ਼ ਜੋ ਕਿ ਮੂਲ ਮੰਤਰ ਵਿੱਚ ਉਕਰਿਆ "ਇਕ ਓਕਾਰ" ਭਾਵ ਪਰਮਾਤਮਾ ਇੱਕ ਹੈ, ਉਹ ਸਰਬ ਸ਼ਕਤੀਮਾਨ, ਸਰਬ ਵਿਆਪਕ , ਨਿਰਭਉ , ਨਿਰਵੈਰ ,ਨਿਰੰਕਾਰ ਅਤੇ ਪਰਮ ਦਿਆਲੂ ਹੈ। ਉਸ ਨੂੰ ਪਿਆਰ ਫਤਿਹ ਭਗਤੀ ਦੇ ਰਾਹੀਂ ਪਾਇਆ ਜਾ ਸਕਦਾ ਹੈ। ਮਨੁੱਖ ਨੂੰ ਸੱਚ ਦੇ ਮਾਰਗ ਤੇ ਚੱਲਣਾ ਪਵੇਗਾ। ਸੱਚ ਤੇ ਮਾਰਗ ਤੇ ਚੱਲਣ ਲਈ ਆਪਣਾ ਸਿਰ ਤਲੀ ਤੇ ਰੱਖਣਾ ਪਵੇਗਾ, ਭਾਵ ਤੁਹਾਡਾ ਸਿਰ ਖੰਡੇ ਦੀ ਧਾਰ ਤੇ ਚੱਲ ਕੇ ਕਲਮ ਵੀ ਹੋ ਸਕਦਾ ਹੈ।

ਜਉ ਤਉ ਪ੍ਰੇਮ ਖੇਲਣ ਕਾ ਚਾਉ॥
ਸਿਰ ਧਰਿ ਤਲੀ ਗਲੀ ਮੇਰੀ ਆਉ॥
ਇਤ ਮਾਰਗਿ ਪੈਰ ਧਰੀਜੈ॥
ਸਿਰ ਦੀਜੈ ਕਾਣਿ ਨ ਕੀਜੈ।

ਸ਼੍ਰੀ ਗੁਰੂ ਨਾਨਕ ਦੇਵ ਜੀ ਇੱਕ ਮਹਾਨ ਕ੍ਰਾਂਤੀਕਾਰੀ ਗੁਰੂ ਹੋਏ ਹਨ ਤੇ ਉਹਨਾਂ ਨੇ ਮਨੁੱਖਤਾ ਨੂੰ ਸੱਚ ਦਾ ਰਾਹ ਤੇ ਤੁਰਨ ਦਾ ਸੱਦਾ ਦਿੱਤਾ। ਉਹ ਕਹਿੰਦੇ ਹਨ ਕਿ ਰੱਬ ਤੱਕ ਪਹੁੰਚਣ ਦਾ ਕਿਸੇ ਜਾਤ- ਪਾਤ, ਮੰਦਰ, ਮਸੀਤਾਂ ਜਾ ਕਾਇਦੇ ਕਾਨੂੰਨਾਂ ਰਾਹੀਂ ਨਹੀਂ ਸਗੋਂ ਸੱਚੇ ਕਰਮ, ਪਵਿੱਤਰ ਮਨ , ਨਿਰਭਉ ਪ੍ਰੇਮ ਰਾਹੀਂ ਹੀ ਉਸ ਪ੍ਰਭੂ ਨੂੰ ਪਾਇਆ ਜਾ ਸਕਦਾ ਹੈ।

"ਗੁਰੂ ਨਾਨਕ ਜੀ ਦੇ ਆਗਮਨ ਤੋਂ ਪਹਿਲਾਂ ਔਰਤ ਨੂੰ ਜਿੱਥੇ ਸਮਾਜ ਵਿੱਚ ਉੱਚਾ ਰੁਤਬਾ ਨਹੀਂ ਸੀ ਸਗੋਂ ਔਰਤ ਨੂੰ ਘਟੀਆ, ਪੁਰਸ਼ ਦੀ ਦਾਸੀ, ਜੁੱਤੀ ਬਰਾਬਰ ਦਰਜਾ ਦਿੰਦੇ ਸਨ ਉੱਥੇ ਉਹਨਾਂ ਸਤੀ ਦੀ ਰਸਮ ਨੂੰ ਖਤਮ ਕੀਤਾ, ਬਾਲ ਵਿਆਹ, ਭਰੂਣ ਹੱਤਿਆ ਵਿਧਵਾ ਵਿਆਹ ਤੇ ਰੋਕ ਲੱਗੀ ਸੀ , ਨਾਲ ਨਾਲ ਔਰਤ ਨੂੰ ਇੱਕ ਬੰਧੀ / ਦਾਸੀ ਦੀ ਤਰ੍ਹਾਂ ਇਸਲਾਮੀ ਮੁਲਕ ਵਿੱਚ ਲਜਾਇਆ ਜਾਂਦਾ ਤੇ ਵੇਚਿਆ ਜਾਂਦਾ ਸੀ। ਬਾਬੇ ਨਾਨਕ ਨੇ ਕਿਹਾ ਕਿ ਇਸਤਰੀ ਦੇ ਮਰ ਜਾਣ ਤੋਂ ਬਾਅਦ ਵੀ ਇਸਤਰੀ ਦੀ ਭਾਲ ਕਰੀ ਜਾਂਦੀ ਹੈ ਅਤੇ ਇਸਤਰੀ ਤੋਂ ਹੀ ਰਿਸ਼ਤੇਦਾਰੀਆਂ ਬਣਦੀਆਂ ਹਨ।

"ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ॥
"ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨੁ॥"

ਬਾਬਰ ਬਾਣੀ ਵਿੱਚ ਗੁਰੂ ਸਾਹਿਬ ਨੇ ਬਾਬਰ ਦੇ ਜ਼ੁਲਮੋਸਤਮ ਵਿਰੁੱਧ ਹਾਅ ਦਾ ਨਾਰਾ ਮਾਰਿਆ ;-

"ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨੁ ਡਰਾਇਆ॥
ਆਪੈ ਦੋਸੁ ਨ ਦੇਈ ਕਰਤਾ ਜਮੁ ਕਰਿ ਮੁਗਲੁ ਚੜਾਇਆ ॥
ਏਤੀ ਮਾਰ ਪਈ ਕੁਰਲਾਣੇ ਤੈਂ ਕੀ ਦਰਦੁ ਨ ਆਇਆ।1।

ਗੁਰੂ ਨਾਨਕ ਜੀ ਦਾ ਯੂਨੀਵਰਸਲ ਸੰਦੇਸ਼ ਮੂਲ ਮੰਤਰ ਵਿੱਚ "ਇਕ ਓਕਾਰ ਪਰਮਾਤਮਾ ਇੱਕ ਹੈ ਉਹ ਸਰਬ ਸ਼ਕਤੀਮਾਨ, ਸਰਬ ਵਿਆਪਕ, ਨਿਰੰਕਾਰ ਤੇ ਪਰਮ ਦਿਆਲੂ ਹੈ।

ਜਉ ਤਉ ਪ੍ਰੇਮ ਖੇਲਣ ਕਾ ਚਾਉ॥
ਸਿਰ ਧਰ ਤਲੀ ਗਲੀ ਮੇਰੀ ਆਉ॥
ਇਤੁ ਮਾਰਗੁ ਪੈਰ ਧਰੀਜੈ ॥
ਸਿਰ ਦੀਜੈ ਕਾਣਿ ਨ ਕੀਜੈ॥

ਜਿੱਥੇ ਬਾਬਾ ਨਾਨਕ ਨੇ ਇਸ ਮਨੁੱਖਤਾ ਨੂੰ ਸਮਝਾਦਿਆਂ ਕਿਹਾ ਕਿ:-

"ਮਨੁ ਹਾਲੀ ਕਿਰਸਾਣੀ ਕਰਣੀ ਸਰਮੁ ਪਾਣੀ ਤਨੁ ਖੇਤੁ॥

ਮਨ ਨੂੰ ਹਾਲੀ (ਵਰਗਾ ਉੱਦਮੀ) ਬਣਾ, ਉਚੇ ਆਚਰਨ ਨੂੰ ਵਾਹੀ ਸਮਝ, ਮੇਹਨਤ ਨੂੰ ਪਾਣੀ ਬਣਾ, ਤੇ ਸਰੀਰ ਨੂੰ ਪੈਲੀ ਸਮਝ।

ਨਾਮੁ ਬੀਜੁ ਸੰਤੋਖੁ ਸੁਹਾਗਾ ਰਖੁ ਗਰੀਬੀ ਵੇਸੁ॥"

ਫਿਰ (ਇਸ ਪੈਲੀ ਵਿਚ) ਪਰਮਾਤਮਾ ਦਾ ਨਾਮ ਬੀਜ, ਸੰਤੋਖ ਨੂੰ ਸੁਹਾਗਾ ਬਣਾ, ਤੇ ਸਾਦਾ ਜੀਵਨ ਜੀਓ।

ਉੱਥੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਮਨੁੱਖ ਨੂੰ ਸਮਝਾਉਂਦਿਆਂ ਇੱਕ ਯੂਨੀਵਰਸਲ ਸੰਦੇਸ਼ ਦਿੱਤਾ।

* ਕਿਰਤ ਕਰੋ ,ਨਾਮ ਜਪੋ, ਅਤੇ ਵੰਡ ਛਕੋ

* ਕਿ ਆਪਣੀ ਮਿਹਨਤ ਨਾਲ ਜੀਵਨ ਬਤਾ ਕੇ ਕਮਾਈ ਕਰਨੀ। ਫਿਰ ਉਸ ਵਾਹਿਗੁਰੂ ਨੂੰ ਸਦਾ ਯਾਦ ਰੱਖਣਾ ਅਤੇ ਕੀਤੀ ਹੋਈ ਮਿਹਨਤ ਵਿੱਚੋਂ ਦਸਵੰਧ ਕੱਢ ਕੇ ਆਪ ਛਕਣਾ।

* "ਬਾਬਾ ਨਾਨਕ ਨੇ ਇਸ ਲੁਕਾਈ ਨੂੰ ਸੰਦੇਸ਼ ਦਿੱਤਾ ਕਿ ਹਵਾ ਨੂੰ ਗੁਰੂ ਪਾਣੀ ਨੂੰ ਪਿਤਾ ਅਤੇ ਧਰਤੀ ਨੂੰ ਆਪਣੀ ਵੱਡੀ ਮਾਂ ਸਮਝਣਾ।

ਪਵਣ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ ॥
ਜਬ ਲਗ ਦੁਨੀਆ ਰਹੀਐ ਨਾਨਕ ਕਿਛੁ ਸੁਣੀਐ ਕਿਛੁ ਕਹੀਐ ॥

ਗੁਰੂ ਨਾਨਕ ਦੇਵ ਜੀ ਬਹੁਤ ਮਹਾਨ ਕ੍ਰਾਂਤੀਕਾਰੀ ਗੁਰੂ ਹੋਏ ਹਨ। ਉਹਨਾਂ ਨੇ ਮਨੁੱਖਤਾ ਨੂੰ ਸੱਚ ਦੇ ਰਾਹ 'ਤੇ ਤੁਰਨ ਦਾ ਸੱਦਾ ਦਿੱਤਾ। ਉਹ ਕਹਿੰਦੇ ਸਨ ਕਿ ਰੱਬ ਤੱਕ ਪਹੁੰਚ ਦਾ ਰਾਹ ਕਿਸੇ ਜਾਤ-ਪਾਤ, ਮੰਦਰ-ਮਸੀਤ ਜਾਂ ਕਾਇਦੇ-ਕਾਨੂੰਨਾਂ ਰਾਹੀਂ ਨਹੀਂ — ਸਗੋਂ ਸੱਚੇ ਕਰਮ, ਪਵਿੱਤਰ ਮਨ ਅਤੇ ਨਿਰਭਉ ਪ੍ਰੇਮ ਰਾਹੀਂ ਹੋ ਸਕਦਾ ਹੈ।

ਗੁਰੂ ਨਾਨਕ ਸਾਹਿਬ ਜੀ ਦੀ ਬਾਣੀ ਸਾਨੂੰ ਅਗਿਆਨਤਾ ਦੇ ਹਨੇਰੇ ਵਿਚੋਂ ਕੱਢ ਕੇ ਰੌਸ਼ਨੀ ਵੱਲ ਲੈ ਜਾਂਦੀ ਹੈ।

: ਹਿੰਦੂ ਤੇ ਮੁਸਲਮਾਨ ਸਮਾਜ ਔਰਤ ਨੂੰ ਘਟੀਆ ਤੇ ਪੁਰਸ਼ ਦੀ ਦਾਸੀ ਜਾਂ ਜਾਇਦਾਦ ਸਮਝਦੇ ਸਨ। ਸਤੀ ਦੀ ਰਸਮ, ਬਾਲ ਵਿਆਹ, ਭਰੂਣ ਹੱਤਿਆ, ਵਿਧਵਾ ਵਿਆਹ 'ਤੇ ਰੋਕ ਆਦਿ ਬੁਰਾਈਆਂ ਜ਼ੋਰ ਫੜ ਚੁੱਕੀਆਂ ਸਨ। ਹਿੰਦੂ ਔਰਤਾਂ ਨੂੰ ਬੰਦੀ ਬਣਾ ਕੇ ਇਸਲਾਮੀ ਮੁਲਕਾਂ 'ਚ ਲਿਜਾਇਆ ਜਾਂਦਾ ਸੀ.। ਬਾਬਰਵਾਣੀ ਵਿੱਚ ਵੀ ਗੁਰੂ ਸਾਹਿਬ ਨੇ ਬਾਬਰ ਦੇ ਜੁਲਮੋਸਿਤਮ ਵਿਰੁੱਧ ਹਾਅ ਦਾ ਨਾਅਰਾ ਮਾਰਿਆ :

ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨੁ ਡਰਾਇਆ ॥
ਆਪੈ ਦੋਸੁ ਨਾ ਦੇਈ ਕਰਤਾ ਜਮੁ ਕਰਿ ਮੁਗਲੁ ਚੜਾਇਆ ॥
ਏਤੀ ਮਾਰ ਪਈ ਕੁਰਲਾਣੇ ਤੈ ਕੀ ਦਰਦੁ ਨ ਆਇਆ ॥

ਗੁਰੂ ਸਾਹਿਬ ਨੇ ਸਮਾਜਕ ਕੁਰੀਤੀਆਂ, ਪਖੰਡਵਾਦ ਵਿਰੁੱਧ ਆਵਾਜ਼ ਬੁਲੰਦ ਕੀਤੀ ਜਦੋਂ ਜਨੇਊ ਦੀ ਰਸਮ ਹੋਣ ਲੱਗੀ ਤਾਂ ਬਾਬੇ ਨਾਨਕ ਨੇ ਫਰਮਾਇਆ:-

ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ ॥

ਹੇ ਪੰਡਤ ! ਉਹ ਜਨੇਊ ਜਿਸ ਦੀ ਕਪਾਹ ਦਇਆ ਹੋਵੇ, ਜਿਸ ਦਾ ਸੂਤ ਸੰਤੋਖ ਹੋਵੇ, ਜਿਸ ਦੀਆਂ ਗੰਢਾਂ ਜਤ ਹੋਣ, ਅਤੇ ਜਿਸ ਦਾ ਵੱਟ ਉੱਚਾ ਆਚਰਨ ਹੋਵੇ,

ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ॥

ਜੇ (ਤੇਰੇ ਪਾਸ) ਇਹ ਆਤਮਾ ਦੇ ਕੰਮ ਆਉਣ ਵਾਲਾ ਜਨੇਊ ਹੈ ਤਾਂ (ਮੇਰੇ ਗਲ) ਪਾ ਦੇਹ।

ਨਾ ਏਹੁ ਤੁਟੈ ਨਾ ਮਲੁ ਲਗੈ ਨਾ ਏਹੁ ਜਲੈ ਨ ਜਾਇ ॥

(ਹੇ ਪੰਡਿਤ) ! ਇਹੋ ਜਿਹਾ ਜਨੇਊ ਨਾ ਟੁੱਟਦਾ ਹੈ, ਨਾ ਹੀ ਇਸ ਨੂੰ ਮੈਲ ਲੱਗਦੀ ਹੈ, ਨਾ ਇਹ ਸੜਦਾ ਹੈ ਅਤੇ ਨਾ ਹੀ ਇਹ ਗੁਆਚਦਾ ਹੈ।

ਧੰਨੁ ਸੁ ਮਾਣਸ ਨਾਨਕਾ ਜੋ ਗਲਿ ਚਲੇ ਪਾਇ ॥

ਹੇ ਨਾਨਕ ! ਉਹ ਮਨੁੱਖ ਭਾਗਾਂ ਵਾਲੇ ਹਨ, ਜਿਨ੍ਹਾਂ ਨੇ ਇਹ ਜਨੇਊ ਆਪਣੇ ਗਲੇ ਵਿਚ ਪਾ ਲਿਆ ਹੈ

ਗੁਰੂ ਸਾਹਿਬ ਨੇ ਵਹਿਮਾਂ ਭਰਮਾਂ ਵਿਚੋਂ ਮਨੁੱਖਤਾ ਨੂੰ ਕੱਢਣ ਲਈ ਤਰਕ ਦਾ ਸਹਾਰਾ ਲੈ ਕੇ ਸਿਧਾਂ ਨਾਲ ਗੋਸ਼ਟੀ ਕੀਤੀ।

ਮਾਰਿਆ ਸਿੱਕਾ ਜਗਤਿ ਵਿਚਿ ਨਾਨਕ ਨਿਰਮਲ ਪੰਥ ਚਲਾਇਆ॥

ਆਓ, ਗੁਰੂ ਸਾਹਿਬ ਜੀ ਚਲਾ ਪੰਥ ਅਤੇ ਸਿਰੇ ਰਾਹ ਤੇ ਚਲਣ ਦੀ ਕੋਸ਼ਿਸ਼ ਕਰੀਏ ਅਤੇ ਇਸ ਧਰਤੀ ਤੇ ਵੱਧ ਤੋਂ ਵੱਧ ਪੌਦੇ ਲਗਾ ਕੇ ਧਰਤੀ ਤੇ ਹਰਿਆਵਲ ਲਿਆਈਏ ਅਤੇ ਹਵਾ ਨੂੰ ਸ਼ੁੱਧ ਕਰੀਏ। ਅਤੇ ਝੋਨੇ ਦੀ ਬਦਲ ਵੀ ਫਸਲ ਲਗਾ ਕੇ ਪਾਣੀ ਦੀ ਬਚਤ ਕਰੀਏ ਅਤੇ ਕੁਦਰਤ ਤੋਂ ਖੁਸ਼ੀਆਂ ਪ੍ਰਾਪਤ ਕਰੀਏ ਅਤੇ ਖੁਸ਼ਹਾਲ ਜੀਵਨ ਬਤੀਤ ਕਰੀਏ।

ਮੇਰੇ ਵੱਲੋਂ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ 556ਵੇਂ ਪ੍ਰਕਾਸ਼ ਦਿਹਾੜੇ ਦੀਆਂ ਸਮੁੱਚੇ ਦੇਸ਼ ਵਿਦੇਸ਼ ਵਸਦੇ ਪੰਜਾਬੀ, ਸਿੱਖ ਭਾਈਚਾਰੇ ਅਤੇ ਨਾਨਕ ਨਾਮ ਲੇਵਾ ਸੰਗਤਾਂ ਨੂੰ ਬਹੁਤ ਬਹੁਤ ਵਧਾਈਆਂ।

ਨਾਨਕ ਨਾਮੁ ਚੜ੍ਹਦੀ ਕਲਾ ਤੇਰੇ ਭਾਣੇ ਸਰਬੱਤ ਦਾ ਭਲਾ
ਵਾਹਿਗੁਰੂ ਜੀ ਕਾ ਖਾਲਸਾ
ਵਾਹਿਗੁਰੂ ਜੀ ਕੀ ਫਤਿਹ



ਸਿੱਖ ਪੰਥ ਦਾ ਦਾਸ
ਹਰਵੇਲ ਸਿੰਘ ਸੈਣੀ ਗੜ੍ਹਸ਼ੰਕਰ ਪ੍ਰਧਾਨ:- ਸੋਸ਼ਲ ਵੈਲਫੇਅਰ ਸੋਸਾਇਟੀ ਰਜਿ. ਗੜ੍ਹਸ਼ੰਕਰ-144527
ਸੰਪਰਕ ਨੰਬਰ- 9779855065

# ਉਬਲਦੀਆਂ ਦੇਗਾਂ 'ਚ ਬੈਠਣ ਵਾਲੇ ਸਿਦਕੀ ਭਾਈ ਦਿਆਲਾ ਜੀ

ਧੰਨ ਧੰਨ ਦਯਾਲ ਦਾਸ ਜੱਸ ਤਉ ਕਾ
ਰਿਧ ਚੁਗੱਤੇ ਦੇਗੇ ਭੀਤਰ ਧਰਿਆ
(ਭੱਟ ਵਹੀ)



ਭਾਈ ਦਿਆਲਾ ਦਾਸ ਜੀ ਦਾ ਜਨਮ ਬਾਬਾ ਮਾਈਦਾਸ ਜੀ ਦੇ ਘਰ ਮਾਤਾ ਮਾਧੁਰੀ ਜੀ ਦੀ ਕੁੱਖੋਂ ਪਿੰਡ ਅਲੀਪੁਰ ਜਿਲਾ ਮੁਜ਼ੱਫਰਗੜ ਵਿਖੇ ਹੋਇਆ ।ਆਪ ਜੀ ਦੇ ਹੋਰ 11 ਭਰਾ ਸਨ, ਜਿਨ੍ਹਾਂ ਵਿਚੋਂ ਕੇਵਲ ਭਰਾ ਸ੍ਰੀ ਅਮਰ ਚੰਦ ਨੂੰ ਛੱਡ ਕੇ ਬਾਕੀ ਸਾਰੇ ਨੇ ਸਿੱਖ ਧਰਮ ਲਈ ਸ਼ਹਾਦਤਾਂ ਦਿੱਤੀਆਂ। ਆਪ ਨਾਮ-ਬਾਣੀ ਦੇ ਰਸੀਏ, ਪੱਕੇ ਇਰਾਦੇ ਵਾਲੇ ਗੁਰਸਿੱਖ, ਨੇਕ ਤੇ ਇਮਾਨਦਾਰੀ ਨਾਲ ਕਿਰਤ ਕਮਾਉਣ ਵਾਲੇ ਮਹਾਂਪੁਰਸ਼ ਸਨ।

ਆਪ ਜੀ ਦਾ ਜੀਵਨ ਗੁਰੂ-ਘਰ ਦੀ ਸੇਵਾ ਸਿਮਰਨ ਨਾਲ ਭਰਪੂਰ ਸੀ ਅਤੇ ਆਪ ਜੀ ਸਿੱਖੀ-ਸਿਦਕ ਵਿੱਚ ਨਿਪੁੰਨ ਸਨ ! ਧੰਨ ਧੰਨ ਸਾਹਿਬ "ਸ੍ਰੀ ਗੁਰੂ ਤੇਗ ਬਹਾਦੁਰ ਸਾਹਿਬ ਜੀ " ਦੁਆਰਾ ਕਸ਼ਮੀਰੀ ਪੰਡਿਤਾਂ ਦੇ ਓਹਨਾਂ ਉੱਤੇ ਔਰੰਗਜੇਬ ਵੱਲੋਂ ਕੀਤੇ ਜਾ ਰਹੇ ਜ਼ੁਲਮਾਂ ਨੂੰ ਠਲ੍ਹ ਪਾਉਣ ਖਾਤਿਰ ਕੀਤੀ ਬੇਨਤੀ ਨੂੰ ਪਰਵਾਨ ਕਰਦੇ ਹੋਏ ਦਿੱਲੀ ਵੱਲ ਕੂਚ ਕਰਨ ਦੇ ਫੈਸਲੇ ਨੂੰ ਮਨਦੇ ਹੋਏ । ਭਾਈ ਮਤੀ ਦਾਸ ਜੀ ਅਤੇ ਭਾਈ ਸਤੀ ਦਾਸ ਜੀ ਦੇ ਨਾਲ "ਭਾਈ ਦਿਆਲਾ ਜੀ" ਵੀ ਰਵਾਨਾ ਹੋਏ।

ਮੁਗਲ ਬਾਦਸ਼ਾਹ ਔਰੰਗਜ਼ੇਬ ਦੇ ਹੁਕਮਾਂ ਅਨੁਸਾਰ ਗੁਰੂ ਤੇਗ ਬਹਾਦੁਰ ਸਾਹਿਬ ਨੂੰ ਪੰਜ ਸਿੱਖਾਂ ਸਮੇਤ ਦਿੱਲੀ ਦੇ ਕੈਦਖਾਨੇ ਵਿੱਚ ਕੈਦ ਕਰ ਦਿੱਤਾ ਗਿਆ। ਔਰੰਗਜ਼ੇਬ ਦੁਆਰਾ ਗੁਰੂ ਸਾਹਿਬ ਨੂੰ ਧਰਮ ਪਰਿਵਰਤਨ ਕਰਨ ਜਾਂ ਮੌਤ ਕਬੂਲਣ ਦੇ ਵਿੱਚੋਂ ਇੱਕ ਨੂੰ ਚੁਣਨ ਬਾਬਤ ਕਿਹਾ ਗਿਆ। ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦੁਰ ਸਾਹਿਬ ਜੀ ਫੁਰਮਾਇਆ

'ਭੈ ਕਾਹੂ ਕਉ ਦੇਤ ਨਹਿ,
ਨਹਿ ਭੈ ਮਾਨਤ ਆਨ' –

ਭਾਵ ਅਸੀਂ ਕਿਸੇ ਨੂੰ ਭੈ ਦਿੰਦੇ ਨਹੀਂ ਤੇ ਨਾ ਹੀ ਕਿਸੇ ਦਾ ਭੈ ਮੰਨਣ ਲਈ ਤਿਆਰ ਹਾਂ।

ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦੁਰ ਸਾਹਿਬ ਜੀ ਦੁਆਰਾ ਧਰਮ ਪਰਿਵਰਤਨ ਦੀ ਇਨਕਾਰੀ ਤੋਂ ਬਾਅਦ ਔਰੰਗਜ਼ੇਬ ਦਾ ਗੁੱਸਾ ਸੱਤਵੇਂ ਅਸਮਾਨ ਤੇ ਚੜ੍ਹ ਗਿਆ। ਰਹਿੰਦੀ ਕਸਰ ਉਸ ਦੇ ਕੱਟੜ ਕਾਜ਼ੀਆਂ ਤੇ ਜ਼ਾਲਮ ਦਰਬਾਰੀਆਂ ਦੁਆਰਾ ਉਸ ਨੂੰ ਚੁੱਕਣਾ ਦੇ ਕੇ ਪੂਰੀ ਕਰ ਦਿੱਤੀ ਗਈ। ਸੱਤਾ ਦੇ ਨਸ਼ੇ ਵਿੱਚ ਅੰਨਾ ਹੋਇਆ ਔਰੰਗਜ਼ੇਬ ਗੁਰੂ ਸਾਹਿਬ ਅਤੇ ਉਹਨਾਂ ਦੇ ਸਿੱਖਾਂ ਦੇ ਸਬਰ ਦਾ ਇਮਤਿਹਾਨ ਜਬਰ ਤੇ ਜ਼ੁਲਮ ਨਾਲ ਲੈਣਾ ਚਾਹੁੰਦਾ ਸੀ। ਮੁਗਲ ਹਾਕਮ ਚਾਹੁੰਦੇ ਸਨ ਕਿ ਕਿਸੇ ਤਰ੍ਹਾਂ ਡਰ, ਭੈ ਜਾਂ ਲਾਲਚ ਦੇ ਕੇ ਗੁਰੂ ਜੀ ਅਤੇ ਉਨ੍ਹਾਂ ਦੇ ਸਿੱਖਾਂ ਨੂੰ ਇਸਲਾਮ ਦੇ ਦਾਇਰੇ ਵਿਚ ਲੈ ਆਈਏ ਪਰ ਜਦੋਂ ਉਹਨਾਂ ਦੀ ਹਰ ਕੋਸ਼ਿਸ਼ ਨਾਕਾਮ ਹੋ ਗਈ ਤਾਂ ਉਹਨਾਂ ਨੇ ਜ਼ਬਰ ਜ਼ੁਲਮ ਦੀ ਇੰਤਿਹਾ ਕਰ ਦਿੱਤੀ। ਔਰੰਗਜ਼ੇਬ ਨੇ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦੁਰ ਜੀ ਨੂੰ ਪ੍ਰਭਾਵਿਤ ਕਰਨ ਲਈ ਭਾਈ ਮਤੀ ਦਾਸ ਜੀ ਨੂੰ ਆਰੇ ਨਾਲ ਚਰਵਾ ਦਿੱਤਾ ਅਤੇ ਭਾਈ ਸਤੀ ਦਾਸ ਜੀ ਨੂੰ ਰੂੰ ਨਾਲ ਬੰਨ੍ਹ ਕੇ ਸੜਵਾ ਦਿੱਤਾ।

ਇਨ੍ਹਾਂ ਜਬਰ ਤੇ ਜ਼ੁਲਮ ਹੁੰਦਾ ਵੇਖ ਕੇ ਲੋਕਾਂ ਨੇ ਗੁਰੂ ਸਾਹਿਬ ਦੇ ਅਸੂਲਾਂ ਨੂੰ ਝੁੱਕ ਸਿਜਦੇ ਕੀਤੇ। ਆਪਣੀਆਂ ਕੋਝੀਆਂ ਤੇ ਜ਼ਾਲਮ ਚਾਲਾਂ ਵਿੱਚ ਅਸਫਲ ਹੁੰਦੇ ਵੇਖ ਕੇ ਔਰੰਗਜ਼ੇਬ ਨੇ ਆਪਣੇ ਕਾਜ਼ੀਆਂ ਨੂੰ ਫ਼ਤਵਾ ਜਾਰੀ ਕੀਤਾ ਕਿ ਭਾਈ ਦਿਆਲਾ ਨੂੰ ਦੇਗ਼ ਵਿੱਚ ਉਬਾਲ ਕੇ ਸ਼ਹੀਦ ਕੀਤਾ ਜਾਵੇ।

ਔਰੰਗਜੇਬ ਦਿਆਲੇ ਨੂੰ ਆਖਦਾ ਤੇਰੇ ਨਫੇ ਦੀ ਬਾਤ ਸੁਣਾ ਦੇਵਾਂ।
ਛੱਡ ਕੁਫਰ ਤੋਂ ਦੀਨ ਕਬੂਲ ਕਰ ਲੈਂ, ਤੂੰ ਨੇਕੀ ਦੀ ਗਲ ਸਮਝਾ ਦੇਵਾਂ।
ਫਤਵਾ ਸ਼ਰੂ ਦਾ ਮੌਤ ਸਜ਼ਾ, ਪਰ ਜੇ, ਪੜ੍ਹੇ ਕਲਮਾ ਤਾਂ ਤੈਨੂੰ ਬਚਾ ਦੇਵਾਂ।
ਸਿੱਖੀ ਵਿੱਚੋਂ ਕੀ ਖਟਣਾ ਸੋਚ ਤਾਂ ਸਹੀ, ਸਚੇ ਦੀਨ ਦੀ ਸਾਂਝੀ ਬਣਾ ਦੇਵਾਂ।

**ਭਾਈ ਦਿਆਲਾ ਜੀ :** ਅੱਗੇ ਕਿਹਾਂ ਦਿਆਲ ਨੇ ਸੁਣੀਂ ਸ਼ਾਹਾ ,
ਜਿੰਦ ਸਿਖੀ ਤੋਂ ਘੋਲ ਘੁਮਾਵਾਂਗਾ ਮੈਂ ।
ਰੋਮ – ਰੋਮ ਅੰਦਰ ਗੁਰੂ ਨਾਨਕ ਰਚਿਆ , ਡਰ ਕੇ ਮੌਤ ਤੋਂ ਨਹੀਂ ਘਬਰਾਵਾਂਗਾ ਮੈਂ ।
ਮੈਨੂੰ ਦੀਨ ਇਸਲਾਮ ਮਨਜ਼ੂਰ ਨਹੀਂ , ਨਾਨਾਕ ਗੁਰੂ ਸਿੱਖ ਸਦਾਵਾਂਗਾ ਮੈਂ ।
ਤੇਰੇ ਫਤਵੇ ਦਾ ਖੌਫ ਨਾ ਮੂਲ ਮੈਨੂੰ ,
ਸੀਸ ਸਿਖੀ ਦੇ ਨਾਮ ਤੇ ਲਾਵਾਂਗਾ ਮੈਂ ॥

ਭਾਈ ਦਿਆਲਾ ਜੀ ਨੂੰ ਜੇਲ੍ਹ ਦੀ ਕੋਠੜੀ ਚੋਂ ਬਾਹਰ ਕੱਢ ਕੇ ਉਹਨਾਂ ਨੂੰ ਸ਼ਹੀਦ ਕਰਨ ਵਾਲੇ ਅਸਥਾਨ ਤੇ ਲਿਜਾਇਆ ਗਿਆ। ਉੱਥੇ ਇੱਕ ਵੱਡੀ ਤੇ ਭਾਰੀ ਦੇਗ਼ ਨੂੰ ਪਾਣੀ ਨਾਲ ਭਰ ਕੇ ਹੇਠਾਂ ਅੱਗ ਮਚਾ ਕੇ ਉਬਾਲਿਆ ਗਿਆ। ਜਦੋਂ ਪਾਣੀ ਉਬਲਣ ਲੱਗ ਪਿਆ ਤਾਂ ਭਾਈ ਦਿਆਲਾ ਜੀ ਨੂੰ ਵਿੱਚ ਬਿਠਾ ਦਿੱਤਾ ਗਿਆ। ਭਾਈ ਦਿਆਲਾ ਜੀ ਨੇ ਉਬਲਦੇ ਪਾਣੀ ਵਿੱਚ ਸਮਾਧੀ ਲਾ ਲਈ ਅਤੇ ਸ੍ਰੀ ਜਪੁਜੀ ਸਾਹਿਬ ਦੇ ਪਾਠ ਆਰੰਭ ਕਰ ਦਿੱਤੇ। ਜਲਦੀ ਹੀ ਭਾਈ ਦਿਆਲਾ ਜੀ ਦਾ ਮਾਸ ਗਲਣ ਲੱਗ ਪਿਆ ਅਤੇ ਅੰਗ ਵੱਖਰੇ ਵੱਖਰੇ ਹੋਣ ਲੱਗ ਪਏ। ਵੇਖਣ ਵਾਲੇ ਜ਼ਾਲਮ ਇਹ ਕੌਤਕ ਵੇਖ ਕੇ ਸਿੱਖਾਂ ਦੀ ਦ੍ਰਿੜਤਾ ਅਤੇ ਗੁਰੂ ਘਰ ਵਿੱਚ ਵਿਸ਼ਵਾਸ ਤੱਕ ਕੇ ਕੰਬ ਉੱਠੇ। ਕੁਝ ਸਮੇਂ ਦੇ ਅੰਤਰਾਲ ਤੋਂ ਬਾਅਦ ਭਾਈ ਸਾਹਿਬ ਦਾ ਸਰੀਰ ਗੱਲ ਗਿਆ ਤੇ ਭਾਈ ਸਾਹਿਬ ਸ਼ਹਾਦਤ ਦਾ ਜਾਮ ਪੀ ਗਏ। ਭਾਈ ਦਿਆਲਾ ਜੀ ਦੀ ਸ਼ਹਾਦਤ ਨੂੰ ਕੋਟਾਨਿ ਕੋਟਿ ਪ੍ਰਣਾਮ॥

ਭੁੱਲ ਚੁੱਕ ਦੀ ਖਿਮਾ
ਦਾਸ ਸੁਰਿੰਦਰਪਾਲ ਸਿੰਘ, ਸ੍ਰੀ ਅੰਮ੍ਰਿਤਸਰ ਸਾਹਿਬ, ਪੰਜਾਬ।

# ਧੰਨ ਧੰਨ ਬਾਬਾ ਨਾਨਕ ਦੇਵ ਜੀ

ਧੰਨ ਬਾਬਾ ਨਾਨਕ ਦੇਵ ਜੀ ਤੇਰੀ ਅਦੁੱਤੀ ਚੰਗਿਆਈ
ਧੰਨ ਬਾਬਾ ਨਾਨਕ ਦੇਵ ਜੀ ਤੇਰੀ ਵੱਡੀ ਕਮਾਈ।
ਧੰਨ ਬਾਬਾ ਨਾਨਕ ਦੇਵ ਜੀ ਕਿਰਤ ਦੀ ਅਲਖ ਜਗਾਈ
ਧੰਨ ਬਾਬਾ ਨਾਨਕ ਦੇਵ ਜੀ ਨਾਮ ਜਪਣ ਦੀ ਮਤ ਪਾਈ॥
ਧੰਨ ਬਾਬਾ ਨਾਨਕ ਦੇਵ ਜੀ ਵੰਡ ਛੱਕਣ ਦੀ ਸੋਝੀ ਬਣਾਈ
ਧੰਨ ਬਾਬਾ ਨਾਨਕ ਦੇਵ ਜੀ ਲੋਕਾਈ ਸਿੱਧੇ ਰਾਹ ਪਾਈ।
ਧੰਨ ਬਾਬਾ ਨਾਨਕ ਦੇਵ ਜੀ ਸੱਜਣ ਠੱਗ ਦੀ ਕੀਤੀ ਸੁਧਾਈ
ਧੰਨ ਬਾਬਾ ਨਾਨਕ ਦੇਵ ਜੀ ਸੱਚੇ ਸੌਦੇ ਦੀ ਪਿਰਤ ਬਣਾਈ ॥
ਧੰਨ ਬਾਬਾ ਨਾਨਕ ਦੇਵ ਜੀ ਔਰਤਾਂ ਨੂੰ ਬਖਸ਼ੀ ਵਡਿਆਈ
ਧੰਨ ਬਾਬਾ ਨਾਨਕ ਦੇਵ ਜੀ ਸਿੱਖੀ ਸਿਦਕ ਦੀ ਅਲਖ ਜਗਾਈ।
ਧੰਨ ਬਾਬਾ ਨਾਨਕ ਦੇਵ ਜੀ ਹੱਕ ਸੱਚ ਦੀ ਰਮਜ਼ ਸਮਝਾਈ
ਧੰਨ ਬਾਬਾ ਨਾਨਕ ਦੇਵ ਜੀ ਮੱਕੇ ਮਦੀਨੇ ਦਿਸ਼ਾ ਹਿਲਾਈ॥
ਧੰਨ ਬਾਬਾ ਨਾਨਕ ਦੇਵ ਜੀ ਮਰਦਾਨੇ ਤੇ ਬਾਲੇ ਸੰਗ ਨਿਭਾਈ
ਧੰਨ ਬਾਬਾ ਨਾਨਕ ਦੇਵ ਜੀ ਕੌਡੇ ਰਾਖਸ਼ ਨੂੰ ਸ਼ੁੱਧ ਮਤ ਬੁੱਧ ਪਾਈ।
ਧੰਨ ਬਾਬਾ ਨਾਨਕ ਦੇਵ ਜੀ ਖਲਕਤ ਅੰਦਰ ਤਰਕ ਦੀ ਚਿਣਗ ਜਗਾਈ
ਧੰਨ ਬਾਬਾ ਨਾਨਕ ਦੇਵ ਜੀ ਵੇਈ ਪਾਰ ਧੁਰ ਪ੍ਰੀਤ ਬਣਾਈ॥
ਧੰਨ ਬਾਬਾ ਨਾਨਕ ਦੇਵ ਜੀ ਬਾਣੀ ਦੀ ਦਾਤ ਝੋਲੀ ਪਾਈ
ਧੰਨ ਬਾਬਾ ਨਾਨਕ ਦੇਵ ਜੀ ਵਹਿਮਾਂ ਭਰਮਾਂ ਦੀ ਨੀਂਹ ਹਿਲਾਈ।
ਧੰਨ ਬਾਬਾ ਨਾਨਕ ਦੇਵ ਜੀ ਕੁਦਰਤ ਨਾਲ ਜੋੜੀ ਲੋਕਾਈ
ਧੰਨ ਬਾਬਾ ਨਾਨਕ ਦੇਵ ਜੀ ਵਿਗਿਆਨਕ ਸੋਚ ਅਪਨਾਈ॥
ਧੰਨ ਬਾਬਾ ਨਾਨਕ ਦੇਵ ਜੀ ਪਾਂਧੇ,ਮੌਲਵੀ ਨੂੰ ਗਿਆਨ ਦੀ ਚੇਟਕ ਲਗਾਈ
ਧੰਨ ਬਾਬਾ ਨਾਨਕ ਦੇਵ ਜੀ ਮੇਰੀਆਂ ਭੁੱਲਾਂ ਬਖਸ਼ਾਈ।
ਧੰਨ ਬਾਬਾ ਨਾਨਕ ਦੇਵ ਜੀ ਪਾਂਧਿਆਂ ਦੀ ਦੁਵਿਧਾ ਹਟਾਈ
ਧੰਨ ਬਾਬਾ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀ ਬੇਅੰਤ ਵਧਾਈ।

ਸੁਰਿੰਦਰਪਾਲ ਸਿੰਘ, ਵਿਗਿਆਨ ਅਧਿਆਪਕ
ਸ੍ਰੀ ਅੰਮ੍ਰਿਤਸਰ ਸਾਹਿਬ, ਪੰਜਾਬ

# ਭਾਰਤ ਨੇ ਇਤਿਹਾਸ ਲਿਖਿਆ

## ਵਿਸ਼ਵ ਕੱਪ 'ਚ ਪਹਿਲੀ ਖਿਤਾਬੀ ਜਿੱਤ ਦਰਜ; ਫਾਈਨਲ 'ਚ ਦੱਖਣੀ ਅਫ਼ਰੀਕਾ ਨੂੰ 52 ਦੌੜਾਂ ਨਾਲ ਹਰਾਇਆ




ਇੱਥੇ ਆਈਸੀਸੀ ਮਹਿਲਾ ਵਿਸ਼ਵ ਕੱਪ ਦੇ ਫਾਈਨਲ ਵਿਚ ਭਾਰਤ ਨੇ ਦੱਖਣੀ ਅਫਰੀਕਾ ਨੂੰ 52 ਦੌੜਾਂ ਨਾਲ ਹਰਾ ਕੇ ਨਵਾਂ ਇਤਿਹਾਸ ਲਿਖ ਦਿੱਤਾ ਹੈ। ਭਾਰਤੀ ਮਹਿਲਾ ਟੀਮ ਦੀ ਵਿਸ਼ਵ ਕੱਪ ਵਿਚ ਇਹ ਪਹਿਲੀ ਖਿਤਾਬੀ ਜਿੱਤ ਹੈ। ਭਾਰਤ ਨੇ ਪਹਿਲਾਂ ਬੱਲੇਬਾਜ਼ੀ ਕਰਦਿਆਂ ਨਿਰਧਾਰਤ 50 ਓਵਰਾਂ ਵਿਚ ਸੱਤ ਵਿਕਟਾਂ ਦੇ ਨੁਕਸਾਨ 'ਤੇ 298 ਦੌੜਾਂ ਬਣਾਈਆਂ ਜਿਸ ਦੇ ਜਵਾਬ ਵਿਚ ਦੱਖਣੀ ਅਫਰੀਕਾ ਦੀ ਪੂਰੀ ਟੀਮ 45.3 ਓਵਰਾਂ ਵਿਚ 246 ਦੌੜਾਂ 'ਤੇ ਆਊਟ ਹੋ ਗਈ। ਭਾਰਤ ਵਲੋਂ ਦੀਪਤੀ ਸ਼ਰਮਾ ਨੇ ਬਿਹਤਰੀਨ ਗੇਂਦਬਾਜ਼ੀ ਕੀਤੀ ਤੇ ਪੰਜ ਵਿਕਟਾਂ ਲਈਆਂ। ਇਸ ਤੋਂ ਇਲਾਵਾ ਸ਼ੈਫਾਲੀ ਵਰਮਾ ਨੇ ਵੀ ਅਹਿਮ ਵਿਕਟਾਂ ਹਾਸਲ ਕੀਤੀਆਂ। ਇਨ੍ਹਾਂ ਦੋਵਾਂ ਖਿਡਾਰਨਾਂ ਨੇ ਸ਼ਾਨਦਾਰ ਗੇਂਦਬਾਜ਼ੀ ਤੋਂ ਇਲਾਵਾ ਸ਼ਾਨਦਾਰ ਬੱਲੇਬਾਜ਼ੀ ਵੀ ਕੀਤੀ। ਸ਼ੈਫਾਲੀ ਵਰਮਾ 'ਪਲੇਅਰ ਆਫ ਦਿ ਫਾਈਨਲ' ਚੁਣੀ ਗਈ।

ਭਾਰਤ ਨੇ ਦੱਖਣੀ ਅਫਰੀਕਾ ਖ਼ਿਲਾਫ਼ ਫਾਈਨਲ ਮੁਕਾਬਲੇ ਵਿਚ ਪੰਜਾਹ ਓਵਰਾਂ ਵਿਚ ਸੱਤ ਵਿਕਟਾਂ ਦੇ ਨੁਕਸਾਨ ਨਾਲ 298 ਦੌੜਾਂ ਬਣਾਈਆਂ ਤੇ ਦੱਖਣੀ ਅਫਰੀਕਾ ਨੂੰ ਜਿੱਤ ਲਈ 299 ਦੌੜਾਂ ਦਾ ਟੀਚਾ ਦਿੱਤਾ। ਭਾਰਤ ਨੇ ਸੈਮੀਫਾਈਨਲ ਵਿਚ ਖਿਤਾਬ ਦੀ ਮਜ਼ਬੂਤ ਦਾਅਵੇਦਾਰ ਮੰਨੀ ਜਾ ਰਹੀ ਆਸਟਰੇਲੀਆ ਦੀ ਟੀਮ ਨੂੰ ਹਰਾ ਕੇ ਤੀਜੀ ਵਾਰ ਫਾਈਨਲ ਵਿੱਚ ਜਗ੍ਹਾ ਬਣਾਈ ਸੀ। ਮੀਂਹ ਕਾਰਨ ਮੈਚ ਲਗਪਗ ਦੋ ਘੰਟੇ ਦੇਰੀ ਨਾਲ ਸ਼ੁਰੂ ਹੋਇਆ ਪਰ ਓਵਰਾਂ ਵਿੱਚ ਕੋਈ ਕਟੌਤੀ ਨਹੀਂ ਕੀਤੀ ਗਈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸਮੇਤ ਹੋਰ ਆਗੂਆਂ ਨੇ ਭਾਰਤੀ ਟੀਮ ਨੂੰ ਜਿੱਤ ਦੀ ਵਧਾਈ ਦਿੱਤੀ ਹੈ।

ਸ਼ੈਫਾਲੀ ਵਰਮਾ ਨੇ ਸਭ ਤੋਂ ਵੱਧ 87 ਦੌੜਾਂ ਬਣਾਈਆਂ। ਉਸ ਨੇ ਸਮ੍ਰਿਤੀ ਮੰਧਾਨਾ (45) ਨਾਲ ਮਿਲ ਕੇ ਪਹਿਲੀ ਵਿਕਟ ਲਈ 104 ਦੌੜਾਂ ਦੀ ਭਾਈਵਾਲੀ ਕੀਤੀ। ਕਪਤਾਨ ਹਰਮਨਪ੍ਰੀਤ ਕੌਰ (20) ਵੀ ਵੱਡਾ ਸਕੋਰ ਬਣਾਉਣ ਵਿੱਚ ਨਾਕਾਮ ਰਹੀ। ਦੀਪਤੀ ਸ਼ਰਮਾ (58) ਅਤੇ ਰਿਚਾ ਘੋਸ਼ (24 ਗੇਂਦਾਂ 'ਤੇ 34) ਨੇ ਛੇਵੀਂ ਵਿਕਟ ਲਈ 47 ਦੌੜਾਂ ਦੀ ਤੇਜ਼ ਭਾਈਵਾਲੀ ਕਰਕੇ ਭਾਰਤ ਨੂੰ ਇੱਕ ਚੁਣੌਤੀਪੂਰਨ ਸਕੋਰ ਤੱਕ ਪਹੁੰਚਾਇਆ। ਦੀਪਤੀ ਸ਼ਰਮਾ ਇੱਕ ਰੋਜ਼ਾ ਵਿਸ਼ਵ ਕੱਪ ਵਿੱਚ 20 ਵਿਕਟਾਂ ਅਤੇ 200 ਦੌੜਾਂ ਬਣਾਉਣ ਵਾਲੀ ਪਹਿਲੀ ਮਹਿਲਾ ਕ੍ਰਿਕਟਰ ਬਣ ਗਈ ਹੈ।

ਟੀਚਾ ਪੂਰਾ ਕਰਨ ਉੱਤਰੀ ਦੱਖਣੀ ਅਫਰੀਕਾ ਦੀ ਕਪਤਾਨ ਲੌਰਾ ਵੋਲਵਾਰਟ ਨੇ 101 ਦੌੜਾਂ ਬਣਾ ਕੇ ਟੀਮ ਨੂੰ ਖਿਤਾਬ ਦੀ ਦੌੜ ਵਿੱਚ ਬਣਾਈ ਰੱਖਿਆ ਪਰ ਦੀਪਤੀ ਸ਼ਰਮਾ ਦੀ ਗੇਂਦ 'ਤੇ ਅਮਨਜੋਤ ਕੌਰ ਨੇ ਸ਼ਾਨਦਾਰ ਕੈਚ ਫੜ ਕੇ ਉਸ ਦੀ ਪਾਰੀ ਖ਼ਤਮ ਕਰ ਦਿੱਤੀ। ਵੋਲਵਾਰਟ ਇੱਕ ਸਿਰੇ 'ਤੇ ਡਟੀ ਰਹੀ ਪਰ ਉਸ ਨੂੰ ਦੂਜੇ ਪਾਸਿਓਂ ਕਿਸੇ ਦਾ ਸਾਥ ਨਾ ਮਿਲਿਆ। ਭਾਰਤ ਲਈ ਦੀਪਤੀ ਸ਼ਰਮਾ ਨੇ ਪੰਜ, ਸ਼ੈਫਾਲੀ ਵਰਮਾ ਨੇ ਦੋ ਤੇ ਸ੍ਰੀਚਰਨੀ ਨੇ ਇੱਕ ਵਿਕਟ ਹਾਸਲ ਕੀਤੀ।




## BCCI ਵੱਲੋਂ ਵਿਸ਼ਵ ਕੱਪ ਜੇਤੂ ਭਾਰਤੀ ਟੀਮ ਲਈ 51 ਕਰੋੜ ਰੁਪਏ ਦੇ ਕੈਸ਼ ਇਨਾਮ ਦਾ ਐਲਾਨ



ਭਾਰਤੀ ਕ੍ਰਿਕਟ ਕੰਟਰੋਲ ਬੋਰਡ (ਬੀਸੀਸੀਆਈ) ਦੇ ਸਕੱਤਰ ਦੇਵਾਜੀਤ ਸੈਕੀਆ ਨੇ ਆਈਸੀਸੀ ਮਹਿਲਾ ਵਿਸ਼ਵ ਕੱਪ ਦਾ ਖਿਤਾਬ ਜਿੱਤਣ ਵਾਲੀ ਭਾਰਤੀ ਟੀਮ ਲਈ 51 ਕਰੋੜ ਰੁਪਏ ਦੇ ਨਗ਼ਦ ਪੁਰਸਕਾਰ ਦਾ ਐਲਾਨ ਕੀਤਾ ਹੈ। ਸੈਕੀਆ ਨੇ ਕਿਹਾ, ''1983 ਵਿੱਚ, ਕਪਿਲ ਦੇਵ ਨੇ ਭਾਰਤ ਨੂੰ ਵਿਸ਼ਵ ਕੱਪ ਜਿੱਤਾ ਕੇ ਕ੍ਰਿਕਟ ਵਿੱਚ ਇੱਕ ਨਵਾਂ ਯੁੱਗ ਅਤੇ ਉਤਸ਼ਾਹ ਲਿਆਂਦਾ। ਅੱਜ ਵੀ ਭਾਰਤੀ ਮਹਿਲਾ ਟੀਮ ਨੇ ਉਹੀ ਉਤਸ਼ਾਹ ਦਿਖਾਇਆ ਹੈ। ਹਰਮਨਪ੍ਰੀਤ ਕੌਰ ਅਤੇ ਉਨ੍ਹਾਂ ਦੀ ਟੀਮ ਨੇ ਅੱਜ ਸਿਰਫ਼ ਟਰਾਫੀ ਨਹੀਂ ਜਿੱਤੀ, ਉਨ੍ਹਾਂ ਨੇ ਸਾਰੇ ਭਾਰਤੀਆਂ ਦੇ ਦਿਲ ਜਿੱਤ ਲਏ ਹਨ। ਉਨ੍ਹਾਂ ਨੇ ਮਹਿਲਾ ਕ੍ਰਿਕਟਰਾਂ ਦੀ ਅਗਲੀ ਪੀੜ੍ਹੀ ਲਈ ਰਾਹ ਪੱਧਰਾ ਕੀਤਾ ਹੈ... ਮਹਿਲਾ ਕ੍ਰਿਕਟ ਪਹਿਲਾਂ ਹੀ ਆਪਣੇ ਅਗਲੇ ਪੱਧਰ 'ਤੇ ਪਹੁੰਚ ਗਈ ਹੈ ਜਦੋਂ ਸਾਡੀ ਟੀਮ ਨੇ ਸੈਮੀਫਾਈਨਲ ਵਿੱਚ ਆਸਟਰੇਲੀਆ ਨੂੰ ਹਰਾਇਆ..."

ਸੈਕੀਆ ਨੇ ਕਿਹਾ, ''ਜਦੋਂ ਤੋਂ ਜੈ ਸ਼ਾਹ ਨੇ BCCI ਦਾ ਚਾਰਜ ਸੰਭਾਲਿਆ ਹੈ (2019 ਤੋਂ 2024 ਤੱਕ BCCI ਦੇ ਸਕੱਤਰ ਵਜੋਂ ਸੇਵਾ ਨਿਭਾ ਰਿਹਾ ਹੈ), ਉਸ ਨੇ ਮਹਿਲਾ ਕ੍ਰਿਕਟ ਵਿੱਚ ਕਈ ਬਦਲਾਅ ਲਿਆਂਦੇ ਹਨ। ਤਨਖਾਹ ਸਮਾਨਤਾ ਵੱਲ ਵੀ ਧਿਆਨ ਦਿੱਤਾ ਗਿਆ। ਪਿਛਲੇ ਮਹੀਨੇ, ICC ਚੇਅਰਮੈਨ ਜੈ ਸ਼ਾਹ ਨੇ ਮਹਿਲਾਵਾਂ ਲਈ ਪੁਰਸਕਾਰ ਰਾਸ਼ੀ ਵਿੱਚ 300 ਫੀਸਦ ਦਾ ਵਾਧਾ ਕੀਤਾ। ਪਹਿਲਾਂ ਇਨਾਮੀ ਰਾਸ਼ੀ $2.88 ਮਿਲੀਅਨ ਸੀ, ਅਤੇ ਹੁਣ ਇਸਨੂੰ $14 ਮਿਲੀਅਨ ਕਰ ਦਿੱਤਾ ਗਿਆ ਹੈ। ਇਨ੍ਹਾਂ ਸਾਰੇ ਕਦਮਾਂ ਨੇ ਮਹਿਲਾ ਕ੍ਰਿਕਟ ਨੂੰ ਬਹੁਤ ਉਤਸ਼ਾਹਿਤ ਕੀਤਾ ਹੈ। BCCI ਨੇ ਪੂਰੀ ਟੀਮ – ਖਿਡਾਰੀਆਂ, ਕੋਚਾਂ ਅਤੇ ਸਹਾਇਕ ਸਟਾਫ ਲਈ 51 ਕਰੋੜ ਰੁਪਏ ਦੀ ਇਨਾਮੀ ਰਾਸ਼ੀ ਦਾ ਐਲਾਨ ਕੀਤਾ ਹੈ।''



## ਕਦੇ ਵੀ ਸੁਪਨਾ ਵੇਖਣਾ ਨਾ ਛੱਡੋ, ਤੁਹਾਨੂੰ ਨਹੀਂ ਪਤਾ ਕਿਸਮਤ ਕਿੱਥੇ ਲੈ ਜਾਵੇਗੀ: ਹਰਮਨਪ੍ਰੀਤ ਕੌਰ

ਭਾਰਤ ਦੀ ਵਿਸਵ ਕੱਪ ਜੇਤੂ ਕਪਤਾਨ ਹਰਮਨਪ੍ਰੀਤ ਕੌਰ ਨੇ ਭਾਵਨਾਤਮਕ ਪਲਾਂ ਨੂੰ ਸਾਂਝਾ ਕੀਤਾ ਕਿ ਕਿਵੇਂ ਉਸਦੇ ਖੇਡਾਂ ਦੇ ਸੌਕੀਨ ਪਿਤਾ ਦੀ ਕ੍ਰਿਕਟ ਕਿੱਟ ਵਿੱਚੋ ਬੈਟ ਫੜਨ ਨੇ ਉਸ ਸੁਪਨੇ ਨੂੰ ਜਗਾਇਆ ਜੋ ਹੁਣ ਇੱਕ ਹਕੀਕਤ ਬਣ ਚੁੱਕਿਆ ਹੈ। ਨਵੀਂ ਮੁੰਬਈ ਵਿੱਚ ਐਤਵਾਰ ਨੂੰ ਮਹਿਲਾ ਵਿਸਵ ਕੱਪ ਦੇ ਫਾਈਨਲ ਮੁਕਾਬਲੇ ਵਿੱਚ ਦੱਖਣੀ ਅਫਰੀਕਾ ਉੱਤੇ 52 ਦੌੜਾਂ ਦੀ ਜਿੱਤ ਲਈ ਭਾਰਤ ਦੀ ਅਗਵਾਈ ਕਰਨ ਤੋਂ ਬਾਅਦ, ਹਰਮਨਪ੍ਰੀਤ ਨੇ ਵੱਲੋਂ ਪੋਸਟ ਕੀਤੇ ਇੱਕ ਵੀਡੀਓ ਵਿੱਚ ਆਪਣੇ ਬਚਪਨ ਨੂੰ ਯਾਦ ਕੀਤਾ ਅਤੇ ਉਭਰਦੇ ਨੌਜਵਾਨ ਖਿਡਾਰੀਆਂ ਲਈ ਇੱਕ ਸਲਾਹ ਵੀ ਦਿੱਤੀ ਅਤੇ ਕਿਹਾ, ''ਕਦੇ ਵੀ ਸੁਪਨਾ ਦੇਖਣਾ ਨਾ ਛੱਡੋ। ਤੁਹਾਨੂੰ ਨਹੀਂ ਪਤਾ ਕਿ ਤੁਹਾਡੀ ਕਿਸਮਤ ਤੁਹਾਨੂੰ ਕਿੱਥੇ ਲੈ ਜਾਵੇਗੀ।'' ਹਰਮਨਪ੍ਰੀਤ ਨੇ ਕਿਹਾ, ''ਜਦੋਂ ਵੀ ਅਸੀਂ ਟੀਵੀ 'ਤੇ ਮੈਚ ਦੇਖਦੇ ਸੀ, ਜਾਂ ਭਾਰਤ ਨੂੰ ਖੇਡਦੇ ਦੇਖਦੇ ਸੀ, ਜਾਂ ਵਿਸਵ ਕੱਪ ਦੇਖਦੇ ਸੀ, ਮੈਂ ਸੋਚਦੀ ਸੀ, ਮੈਨੂੰ ਇਸ ਤਰ੍ਹਾਂ ਦਾ ਮੌਕਾ ਚਾਹੀਦਾ ਹੈ। ਉਸ ਸਮੇਂ ਮੈਨੂੰ ਮਹਿਲਾ ਕ੍ਰਿਕਟ ਬਾਰੇ ਪਤਾ ਵੀ ਨਹੀਂ ਸੀ।'' ਹਰਮਨਪ੍ਰੀਤ ਦੇ ਪਿਤਾ ਹਰਮੰਦਰ ਸਿੰਘ ਭੁੱਲਰ ਮੋਗਾ ਦੀ ਨਿਆਂਇਕ ਅਦਾਲਤ ਵਿੱਚ ਕਲਰਕ ਦੀ ਨੌਕਰੀ ਕਰਨ ਤੋਂ ਪਹਿਲਾਂ ਕ੍ਰਿਕਟ ਅਤੇ ਫੁੱਟਬਾਲ ਖੇਡਦੇ ਸਨ। ਆਪਣੇ ਪਿਤਾ ਦੇ ਪੱਕੇ ਸਮਰਥਨ ਨਾਲ ਬਚਪਨ ਵਿੱਚ ਸੁਰੂ ਹੋਇਆ ਇਹ ਸਫਰ ਐਤਵਾਰ ਨੂੰ ਹਰਮਨਪ੍ਰੀਤ ਲਈ ਵਿਸਵ ਕੱਪ ਟਰਾਫੀ ਵਿੱਚ ਸਮਾਪਤ ਹੋਇਆ। ਇਹ ਸਭ ਆਸਾਨ ਨਹੀਂ ਸੀ ਪਰ ਹਰਮਨਪ੍ਰੀਤ ਨੇ ਕਿਹਾ ਕਿ ਉਹ ਮਹਿਲਾ ਕ੍ਰਿਕਟ ਲਈ ਜਰੂਰੀ ਚੁਣੌਤੀਆਂ ਤੋਂ ਹਾਰ ਮੰਨਣ ਵਾਲੀ ਨਹੀਂ ਸੀ। 36 ਸਾਲਾ ਇਸ ਸਟਾਰ ਖਿਡਾਰਨ ਨੇ ਕਿਹਾ ਕਿ ਉਹ ਆਪਣੇ ਬਚਪਨ ਦੇ ਸੁਪਨੇ ਨੂੰ ਸਾਕਾਰ ਕਰਨ ਤੋਂ ਬਾਅਦ ਆਰਾਮਦਾਇਕ ਅਤੇ ਨਿਮਰ ਮਹਿਸੂਸ ਕਰ ਰਹੀ ਹੈ।

ਹਰਮਨਪ੍ਰੀਤ ਨੇ 2017 ਵਿੱਚ ਲੰਡਨ ਵਿੱਚ ਇੰਗਲੈਂਡ ਤੋਂ ਮਹਿਲਾ ਵਿਸਵ ਕੱਪ ਫਾਈਨਲ ਹਾਰਨ ਤੋਂ ਬਾਅਦ ਭਾਰਤੀ ਟੀਮ ਦੇ ਵਾਪਸ ਆਉਣ 'ਤੇ ਮਿਲੇ ਸਾਨਦਾਰ ਸਵਾਗਤ ਨੂੰ ਵੀ ਯਾਦ ਕੀਤਾ।

## ਚਾਨੂ ਵਾਲਾ ਭਾਰ ਵਰਗ ਓਲੰਪਿਕ 'ਚੋਂ ਹਟਾਇਆ



ਭਾਰਤ ਦੀ ਸਟਾਰ ਵੇਟਲਿਫਟਰ ਮੀਰਾਬਾਈ ਚਾਨੂ ਦਾ 49 ਕਿਲੋਗ੍ਰਾਮ ਦਾ ਭਾਰ ਵਰਗ 2028 ਵਿੱਚ ਹੋਣ ਵਾਲੀਆਂ ਓਲੰਪਿਕ ਖੇਡਾਂ 'ਚੋਂ ਹਟਾ ਦਿੱਤਾ ਗਿਆ ਹੈ। ਹੁਣ ਉਸ ਨੂੰ 53 ਕਿਲੋਗ੍ਰਾਮ ਭਾਰ ਵਰਗ ਵਿੱਚ ਸਖ਼ਤ ਚੁਣੌਤੀ ਦਾ ਸਾਹਮਣਾ ਕਰਨਾ ਪਵੇਗਾ ਪਰ ਉਹ ਇਸ ਲਈ ਤਿਆਰ ਹੈ। ਚਾਨੂ ਨੇ ਟੋਕੀਓ ਓਲੰਪਿਕ ਵਿੱਚ 49 ਕਿਲੋਗ੍ਰਾਮ ਵਰਗ ਵਿੱਚ ਚਾਂਦੀ ਦਾ ਤਗ਼ਮਾ ਜਿੱਤਿਆ ਸੀ ਪਰ ਕੌਮਾਂਤਰੀ ਓਲੰਪਿਕ ਕਮੇਟੀ (ਆਈ ਓ ਸੀ) ਨੇ ਵੇਟਲਿਫਟਿੰਗ ਮੁਕਾਬਲਿਆਂ ਦੀ ਕੁੱਲ ਗਿਣਤੀ ਘਟਾ ਕੇ 12 ਕਰ ਦਿੱਤੀ ਹੈ ਜਿਸ ਕਾਰਨ 2028 ਲਾਸ ਏਂਜਲਸ ਓਲੰਪਿਕ ਵਿੱਚ ਸਭ ਤੋਂ ਘੱਟ ਭਾਰ ਵਰਗ ਹੁਣ 53 ਕਿਲੋਗ੍ਰਾਮ ਹੋਵੇਗਾ।

ਭਾਰਤ ਦੇ ਮੁੱਖ ਕੋਚ ਵਿਜੈ ਸ਼ਰਮਾ ਦਾ ਮੰਨਣਾ ਹੈ ਕਿ 53 ਕਿਲੋਗ੍ਰਾਮ ਤੱਕ ਭਾਰ ਵਧਾਉਣਾ ਚਾਨੂ ਲਈ ਫਾਇਦੇਮੰਦ ਹੋਵੇਗਾ। ਉਨ੍ਹਾਂ ਕਿਹਾ ਕਿ ਮਨੀਪੁਰ ਦੀ ਇਹ ਖਿਡਾਰਨ ਅਗਲੇ ਸਾਲ ਏਸ਼ੀਅਨ ਖੇਡਾਂ ਤੱਕ ਆਪਣੇ ਪੁਰਾਣੇ ਭਾਰ ਵਰਗ ਵਿੱਚ ਹੀ ਖੇਡਦੀ ਰਹੇਗੀ। 49 ਕਿਲੋਗ੍ਰਾਮ ਭਾਰ ਵਰਗ ਹਟਾਉਣਾ ਮੀਰਾਬਾਈ ਲਈ ਚੰਗੀ ਗੱਲ ਹੈ ਕਿਉਂਕਿ ਆਪਣਾ ਭਾਰ 48 ਕਿਲੋਗ੍ਰਾਮ ਤੱਕ ਘੱਟ ਕਰਨਾ ਬਹੁਤ ਔਖਾ ਕੰਮ ਸੀ। ਇਹ ਦੂਜੀ ਵਾਰ ਹੈ ਜਦੋਂ ਸਾਲ ਤੋਂ ਵੀ ਘੱਟ ਸਮੇਂ ਵਿੱਚ ਸ਼੍ਰੇਣੀਆਂ ਵਿੱਚ ਤਬਦੀਲੀ ਕੀਤੀ ਗਈ ਹੈ। ਜਦੋਂ ਆਈ ਡਬਲਿਊ ਐੱਫ ਨੇ ਪਹਿਲਾਂ 49 ਕਿਲੋ ਵਰਗ ਹਟਾਇਆ ਸੀ ਤਾਂ ਚਾਨੂ ਇਸ ਸਾਲ ਦੇ ਸ਼ੁਰੂ ਵਿੱਚ 48 ਕਿਲੋ ਵਰਗ ਵਿੱਚ ਆ ਗਈ ਸੀ; ਹੁਣ 49 ਕਿਲੋ ਵਰਗ ਨੂੰ ਵਿਸ਼ਵ ਚੈਂਪੀਅਨਸ਼ਿਪ ਵਰਗੇ ਮੁਕਾਬਲਿਆਂ ਵਿੱਚ ਮੁੜ ਸ਼ਾਮਲ ਕਰ ਲਿਆ ਗਿਆ ਹੈ, ਹਾਲਾਂਕਿ ਇਹ ਓਲੰਪਿਕ ਵਿੱਚ ਸ਼ਾਮਲ ਨਹੀਂ ਹੋਵੇਗਾ।










